

Driver Needed, Owner op. needed

ਡਰਾਈਵਰਾਂ ਦੀ ਲੋੜ

ਓਨਰ ਅਪਰੇਟਰਾਂ ਦੀ ਲੋੜ

209-479-0242



ਹਫ਼ਤਾਵਾਰੀ

# ਦੇਸ਼ ਦੁਆਬਾ

VOL - 6 ISSUE - 29

October 25, 2017

Postal Address 5101 Doe Hollow Pl., Antelope, CA-95843

www.deshdoaba.com

www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600

Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਮਨਾਏਗੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ 5 ਨਵੰਬਰ ਨੂੰ।

**(ਹੋਰ ਜਾਣਕਾਰੀ ਲਈ ਦੇਖੋ ਸਫਾ 9)**



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਮਨਾਇਆ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ 11ਵਾਂ ਪ੍ਰੀਨਿਰਵਾਣ ਦਿਵਸ

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 11 ਤੇ)**

# ਵਲੇਹੋ 'ਚ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ

## ਸਮਾਗਮ ਦੌਰਾਨ ਆਦਿ-ਮਹਾਂਪੁਰਖਾਂ ਤੇ ਵਰਤਮਾਨ ਰਹਿਬਰਾਂ ਦਾ ਹੋਇਆ ਗੁਣਗਾਨ

**ਵਲੇਹੋ (ਡੀ. ਡੀ. ਬੀ.)–** ਆਦਿ ਕਵੀ ਤੇ ਰਮਾਇਣ ਦੇ ਰਚੇਤਾ ਭਗਵਾਨ ਵਾਲਮੀਕ ਜੀ ਦਾ ਪ੍ਰਕਾਸ਼ ਦਿਹਾੜਾ ਕੈਲੇਫੋਰਨੀਆ ਦੀਆਂ ਸਮੂਹ ਭਗਵਾਨ ਵਾਲਮੀਕ ਨਾਮ ਲੇਵਾ ਸੰਗਤਾਂ ਨੇ ਬੀਤੇ ਐਤਵਾਰ 22 ਅਕਤੂਬਰ ਨੂੰ ਡੈਨ ਫੋਲੇ ਕਲਚਰਲ ਸੈਂਟਰ ਵਲੇਹੋ ਵਿਖੇ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਮਨਾਇਆ ਗਿਆ। ਸਭ ਤੋਂ ਪਹਿਲਾਂ ਭਗਵਾਨ ਵਾਲਮੀਕ ਜੀ ਦੁਆਰਾ ਰਚਿਤ ਰਮਾਇਣ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਤੇ ਇਸ ਉਪਰੰਤ ਵੱਖ ਵੱਖ ਕਲਾਕਾਰਾਂ ਨੇ ਧਾਰਮਿਕ ਸ਼ਬਦ ਤੇ ਗੀਤਾਂ ਨਾਲ ਆਪਣੀਆਂ ਹਾਜ਼ਰੀਆਂ ਭਰੀਆਂ ਅਤੇ ਕਥਾਵਾਚਕ ਨੇ ਕਥਾ ਤੇ ਬੁਲਾਰਿਆਂ ਨੇ ਆਪਣੇ ਨਿੱਜੀ ਤੇ ਇਤਿਹਾਸਕ ਪਹਿਲੂਆਂ ਤੋਂ ਸੰਗਤਾਂ ਨੂੰ ਜਾਣੂ ਕਰਵਾ ਕੇ ਇਕ ਨਵੀਂ ਪਿਰਤ ਪਾਈ।




ਸਭ ਤੋਂ ਪਹਿਲਾਂ ਸ੍ਰੀ ਰਾਜ ਕੁਮਾਰ ਪੰਡੋਰੀ ਅਤੇ ਸ੍ਰੀ ਸੋਡੀ ਨਾਹਰ ਜੀ ਨੇ ਰਮਾਇਣ ਸਾਹਿਬ ਜੀ ਦੇ ਪਾਠ ਪੜ੍ਹੇ। ਉਸ ਉਪਰੰਤ ਪਾਠੀ ਰਾਜ ਕੁਮਾਰ ਪੰਡੋਰੀ ਜੀ ਨੇ ਭਗਵਾਨ ਵਾਲਮੀਕ ਜੀ ਦੀ ਆਰਤੀ ਪੜ੍ਹੀ ਤੇ ਸਰਬੱਤ ਦੇ ਭਲੇ ਲਈ ਅਰਦਾਸ ਕਰਦਿਆਂ ਸਮੂਹ ਮਾਨਵਤਾ ਨੂੰ ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਉਤਸਵ ਮਨਾਏ ਜਾਣ ਦੀਆਂ ਵਧਾਈਆਂ ਦਿੱਤੀਆਂ ਤੇ ਸ਼ੁਭ ਅਵਸਰ ਤੇ ਹਾਜ਼ਰ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਉਪਰੰਤ ਨਾਮਵਰ ਗਾਇਕ ਕਲਾਕਾਰ ਭੁਪਿੰਦਰ ਭਿੰਦਾ, ਸੁਲਤਾਨ ਅਖਤਰ, ਹਰਜੀਤ ਜੀਤੀ, ਰੋਹਤਾਸ਼ ਭਗਾਨੀ, ਵਿਸ਼ਾਲ ਸ਼ਰਬਤੀ, ਬਲਵੀਰ ਧਾਰੀਵਾਲ, ਰਾਜ ਕੁਮਾਰ ਪੰਡੋਰੀ ਅਤੇ ਸ਼ਿਵ ਸਿੱਧੂ ਆਦਿ ਦੇ ਨਾਂ ਵਰਣਨਯੋਗ ਹਨ, ਇਹਨਾਂ ਸਭ ਨੇ ਭਗਵਾਨ ਵਾਲਮੀਕ ਜੀ ਦੇ ਪ੍ਰਕਾਸ਼ ਉਤਸਵ ਨਾਲ ਸਬੰਧਤ ਜਿੱਥੇ ਧਾਰਮਿਕ ਗੀਤ/ਸ਼ਬਦ ਗਾਇਨ ਕੀਤੇ, ਉਥੇ ਖਾਸ ਤੌਰ ਤੇ ਸੁਲਤਾਨ ਅਖਤਰ ਤੇ ਹਰਜੀਤ ਜੀਤੀ ਜੀ ਨੇ ਮਹਾਂਰਿਸ਼ੀ ਸ਼ੰਭੂਕ ਸਬੰਧਤ ਵੀ ਗੀਤ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸੇ ਤਰ੍ਹਾਂ ਕੁੱਲ ਮਿਲਾ ਕੇ ਬੁਲਾਰਿਆਂ ਨੇ ਵੀ ਜਿੱਥੇ


**(ਬਾਕੀ ਖਬਰ ਦੇਖੋ ਸਫਾ 18 ਤੇ)**

**(ਤਸਵੀਰਾਂ ਦੇਖੋ ਸਫਾ 12, 13 'ਤੇ)**


# ਕੈਨੇਡੀ ਦੀ ਮੌਤ ਨਾਲ ਸਬੰਧਤ ਫਾਈਲਾਂ ਹੋਣਗੀਆਂ ਜਨਤਕ

**ਵਾਸ਼ਿੰਗਟਨ–** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਜੌਹਨ ਐਫ ਕੈਨੇਡੀ ਦੇ 1963 ਵਿੱਚ ਹੋਏ ਕਤਲ ਬਾਰੇ ਲੰਮੇ ਸਮੇਂ ਤੋਂ ਗੁਪਤ ਰੱਖੀਆਂ ਫਾਈਲਾਂ ਨੂੰ ਉਹ ਪਹਿਲੀ ਦਫ਼ਾ ਜਨਤਕ ਕਰਨ ਦੀ ਆਗਿਆ ਦੇਣਗੇ। ਆਧੁਨਿਕ ਅਮਰੀਕੀ ਇਤਿਹਾਸ ਦੀਆਂ ਅਹਿਮ ਘਟਨਾਵਾਂ ਵਿੱਚੋਂ ਇਕ 22 ਨਵੰਬਰ 1963 ਨੂੰ ਵਾਪਰੀ ਇਸ ਘਟਨਾ ਬਾਰੇ ਸਰਕਾਰੀ ਪੱਖ ਮੁਤਾਬਕ ਕੈਨੇਡੀ ਦੀ ਹੱਤਿਆ ਸਿਰਫ਼ ਇਕੋ ਬੰਦੂਕਧਾਰੀ ਲੀ ਹਾਰਵੇ ਓਸਵਾਲਡ ਨੇ ਕੀਤੀ ਪਰ ਕਈ ਹੋਰ ਥਿਊਰੀਆਂ ਇਸ ਨੂੰ ਚੁਣੌਤੀ ਦਿੰਦੀਆਂ ਹਨ। ਇਸ ਲਈ ਇਤਿਹਾਸਕਾਰਾਂ ਵੱਲੋਂ ਇਨ੍ਹਾਂ ਸਾਰੇ ਗੁਪਤ ਦਸਤਾਵੇਜ਼ਾਂ ਦੇ ਜਾਰੀ ਹੋਣ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ।

ਟਰੰਪ ਦਾ ਐਲਾਨ ਉਨ੍ਹਾਂ ਰਿਪੋਰਟਾਂ ਦਰਮਿਆਨ ਆਇਆ, ਜਿਨ੍ਹਾਂ ਵਿੱਚ ਆਖਿਆ ਗਿਆ ਕਿ ਸਬੰਧਤ ਖ਼ੁਫ਼ੀਆ ਸਰੋਤਾਂ ਤੇ ਤਰੀਕਿਆਂ ਦੀ ਰਾਖੀ ਲਈ ਸਾਰੀਆਂ ਫਾਈਲਾਂ ਜਾਰੀ ਨਹੀਂ ਹੋਣਗੀਆਂ, ਜਦੋਂ ਕਿ ਜਾਪਦਾ ਹੈ ਕਿ ਟਰੰਪ ਨੇ ਸਾਰੀਆਂ ਫਾਈਲਾਂ ਜਨਤਕ ਕਰਨ ਦਾ ਫੈਸਲਾ ਕੀਤਾ ਹੈ। ਇਨ੍ਹਾਂ ਫਾਈਲਾਂ ਨੂੰ ਕੈਨੇਡੀ ਦੀ ਡਲਾਸ ਵਿੱਚ ਹੋਈ ਹੱਤਿਆ ਨੂੰ ਪੂਰੇ 54 ਸਾਲ ਹੋਣ ਮੌਕੇ ਵੀਰਵਾਰ ਨੂੰ ਜਾਰੀ ਕੀਤਾ ਜਾ ਸਕਦਾ ਹੈ।




MANDEEP SANDHU

SANDHU IMMIGRATION CONSULTANT

ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ

Passports, Visas, Green Cards, Sponsorship, Immigration Forms, Citizenship, Spouse/Family Petitions, Study Visas

All Kinds of Immigration Forms/Petitions/Visa

ਵੀਜ਼ਾ

WE OPEN 7-DAYS A WEEK

Note: I am not an Immigration Attorney. msandhu2014@gmail.com (CST# 2122162-50)

"We sell International and Domestic Airline Tickets on Low Airfares"

(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS

SINCE 1996

916-912-8842, 916-329-8772

jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823



Sandeep Jony Bagga



BERKSHIRE HATHAWAY Home Services

ELITE REAL ESTATE

* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।

** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਆਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;

Shangara Ram

Realtor CalBRE# 01969522

Cell: 916-479-5587

Fax # 916-721-2373

Office: 916-681-5112

shangararam2@gmail.com

7412 Elsie Ave., Sacramento, CA 95828

Jaspreet Singh

Attorney at Law USA

Over 18 years of Legal Experience

USA Immigration, Citizenship, Green Card, Deportation defense, Political Asylum

Specilized in: Detention cases, Artists, Singers P3 visas, Priest R1 visas

Investor EB 5 visas, L1 Business visas, Family law, Criminal Defense cases.

Offices

New York: 37-18 73 Street Suite # 401 Jackson Heights Ny 11372 Phone : 718-533-8444

Fremont: 44790 S Grimmer Blvd # 208 Fremont CA 94538 Phone : 510-657-6444

Fresno: 4491 W Shaw ave # 131 Fresno CA 93711 Phone : 559-271-5511

Sacramento: 2901 W Capitol ave West Sacramento CA 95691 Phone : 916-385-2288



Jaspreet Singh

Email : jaspreetsinghlawoffice@gmail.com

SAROAY INVESTMENT REALTY

Ram Saroay

Broker/Realtor

Business License 031035

ramsaroay@hotmail.com



39039 Paseo Padre Parkway Suite # 205 Fremont, CA 94538

Office: (510) 742-8120, Cell; (510) 368-3983

RE/MAX Gold

Each Office Independently Owned and Operated

Cell: 916-628-2210

Fax: 916-745-3424

Office: 916-285-1000

Dil Nijjar

REALTOR ®

CalBRE # 01418648

Email: Dil.Realtor@gmai,.com

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ



2081 Arena Blvd # 100 Sacramento, CA 95834

Amrik Chand (CPA)

Phone : 510-490-8200

Fax : 510-490-8202

Email : achand@pacbell.net

Income Tax Preparation (Individual, Corporation & LLC)

Payroll Services & Bookkeeping Services

* We are in this business since 1989.

Your satisfaction is our goal.



* Please call us for Professional & reliable services at reasonable rates.

959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders




CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!




Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS




ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN 7 DAYS A WEEK 9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਸਿੱਖ ਪਹਿਚਾਣ ਨੂੰ ਮੁੱਖ ਰੱਖਕੇ ਸਿੱਖ ਰਾਈਡਰਜ ਵੱਲੋਂ ਬੇਕਰਸਫੀਲਡ ਵਿਖੇ ਕਰਵਾਈ 5ਵੀ ਬਾਈਕ ਰੈਲੀ ਯਾਦਗਾਰੀ ਹੋ ਨਿਬੜੀ






**ਬੇਕਰਸਫੀਲਡ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆ–** ਸਿੱਖ ਰਾਈਡਰਜ ਆਫ਼ ਅਮਰੀਕਾ ਨਾਮੀ ਮੋਟਰਸਾਈਕਲ ਕਲੱਬ ਬੇਕਰਸਫੀਲਡ ਵਿੱਚ ਵਿਸਕਾਨਸਿਨ ਗੁਰੂਘਰ ਵਿੱਖੇ ਹੋਏ ਨਸਲੀ ਹਮਲੇ ਪਿੱਛੋਂ ਹੋਂਦ ਵਿੱਚ ਆਇਆ ਸੀ, ਇਸ ਗਰੁਪ ਵੱਲੋਂ ਅਮਰੀਕਾ ਦੇ ਵੱਖੋਂ ਵੱਖ ਸ਼ਹਿਰਾਂ ਵਿੱਚ ਪਹੁੰਚਕੇ ਅਮਰੀਕਨ ਲੋਕਾਂ ਨੂੰ ਸਿੱਖ ਪਹਿਚਾਣ ਸਬੰਧੀ ਜਾਣੂ ਕਰਵਾਇਆ ਜਾਂਦਾ ਹੈ।

ਹਰ ਸਾਲ ਸਿੱਖ ਰਾਈਡਰਜ ਵੱਲੋਂ ਅਮਰੀਕਨ ਲੋਕਾਂ ਦੇ ਵੱਖੋ ਵੱਖ ਸਮਾਗਮਾਂ ਵਿੱਚ ਪਹੁੰਚਕੇ ਸਿੱਖ ਧਰਮ ਨੂੰ ਪ੍ਰਫੁੱਲਿਤ ਕਰਨ ਲਈ ਸਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ, ਇਸੇ ਕੜੀ ਤਹਿਤ ਲੰਘੇ ਸਨੀਵਾਰ ਬੇਕਰਸਫੀਲਡ ਵਿਖੇ ਸਿੱਖ ਰਾਈਡਰਜ ਆਫ਼ ਅਮਰੀਕਾ ਦੇ ਕਾਰਕੁਨਾਂ ਵੱਲੋਂ ਸ਼ਾਨਦਾਰ 5ਵੀ ਮੋਟਰ-ਸਾਇਕਲ ਰੈਲੀ ਦਾ ਅਯੋਜਨ ਸਥਾਨਿਕ ਹਾਰਲੀ ਡੇਵਿਡਸਨ ਮੋਟਰ ਸਾਈਕਲ ਡੀਲਰਸ਼ਿੱਪ ਤੇ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਮੋਟਰਸਾਈਕਲ ਸਵਾਰਾਂ ਨੇ ਭਾਗ ਲਿਆ ਅਤੇ ਕੁੱਲ 500 ਦੇ ਕਰੀਬ ਅਮਰੀਕਨ ਲੋਕਾਂ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ।

ਇਸ ਰੈਲੀ ਦੌਰਾਨ 3 ਲੋਕਲ ਲਾਅ ਇੰਨਫੋਰਸਮੈਂਟ ਏਜੰਸੀਆਂ ਲਈ ਫੰਡ ਇਕੱਤਰ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਬੁਲਾਰਿਆਂ ਨੇ ਦੱਸਿਆ ਕਿ ਇਸ ਸਾਲ ਇਸ ਮੌਕੇ ਖਾਸ ਤੌਰ ਤੇ ਲੱਗੇ ਸਿੱਖ ਰਾਈਡਰਜ ਬੂਥ ਤੋਂ ਸਿੱਖ ਧਰਮ ਅਤੇ ਦਸਤਾਰ ਪ੍ਰਤੀ ਜਾਣਕਾਰੀ ਭਰਪੂਰ ਪੈਂਫਲਿੱਟ ਵੀ ਵੰਡੇ ਗਏ। ਪਾਣੀ ਦੀਆਂ ਬੋਤਲਾਂ ਅਤੇ ਹੋਰ ਸਨੈਕ ਵਗੈਰਾ ਦਾ ਵੀ ਸਿੱਖ ਰਾਈਡਰਜ ਵੱਲੋਂ ਖਾਸ ਪ੍ਰਬੰਧ ਕੀਤਾ ਗਿਆ ਸੀ, ਇਹਦੇ ਨਾਲ ਨਾਲ ਬਰੇਕਫਾਸਟ ਅਤੇ ਲੰਚ ਵੀ ਸਿੱਖ ਰਾਈਡਰਜ ਵੱਲੋਂ ਸਰਵ ਕੀਤਾ ਗਿਆ। ਇਸ ਪਿੱਛੋਂ ਇਹ ਰੈਲੀ BOYS AND GIRLS ਪਾਰਕ ਬੇਕਰਸਫੀਲਡ ਵਿੱਖੇ ਪਹੁੰਚੀ ਜਿਥੇ ਪੰਜਾਬੀ ਗੀਤਾ ਤੇ ਭੰਗੜਾ ਪਾਉਦੇ ਗੋਰੇ ਸਿੱਖ ਲਿਟਰੇਚਰ ਲੈਕੇ ਖੁਸ਼ੀ ਖੁਸ਼ੀ ਘਰੋ ਘਰੀ ਪਰਤੇ।

ਇਸ ਮੌਕੇ ਬਹੁਤ ਸਾਰੇ ਗੋਰੇ ਜਿਹੜੇ ਸਿੱਖ ਧਰਮ ਤੋਂ ਅਣਜਾਣ ਸਨ, ਸਿੱਖ ਧਰਮ ਪ੍ਰਤੀ ਜਾਣਕੇ ਬਹੁਤ ਪ੍ਰਭਾਵਿਤ ਹੋਏ ਅਤੇ ਸਿੱਖ ਰਾਈਡਰਜ ਦੇ ਇਸ ਉਪਰਾਲੇ ਦੀ ਉਹਨਾਂ ਭਰਪੂਰ ਸਲਾਘਾ ਕੀਤੀ। ਇਸ ਮੌਕੇ ਗੋਰਿਆਂ ਦੇ ਬੈਂਡ ਤੌਂ ਬਿਨਾਂ ਪੰਜਾਬੀ ਲੋਕ ਗਾਇਕ ਬੱਬੂ ਗੁਰਪਾਲ ਨੇ ਵੀ ਆਪਣੀ ਗਾਇਕੀ ਦੀ ਜਾਦੂ ਬਖੇਰਿਆ।

# ਉਸਤਾਦ ਲਾਲ ਚੰਦ ਯਮਲਾ ਜੱਟ 17 ਵਾਂ ਮੇਲਾ ਯਾਦਗਾਰੀ ਹੋ ਨਿਬੜਿਆ

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਕੈਲੀਫੋਰਨੀਆਂ ਦੀ ਸ਼ੈਟਰਲ ਵੈਲੀ ਦੇ ਸ਼ਹਿਰ ਫਾਊਲਰ ਵਿਖੇ ਉਸਤਾਦ ਲਾਲ ਚੰਦ ਯਮਲਾ ਜੱਟ ਨੂੰ ਸਮਰਪਿਤ 17 ਵਾਂ ਯਾਦਗਾਰੀ ਮੇਲਾ 'ਪੈਨਜੈਕ ਪਾਰਕ' ਵਿਖੇ ਹੋਇਆ।






ਇਸ ਵਿੱਚ ਇਲਾਕੇ ਭਰ ਦੀਆਂ ਵੱਖ-ਵੱਖ ਸੱਭਿਆਚਾਰਕ ਅਤੇ ਰਾਜਨੀਤਿਕ ਸੰਸਥਾਵਾਂ ਅਤੇ ਸਮੂੰਹ ਪੰਜਾਬੀਅਤ ਨੇ ਸਿਰਕਤ ਕੀਤੀ। ਜਿਸ ਦੀ ਰਸ਼ਮੀ ਸੁਰੂਆਤ ਵਿਸ਼ੇਸ਼ ਤੌਰ 'ਤੇ ਪੰਜਾਬ ਤੋਂ ਆਏ ਪੋਫੈਸ਼ਰ ਗੁਰਭਜਨ ਸਿੰਘ ਗਿੱਲ ਅਤੇ ਹੋਰਨਾਂ ਨੇ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਤਸਵੀਰ 'ਤੇ ਫੁੱਲਾਂ ਦੇ ਹਾਰ ਪਾਉਣ ਨਾਲ ਕੀਤੀ। ਇਸ ਉਪਰੰਤ ਯਮਲਾ ਜੀ ਦੇ ਸਗਿਰਦ ਅਤੇ ਮੇਲੇ ਦੇ ਮੁੱਖ ਪ੍ਰਬੰਧਕ ਰਾਜ ਬਰਾੜ ਨੇ ਧਾਰਮਿਕ ਗੀਤਾ ਰਾਹੀ ਹਾਜ਼ਰੀ ਭਰੀ। ਇਸ ਉਪਰੰਤ ਸੁਰੂ ਹੋਇਆ ਗਾਇਕੀ ਦਾ ਖੁਲ੍ਹਾਂ ਅਖਾੜਾ ਜਿਸ ਵਿੱਚ ਬੁਲੰਦ ਆਵਾਜ਼ ਦੀ ਮਾਲਕ ਬੀਬੀ ਜੋਤ ਰਣਜੀਤ ਨੇ ਕਵੀਸ਼ਰੀ ਵਾਰਾ ਅਤੇ ਹਰਦੇਵਿ ਸੰਘਾਂ ਸੱਧੂ ਨੇ ਧਾਰਮਿਕ ਗੀਤ ਗਾਏ। ਇਸ ਬਾਅਦ ਦਿਲਦਾਰ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣਾ ਗਿੱਲ ਅਤੇ ਕੰਤਾ ਸਹੋਤਾ ਨੇ ਖੁੱਲਾ ਅਖਾੜਾ ਲਿਆ। ਬਾਕੀ ਗਾਇਕਾਂ ਵਿੱਚ ਸੁਲਤਾਨ ਅਖਤਰ ਅਤੇ ਗੁਰਜੀਤ ਜੀਤੀ ਨੇ ਦੋਗਾਣੇ, ਰਵੀ ਰੰਧਾਵਾ, ਅਕਾਸਦੀਪ ਅਕਾਸ, ਜਸਵੰਤਿ ਸੰਘ, ਸੁਰਜੀਤ ਮਾਛੀਵਾੜਾ, ਰਾਜ ਬਰਾੜ,




ਪੱਪੀ ਭਦੌੜ ਆਦਿਕ ਕਲਾਕਾਰਾ ਨੇ ਖੂਬ ਰੰਗ ਬੰਨਿਆ। ਇਸ ਸਮੇਂ ਬੁਲਾਰਿਆਂ ਅਤੇ ਮਹਿਮਾਨਾਂ ਵਿੱਚ ਮੁੱਖ ਮਹਿਮਾਨ ਪ੍ਰੋ. ਗੁਰਭਜਨਿ ਗੱਲ, ਅਸ਼ੋਕ ਐਸ. ਭੌਰਾ, ਡਾ. ਹਰਮੇਸ ਕੁਮਾਰ, ਵਿਕ੍ਰਮ ਵੋਹਰਾ, ਰੌਣਕ ਸਿੰਘ, ਸੁਖਵਿੰਦਰ ਸੰਘੇੜਾ, ਰੌਣਕ ਸਿੰਘ, ਨਰਿੰਦਰਪਾਲ ਹੁੰਦਲ, ਹਰਿੰਦਰ ਹੁੰਦਲ, ਵਿਕਰਮ ਵੋਹਰਾ, ਵਿਨੈ ਵੋਹਰਾ, ਜਗਜੀਤ ਸਿੰਘ ਥਿੰਦ ਆਦਿਕ ਨੇ ਹਾਜ਼ਰੀ ਭਰੀ। ਇਸ ਮੇਲੇ ਸੋ੍ਮਣੀ ਅਕਾਲੀ ਬਾਦਲ ਦੇ ਸਥਾਨਿਕ ਆਗੂ ਵੋਹਰਾ ਬ੍ਰਦਰਜ਼ ਵੱਲੋਂ ਬਤੌਰ ਗਰੈਡ ਸਪਾਂਸਰ ਸਹਿਯੋਗ ਦਿੱਤਾ ਗਿਆ ਸੀ। ਇਸ ਮੇਲੇ ਵਿੱਚ ਆਮ ਲੋਕਾਂ ਨਾਲੋਂ ਜਿਆਦਾ ਸਮੁੱਚੇ ਅਕਾਲੀ ਦਲ ਦੇ ਵਰਕਰਾਂ ਵੱਲੋਂ ਸਿਰਕਤ ਕੀਤੀ ਗਈ ਸੀ। ਜਿਸ ਕਰਕੇ ਇਹ ਮੇਲਾ ਇਸ ਸਾਲ ਅਕਾਲੀ ਦਲ ਦੀ ਕਾਨਫਰੰਸ ਹੋ ਨਿਬੜਿਆ। ਵੀਡੀਉ ਸੇਵਾ ਸ਼ਿਆਰਾ ਸਿੰਘ ਢੀਡਸਾ 'ਉਮਨੀ ਵੀਡੀਉ ਬੇਕਰਸ਼ਫੀਲਡ' ਨੇ ਨਿਭਾਈ। ਜਦਕਿ ਮੇਲੇ ਦੌਰਾਨ ਸਟੇਜ ਸੰਚਾਲਨ ਮਰਹੂਮ ਗਾਇਕ ਕੁਲਦੀਪ ਮਾਣਕ ਦੀ ਪੁੱਤਰੀ ਸ਼ਕਤੀ ਮਾਣਕ ਅਤੇ ਕੁਲਵੰਤ ਧਾਲੀਆਂ ਨੇ ਬਾਖ਼ੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ।


## ਯੋਗ ਵਰ ਦੀ ਲੋੜ

JATT SIKH parents seeking suitable match for their handsome son residing in India, 26 years, 6'3 tall. Degrees in Bachelors of Business and MBA. Political family background. Farming, Property and Commission Agents Business(Aahartiya) in Ludhiana district. Parents have PR in USA and living in California. Preferred well-qualified tall beautiful girl from USA. Email - navneetbhandal@gmail.com Pho ne - 916-992-4538

About Girl: She is a graduate in BDS and MBA in Hospital Management. She is presently working in a Business Process Management MNC in Gurgaon, Haryana. She is a fun loving, independent girl with modern outlook while respecting Indian traditions and culture. Having a family is most important but she likes keeping balance between family and friends. She believes in having own opinions while respecting others at the same time. She loves travelling and trying new cuisines and believes in enjoying every moment of life. Her other interests include reading novels, poetry and music.

DOB: Born 1987
Place of Birth: New Delhi
Highest Qualification: MBA (Hospital management, Jaipur); 2012-2014
Graduation: BDS (Punjab); 2004-2009
Height: 5'5"
Complexion: Fair
Built: Average
Lifestyle Habits: Non vegetarian, No Smoking, No Alcohol
Family: Upper middle class close knit family presently residing in Gurgaon. A parent belongs to Uttar Pradesh but settled in Gurgaon
Caste: Jatav (SC)
Father: Mr. Sagar Singh (Ex-Sr. manager, PSU Bank)
Mother: Mrs. Vimlesh Singh (Home Maker)
Siblings: 2 elder brothers (Both IIT, Ph.D. (USA); Both Married settled in USA

**Contact details:**
**Sagar Singh, 91- 88266-30304**
**sagarsingh1956@gmail.com**


# ਸਿੱਖ ਕੌਂਸਲ ਆਫ ਕੈਲੀਫੋਰਨੀਆ ਨੇ 12500 ਡਾਲਰ ਦੀ ਦਿੱਤੀ ਸਹਾਇਤਾ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਸਿੱਖ ਕੌਸ਼ਲ ਆਫ ਕੈਲੀਫੋਰਨੀਆ ਦੁਆਰਾ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਇਕ ਸੰਖੇਪ ਵਿਸ਼ੇਸ਼ ਸਮਾਗਮ ਕੀਤਾ ਗਿਆ। ਜਿਸ ਵਿੱਚ ਪੰਜਾਬੀ ਭਾਈਚਾਰੇ ਦੇ ਕੁਝ ਨੁਮਾਇੰਦਿਆ ਤੋਂ ਇਲਾਵਾ ਅਮੈਰੀਕਨ ਰੈੱਡ ਕਰਾਸ ਦੇ ਅਧਿਕਾਰੀਆਂ ਨੇ ਵੀ ਹਾਜ਼ਰੀ ਭਰੀ। ਜਿਸ ਦਾ ਮਕਸਦ ਬੀਤੇ ਸਮੇਂ ਦੌਰਾਨ ਅਮਰੀਕਾ ਅੰਦਰ ਬੀਤੇ ਕੁਝ ਸਮੇਂ ਤੋਂ ਆਏ ਕੁਦਰਤ ਦੇ ਕਹਿਰ ਜਿਵੇ ਭੁਚਾਲ, ਪਾਣੀ ਦੀ ਮਾਰ ਅਤੇ ਅੱਗ ਦੁਆਰਾ ਹੋਏ ਪੀੜਤਾਂ ਦੀ ਮਦਦ ਕਰਨਾ ਸੀ। ਇਸ ਸਮੇਂ "ਸਿੱਖ ਕੌਸ਼ਲ ਆਫ ਕੈਲੀਫੋਰਨੀਆ" ਵੱਲੋਂ ਅਮਰੀਕਨ ਸਮਾਜ ਭਲਾਈ, ਲੋੜਵੰਦਾਂ ਦੀ ਮਦਦ ਅਤੇ ਸਿੱਖ ਪਹਿਚਾਣ ਲਈ ਸੇਵਾਵਾਂ ਨਿਭਾ ਰਹੀ ਸੰਸਥਾ 'ਯੂਨਾਈਟਿਡ ਸਿੱਖ' ਨੂੰ ਦਸ ਹਜ਼ਾਰ ਡਾਲਰ (10000) ਡਾਲਰ ਦਾ ਚੈਂਕ ਅਤੇ 'ਅਮੈਰੀਕਨ ਰੈਂਡ ਕਰਾਸ' ਨੂੰ ਪੰਚੀ ਸੌ ਡਾਲਰ ਦਾ ਚੈਂਕ (2500) ਦਾਨ ਵਜੋਂ ਦਿੱਤੇ ਗਏ। ਇਹ ਕੁੱਲ ਮਿਲਾ ਕੇ 12500 ਡਾਲਰ ਦੀ ਸਮੁੱਚੀ ਸਹਾਇਤਾ ਕੀਤੀ ਗਈ। ਇਸ ਸਮਾਗਮ ਦੌਰਾਨ ਸਿੱਖ ਕੌਸ਼ਲ ਦੇ ਮੈਂਬਰ ਅਤੇ ਪ੍ਰਮੁੱਖ ਸ਼ਖ਼ਸੀਅਤਾ ਵਿੱਚ ਸੁਖਦੇਵ ਸਿੰਘ ਚੀਮਾਂ, ਅਮਰੀਕ ਸਿੰਘ ਵਿਰਕ, ਗੁਰਦੇਵ ਸਿੰਘ ਮੁਹਾਰ, ਮੋਹਨ ਸਿੰਘ ਬਦੇਸਾ, ਇਕਬਾਲ ਸਿੰਘ ਗਰੇਵਾਲ, ਹਰਦੇਵ ਸਿੰਘ ਗਿੱਲ, ਗੁਰਬਚਨ ਸਿੰਘ, ਰਾਜਵਿੰਦਰ ਸਿੰਘ ਬਰਾੜ, ਅੰਮ੍ਰਿਤਪਾਲ ਸਿੰਘ ਬਦੇਸਾ ਅਤੇ ਅਮੈਰੀਕਨ ਰੈਂਡ ਕਰਾਸ ਦੇ ਮੁੱਖ ਅਧਿਕਾਰੀ ਮਿਸਟਰ ਰੌਬ ਸਕੂਮਨ ਅਤੇ ਮਿਸਟਰ ਬੈਰੀ ਆਦਿਕ ਹਾਜ਼ਰ ਸਨ।



# ਈ ਜ਼ੀ ਸਲੂਸ਼ਨ (EZ SOLUTIONS) ਵੱਲੋਂ ਫਰਿਜ਼ਨੋ ਵਿਖੇ ਈ ਐਲ ਡੀ ਜਾਗ੍ਰਿਤੀ ਪ੍ਰੋਗਰਾਮ ਕਰਵਾਇਆ ਗਿਆ

















**ਫਰਿਜ਼ਨੋ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆ–** ਅਮਰੀਕਾ ਵਿੱਚ ਲੰਮੇ ਰੂਟ ਵਾਲੇ ਟਰੱਕਾਂ ਵਿੱਚ 18 ਦਸੰਬਰ ਨੂੰ ਲੱਗ ਰਹੀ ਲਾਗ ਬੁੱਕ ਨੂੰ ਲੈ ਕੇ ਫਰਿਜ਼ਨੋ ਵਿਖੇ ਈਜੀ ਈਐਲਡੀ ਸਲੂਸ਼ਨ ਵੱਲੋਂ ਲੰਘੇ ਐਂਤਵਾਰ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿੱਚ ਡਰਾਇਵਰ ਵੀਰਾ ਨੂੰ ਨਵੀ ਤਕਨੀਕ ਸਬੰਧੀ ਜਾਗੁਰਕ ਕਰਨ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ।

ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਡਰਾਈਵਰਾਂ ਨੂੰ ਇਹ ਭੁਲੇਖਾ ਕੱਢ ਦੇਣਾ ਚਾਹੀਦਾ ਕਿ ਲਾਗ ਬੁੱਕ ਇਲੈਕਟਰਾਨਿਕ ਨਹੀ ਹੋਵੇਗੀ। ਹੁਣ ਸਮਾਂ ਆ ਗਿਆ ਹੈ ਕਿ ਇਹਦੇ ਲਈ ਤਿਆਰ ਹੋਇਆ ਜਾਵੇ। ਇਸ ਮੌਕੇ ਕੈਲੇਫੋਰਨੀਆ ਹਾਈਵੇਅ ਪਟਰੋਲ ਅਫਸਰ ਕਰੈਸਿਟੇਫਰ ਟੂਟਲ (Christopher Tuttle) ਨੇ ਈਐਲਡੀ ਸਬੰਧੀ ਲੰਮੀ ਚੌੜੀ ਜਾਣਕਾਰੀ ਡਰਾਈਵਰਾਂ ਨਾਲ ਸਾਂਝੀ ਕੀਤੀ ਤੇ ਠਰੰਮੇ ਨਾਲ ਡਰਾਈਵਰਾਂ ਦੇ ਸਵਾਲਾਂ ਦੇ ਜੁਆਬ ਦਿੱਤੇ ।

ਇਸ ਸਮੇਂ ਈਸ਼ਰ ਸਿੰਘ ਅਤੇ ਪਰਮਬੀਰ ਬਰਾਹ ਨੇ ਵੀ ਈਐਲਡੀ ਸਬੰਧੀ ਜਾਣਕਾਰੀ ਡਰਾਈਵਰਾਂ ਨਾਲ ਸਾਂਝੀ ਕੀਤੀ। ਉੱਘੇ ਟਰਾਂਸਪੋਰਟ ਪਾਲ ਸਹੋਤਾ, ਮਨਜੀਤ ਸਿੰਘ ਡੀਜ਼ਲ ਮਕੈਨਿਕ ਅਤੇ ਫਾਰਮਰ ਇੰਸ਼ੋਰੈਂਸ ਵਾਲੇ ਜਗਦੀਪ ਸਿੰਘ ਨੇ ਆਪਣੇ ਵਿਚਾਰ ਆਏ ਡਰਾਈਵਰ ਵੀਰਾਂ ਨਾਲ ਸਾਂਝੇ ਕੀਤੇ।



# ਨਾਟਕ "ਕਿਸਾਨ ਖ਼ੁਦਕੁਸ਼ੀ ਦੇ ਮੋੜ ਤੇ" ਦਾ ਫਰਿਜ਼ਨੋ ਵਿਖੇ ਸਫਲ ਮੰਚਨ



**ਫਰਿਜ਼ਨੋ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆ–** ਪੰਜਾਬ ਦੇ ਕਿਸਾਨ ਦੀ ਆਰਥਿਕ ਤੇ ਸਮਾਜਿਕ ਦੁਰਦਸ਼ਾ ਨੂੰ ਬਿਆਨਦਾ ਅਸ਼ੋਕ ਟਾਂਗਰੀ ਦੁਆਰਾ ਨਿਰਦੇਸ਼ਤ ਤੇ ਤਾਰਾ ਸਾਗਰ ਦੀ ਪੇਸ਼ਕਸ਼ ਨਾਟਕ ਕਿਸਾਨ ਖ਼ੁਦਕੁਸ਼ੀ ਦੇ ਮੋੜ ਤੇ ਫਰਿਜ਼ਨੋ ਦੇ ਵੈਟਰਨ ਮੈਮੋਰੀਅਲ ਹਾਲ ਵਿੱਚ ਖੇਡਿਆ ਗਿਆ। ਬਾ–ਕਮਾਲ ਪੇਸ਼ਕਾਰੀ..! ਇੱਕ ਕਿਸਾਨ ਦੇ ਜੀਵਨ ਦਾ ਐਸਾ ਚਿਤਰਨ ਸਿਰਜਿਆ ਕਿ ਦਰਸ਼ਕ ਬਹੁਤ ਵਾਰੀ ਰੋਏ ਤੇ ਬਹੁਤ ਵਾਰੀ ਹੱਸੇ।

ਟਾਂਗਰੀ ਸਾਬ੍ਹ ਨੇ ਖ਼ੁਦ ਇੱਕ ਅਮਲੀ ਦਾ ਰੋਲ ਕੀਤਾ ਜਿਸਨੂੰ ਨੂੰ ਉਹਨਾਂ ਬਹੁਤ ਸ਼ਿੱਦਤ ਨਾਲ ਨਿਭਾਇਆ। ਜਸਵੰਤ ਸਾਦ ਨੇ ਨਾਟਕ ਦੇ ਮੁੱਖ ਪਾਤਰ ਜਾਣੀ ਕਿਸਾਨ ਦਾ ਰੋਲ ਕਰਕੇ ਨਾਟਕ ਵਿੱਚ ਨਵੀ ਰੂਹ ਫੂਕ ਦਿੱਤੀ। ਡਿੰਪਲ ਬੈਂਸ ਜਿਹਨਾਂ ਨੇ ਕਿਸਾਨ ਦੀ ਪਤਨੀ ਦਾ ਰੋਲ ਕੀਤਾ ਉਹਨਾਂ ਵੀ ਆਪਣੀ ਐਕਟਿੰਗ ਪੱਖੋਂ ਕੋਈ ਕਸਰ ਬਾਕੀ ਨਹੀ ਛੱਡੀ। ਸੋਨੂੰ ਬੈਂਸ ਵੀ ਭਈਏ ਦੇ ਰੋਲ ਚੋ ਪੂਰਾ ਜਚਿਆ। ਜੱਸੀ ਢਿੱਲੋਂ ਜਿਸਨੇ ਕਿਸਾਨ ਦੇ ਬੇਟੇ ਦਾ ਰੋਲ ਕੀਤਾ ਤੇ ਅਦਾਕਾਰੀ ਦੀ ਇੱਕ ਵੱਖਰੀ ਸ਼ਾਪ ਛੱਡ ਗਿਆ। ਬੱਚੀ ਜਾਨਵੀ ਬੈਂਸ ਨੇ ਕਿਸਾਨ ਦੀ ਲੜਕੀ ਦਾ ਰੋਲ ਬਾਖੂਬੀ ਅਦਾ ਕੀਤਾ। ਸੈੱਟ ਐਨਾ ਜ਼ਬਰਦਸਤ ਲਾਇਆ ਸੀ ਕਿ ਵਾਕਿਆ 'ਚ ਪੰਜਾਬ ਦੇ ਕਿਸੇ ਘਰ ਦਾ ਭੁਲੇਖਾ ਪਾਉਂਦਾ ਸੀ।

ਕਿਸਾਨ ਦੇ ਜੀਵਨ ਦੇ ਆਲੇ ਦੁਆਲਾ ਘੁੰਮਦਾ ਇਹ ਨਾਟਕ ਇੱਕ ਵਾਰ ਤਾਂ ਹਰ ਦਰਸ਼ਕ ਨੂੰ ਸੱਚੀ ਪੰਜਾਬ ਲੈ ਗਿਆ। ਨਾਟਕ ਓਹੀ ਹੁੰਦਾ ਜੋ ਦਰਸ਼ਕ ਨੂੰ ਉਂਗਲ ਫੜਕੇ ਨਾਲ ਤੋਰ ਲਵੇ। ਸੁਰੂ ਤੋਂ ਲੈ ਕੇ ਅਖੀਰ ਤੱਕ ਹਰ ਇੱਕ ਸੀਨ ਤੇ ਦਰਸ਼ਕਾਂ ਨੇ ਆਪ ਮੁਹਾਰੇ ਤਾੜੀਆਂ ਮਾਰੀਆਂ। ਇਸ ਨਾਟਕ ਵਿੱਚ ਵਿਖਾਇਆ ਗਿਆ ਕਿ ਕਿਵੇਂ ਇੱਕ ਕਿਸਾਨ ਦਾ ਹੱਸਦਾ ਵਸਦਾ ਘਰ ਕੁਝ ਸਰਕਾਰਾਂ, ਕੁਝ ਕੁ ਸਮਾਜ ਤੇ ਕੁਝ ਕੁ ਓਹਦੀਆਂ ਆਪਣੀਆਂ ਗਲਤੀਆਂ ਕਰਕੇ ਇੱਕ ਤਰਾਂ ਨਾਲ ਉੱਜੜ ਜਾਂਦਾ ਹੈ। ਧੀਆਂ ਪੁੱਤਰਾਂ ਦੇ ਵਿਆਹਾਂ ਦਾ ਕਰਜ਼ਾ ਤੇ ਮੰਡੀਆਂ ਵਿੱਚ ਹੁੰਦੀ ਕਿਸਾਨ ਦੀ ਸਰਕਾਰੀ ਲੁੱਟ ਹੀ ਕਿਸਾਨ ਦੇ ਗਲ੍ਹ ਦਾ ਫੰਦਾ ਬਣ ਜਾਂਦੀ ਹੈ। ਡਾਕਟਰ ਹਰਮੇਸ਼ ਅਤੇ ਗੁਰਦੀਪ ਸ਼ੇਰਗਿੱਲ ਵੀ ਸਟੇਜ ਤੋਂ ਮੁਖਾਤਿਬ ਹੋਏ। ਸਟੇਜ ਸੰਚਾਲਨ ਉੱਘੇ ਸ਼ਾਇਰ ਹਰਜਿੰਦਰ ਕੰਗ ਨੇ ਕੀਤਾ। ਅਖੀਰ ਅਮਿੱਟ ਪੈੜਾਂ ਛੱਡਦਾ ਇਹ ਪਲੇਅ ਯਾਦਗਾਰੀ ਹੋ ਨਿਬੜਿਆ। ਇਕੱਲੇ ਇਕੱਲੇ ਕਿਰਦਾਰ ਨੂੰ ਜਿਸ ਤਰੀਕੇ ਨਾਲ ਸਭਨਾਂ ਕਲਾਕਾਰਾਂ ਨੇ ਨਿਭਾਇਆ ਸਭ ਦੀ ਸਿਫ਼ਤ ਕਰਨੀ ਬਣਦੀ ਹੈ। ਇਹ ਨਾਟਕ ਜੀ ਐਚ ਜੀ ਅਕੈਡਮੀ ਤੇ ਇੰਡੋ ਯੂ ਐਸ ਹੈਰੀਟੇਜ ਤੇ ਇੰਡੋ ਅਮੈਰਕਿਨ ਹੈਰੀਟੇਜ ਦੇ ਸਹਿਯੋਗ ਨਾਲ ਨੇਪਰੇ ਚੜਿਆ। ਇਸ ਮੌਕੇ ਨਾਜ਼ਰ ਸਿੰਘ ਸਹੋਤਾ, ਚਰਨਜੀਤ ਸਿੰਘ ਸਹੋਤਾ, ਗਾਇਕ ਅਕਾਸ਼ਦੀਪ, ਜਗਦੇਵ ਸਿੰਘ ਧੰਜਲ, ਧਰਮਵੀਰ ਥਾਂਦੀ, ਗੁਲੂ ਬਰਾੜ, ਅਮਰਜੀਤ ਦੌਧਰ, ਸ਼ਰੋਮਣੀ ਕਮੇਟੀ ਮੈਂਬਰ ਜੁਗਰਾਜ ਸਿੰਘ ਦੌਧਰ, ਰਣਜੀਤ ਗਿੱਲ, ਮਲਕੀਤ ਸਿੰਘ ਕਿੰਗਰਾ ਆਦਿ ਵੀ ਦਰਸ਼ਕਾਂ ਵਿੱਚ ਸ਼ਾਮਲ ਰਹੇ।

# ਨੋਟਬੰਦੀ ਦੀ ਪਹਿਲੀ ਵਰ੍ਹੇਗੰਢ ਨੂੰ 'ਕਾਲੇ ਦਿਨ' ਵਜੋਂ ਮਨਾਉਣਗੀਆਂ ਵਿਰੋਧੀ ਪਾਰਟੀਆਂ

ਨਵੀਂ ਦਿੱਲੀ– ਵਿਰੋਧੀ ਪਾਰਟੀਆਂ ਨੇ ਐਲਾਨ ਕੀਤਾ ਕਿ ਉਹ 8 ਨਵੰਬਰ ਨੂੰ ਨੋਟਬੰਦੀ ਦੀ ਪਹਿਲੀ ਵਰ੍ਹੇਗੰਢ ਨੂੰ 'ਕਾਲੇ ਦਿਨ' ਵਜੋਂ ਮਨਾਉਣਗੀਆਂ। ਪਾਰਟੀਆਂ ਨੇ ਕਿਹਾ ਕਿ ਉਹ ਅਰਥਚਾਰੇ 'ਤੇ ਨੋਟਬੰਦੀ ਦੇ 'ਮਾੜੇ ਸਿੱਟਿਆਂ' ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਮੁਲਕ ਭਰ ਵਿੱਚ ਰੋਸ ਪ੍ਰਦਰਸ਼ਨ ਕਰਨਗੀਆਂ।

ਇਥੇ ਵਿਰੋਧੀ ਪਾਰਟੀਆਂ ਦੀ ਕੋਆਰਡੀਨੇਸ਼ਨ ਕਮੇਟੀ ਦੀ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਗ਼ੁਲਾਮ ਨਬੀ ਆਜ਼ਾਦ ਨੇ ਇਹ ਐਲਾਨ ਕੀਤਾ। ਉਨ੍ਹਾਂ ਕਿਹਾ,'ਪਿਛਲੇ ਸਾਲ ਅੱਠ ਨਵੰਬਰ ਨੂੰ ਨੋਟਬੰਦੀ ਦਾ ਕੀਤਾ ਗਿਆ ਐਲਾਨ ਸਦੀ ਦਾ ਸਭ ਤੋਂ ਵੱਡਾ ਘਪਲਾ ਹੈ। ਇਹੀ ਵਜ੍ਹਾ ਹੈ ਕਿ ਅਸੀਂ ਇਸ ਦਿਨ ਨੂੰ ਕਾਲੇ ਦਿਨ ਵਜੋਂ ਮਨਾ ਰਹੇ ਹਾਂ।'

# ਹੰਟਸਮੈਨ ਵਰਲ ਸੀਨੀਅਰ ਗੇਮਾਂ ਵਿੱਚ ਇੱਕ ਵਾਰ ਫੇਰ ਚਮਕਿਆ ਪੰਜਾਬੀਅਤ ਦਾ ਰੰਗ

**ਫਰਿਜ਼ਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ/ ਕੁਲਵੰਤ ਧਾਲੀਆਂ–** ਪਿੱਛਲੇ ਲੰਮੇ ਸਮੇਂ ਤੋਂ ਫਰਿਜ਼ਨੋ ਨਿਵਾਸੀ ਗੁਰਬਖਸ਼ ਸਿੰਧ ਸਿੱਧੂ, ਸੁਖਨੈਣ ਸਿੰਘ ਤੇ ਕਮਲਜੀਤ ਜਿਹੜੇ ਸੀਨੀਅਰ ਗੱਭਰੂਆਂ ਦੇ ਤੌਰ ਤੇ ਜਾਣੇ ਜਾਂਦੇ ਹਨ ਤੇ ਪੂਰੇ ਅਮਰੀਕਾ ਵਿੱਚ ਸੀਨੀਅਰ ਵਰਲਡ ਖੇਡਾਂ ਵਿੱਚ ਆਪਣੀ ਤਾਕਤ ਰਾਹੀਂ ਪੰਜਾਬੀਅਤ ਦਾ ਲੋਹਾ ਮਨਵਾ ਰਹੇ ਹਨ। ਪਿਛਲੇ ਦਿਨੀ ਹੰਟਸਮੈਨ ਸੀਨੀਅਰ ਵਰਡ ਗੇਮਜ਼ ਸੈਂਟ ਜੌਰਜ ਯੂਟਾ ਵਿੱਚ ਹੋਈਆਂ। ਇਹ ਖੇਡਾਂ 9 ਅਕਤੂਬਰ ਤੋਂ 21 ਅਕਤੂਬਰ ਤੱਕ ਚੱਲੀਆਂ। ਇਹਨਾਂ ਗੇਮਾਂ ਦੌਰਾਨ ਔਰਤਾਂ ਅਤੇ ਮਰਦਾ ਦੀਆਂ 30 ਵੇਖੋ ਵੱਖ ਕਿਸਮ ਦੀਆਂ ਖੇਡਾਂ ਕਰਵਾਈਆਂ ਗਈਆਂ




ਅਤੇ ਇਹਨਾਂ ਖੇਡਾਂ ਵਿੱਚ 50 ਤੋਂ 100 ਸਾਲ ਦੇ ਔਰਤਾਂ ਤੇ ਮਰਦਾਂ ਨੇ ਭਾਗ ਲਿਆ। ਕਮਲਜੀਤ ਸਿੰਘ ਨੇ 50–54 ਸਾਲ ਵਰਗ ਦੀਆਂ ਦੌੜਾਂ ਦੌਰਾਨ 200 ਮੀਟਰ ਦੌੜ ਵਿੱਚ ਪੰਜਵਾਂ ਸਥਾਨ ਹਾਸਲ ਕੀਤਾ, 400 ਮੀਟਰ ਵਿੱਚ ਚੌਥਾ, 800 ਮੀਟਰ ਵਿੱਚ ਅੱਠਵਾਂ ਤੇ 1500 ਮੀਟਰ ਵਿੱਚ ਛੇਵਾਂ ਸਥਾਨ ਪ੍ਰਾਪਤ ਕੀਤਾ। ਇਸੇ ਤਰਾਂ ਸੁਖਨੈਣ ਸਿੰਘ ਨੇ ਅਥਲੈਟਿਕਸ ਵਿੱਚ 60–64 ਸਾਲ ਵਰਗ ਵਿੱਚ ਟਰਿੱਪਲ ਜੰਪ ਵਿੱਚ ਚੌਥਾ ਤੇ ਸਟੈਡਿੰਗ ਜੰਪ ਵਿੱਚ ਪੰਜਵਾਂ ਸਥਾਨ ਹਾਸਲ ਕੀਤਾ। ਗੁਰਬਖਸ਼ ਸਿੰਘ ਸਿੱਧੂ ਨੇ 60–64 ਸਾਲ ਵਰਗ ਵਿੱਚ ਡਿਸਕਸ ਥਰੋ ਵਿੱਚ ਨੌਵਾਂ ਸਥਾਨ ਤੇ 50 ਮੀਟਰ ਡੈਸ਼ ਰਨ ਵਿੱਚ ਤੇਰਵਾਂ ਸਥਾਨ ਹਾਸਲ ਕੀਤਾ। ਇੱਥੇ ਇਹ ਗੱਲ ਵੀ ਜਿਕਰਯੋਗ ਹੈ ਕਿ ਪਿਛਲੀਆਂ ਵਰਡ ਗੇਮਜ਼ ਜਿਹੜੀਆਂ ਕਿ ਬਰਮਿੰਘਮ ਐਲਬਾਮਾਂ ਵਿੱਚ ਹੋਈਆ ਸਨ ਉਥੋਂ ਸੁਖਨੈਣ ਤੇ ਗੁਰਬਖਸ਼ ਦੋਵੇਂ ਹੀ ਚਾਂਦੀ ਅਤੇ ਕਾਂਸੀ ਦੇ ਤਗਮੇ ਲੈ ਕੇ ਆਏ ਸਨ। ਲੇਕਿਨ ਇਸ ਵਾਰ ਬੇਸ਼ੱਕ ਉਹ ਕੋਈ ਤਗਮਾ ਨਹੀ ਜਿੱਤ ਸਕੇ ਪਰ ਦੁਨੀਆਂ ਦੇ ਪਹਿਲੇ ਦਸ ਪੰਦਰਾਂ ਚੋਟੀ ਦੇ ਖਿਡਾਰੀਆਂ ਵਿੱਚ ਪੰਜਾਬੀਆਂ ਨੂੰ ਮਾਣ ਦਿਵਾਉਣਾ ਵੀ ਛੋਟੀ ਪ੍ਰਾਪਤੀ ਨਹੀ। ਅਮਰੀਕਾ ਵਰਗੇ ਮੁਲਕ ਵਿੱਚ ਰਹਿਕੇ ਮਿਹਨਤ ਦੀ ਕਮਾਈ ਨਾਲ ਘਰ ਚਲਾਉਣੇ ਤੇ ਆਪਣੇ ਪੱਲਿਓ ਪੈਸੇ ਖ਼ਰਚਕੇ ਇਹਨਾਂ ਖੇਡਾਂ ਵਿੱਚ ਭਾਗ ਲੈਣਾ ਤੇ ਦਸਤਾਰਾਂ ਸਜਾਕੇ ਪੂਰੀ ਦੁਨੀਆਂ ਨੂੰ ਸਿੱਖ ਪਹਿਚਾਣ ਤੋਂ ਜਾਣੂ ਕਰਵਾਉਣਾ ਵੀ ਕਿਸੇ ਸਾਧਨਾ ਨਾਲੋਂ ਘੱਟ ਨਹੀ।

## ਵਿਸ਼ਵ ਵਿਆਪੀ ਇਸਤਰੀਆਂ ਦੀ ਸਰਦਾਰੀ

# ਨਿਊਜ਼ੀਲੈਂਡ ਦੀ ਨਵੀਂ ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਵਿਸ਼ਵ ਦੀਆਂ 13 ਦੇਸ਼ ਪ੍ਰਮੁੱਖ ਮਹਿਲਾਵਾਂ ਵਿਚ ਸ਼ਾਮਿਲ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੀ ਨਵੀਂ ਬਨਣ ਵਾਲੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਨ ਦੇਸ਼ ਦੀ ਜਿੱਥੇ ਤੀਜੀ ਮਹਿਲਾ ਪ੍ਰਧਾਨ ਮੰਤਰੀ ਹੋਵੇਗੀ ਉਥੇ ਇਸ ਵੇਲੇ ਵਿਸ਼ਵ ਭਰ ਦੀਆਂ ਉਨ੍ਹਾਂ 13 ਮਹਿਲਾਵਾਂ ਦੇ ਵਿਚ ਸ਼ਾਮਿਲ ਹੋ ਗਈ ਹੈ ਜਿਨ੍ਹਾਂ ਦੇ ਹੱਥ ਦੇਸ਼ ਦੀ ਵਾਗਡੋਰ ਹੈ। ਨਿਊਜ਼ੀਲੈਂਡ ਦੀ ਹੋਣ ਵਾਲੀ ਅਗਲੀ ਪ੍ਰਧਾਨ ਮੰਤਰੀ ਪਿਛਲੇ 150 ਸਾਲਾਂ ਦੇ ਇਤਿਹਾਸ ਵਿਚ ਸਭ ਤੋਂ ਛੋਟੀ ਉਮਰ ਵਾਲੀ ਬਨਣ ਵਾਲੀ ਮਹਿਲਾ ਹੋਵੇਗੀ। ਵਿਸ਼ਵ ਭਰ ਵਿਚ ਮਹਿਲਾਵਾਂ ਦੇ ਉਚ ਚੋਟੀ ਦੀ ਸ਼੍ਰੇਣੀ 7% ਹੈ ਅਤੇ ਜੈਸਿੰਡਾ ਅਰਡਨ ਉਨ੍ਹਾਂ ਵਿਚੋਂ ਹੁਣ ਇਕ ਹੋ ਗਈ ਹੈ। 13 ਸ਼ਾਸ਼ਕ ਮਹਿਲਾਵਾਂ ਦੇ ਵਿਚ 6 ਯੂਰੋਪ ਦੀਆਂ ਹਨ ਅਤੇ 2 ਸਾਊਥ ਅਮਰੀਕਾ ਵਿਚ ਹਨ। 4 ਦੇਸ਼ਾਂ ਦੀਆਂ ਸ਼ਾਸ਼ਕ ਮਹਿਲਾਵਾਂ ਇਸ ਵੇਲੇ ਪਹਿਲੀ ਵਾਰ ਰਾਜਭਾਗ ਚਲਾ ਰਹੀਆਂ ਹਨ। ਇਕ ਮਹਿਲਾ ਏਸ਼ੀਆ ਪੈਸੇਪਿਕ ਦੇਸ਼ ਦੀ ਪ੍ਰਧਾਨ ਹੈ। ਇਹ ਸ਼ਾਸ਼ਕ ਮਹਿਲਾਵਾਂ ਹਨ ਸ਼ੇਖ ਹਸੀਨਾ (ਪ੍ਰਧਾਨ ਮੰਤਰੀ ਬੰਗਲਾਦੇਸ਼), ਮਿਸ਼ੇਲ ਬੈਚਲਟ (ਰਾਸ਼ਟਰਪਤੀ ਚਿੱਲੀ), ਏਂਜਿਲਾ ਮਰਕਲ (ਚਾਂਸਲਰ ਆਫ ਜ਼ਰਮਨੀ), ਏਲਿਨ ਜੌਹਨਸਨ ਸਿਰਲੀਫ (ਰਾਸ਼ਟਰਪਤੀ ਲਾਇਬੇਰੀਆ),



ਸ਼ੇਖ ਹਸੀਨਾ, ਮਸ਼ੇਲ ਬੈਚਲਟ, ਏਂਜਿਲਾ ਮਰਕਲ, ਏਲਿਨ ਜੌਹਨਸਨ, ਹਿਲਦਾ ਹੈਇਨੀ, ਏਰਨਾ ਸੋਲਬਰਗ

ਜੈਸਿੰਡਾ ਅਰਡਨ

ਬਿਏਟਾ ਸੈਜੇਡਲ, ਡੋਰਿਸ ਲਿਊ, ਟੈਰੇਸਾ ਮੇਅ, ਐਨਾ ਬਰਨਾਬਿਕ, ਸਾਰਾ ਕੂਗੋਂਗਲਵਾ, ਮਰਸੀਡੀਜ਼ ਅਰਾਓਜ਼

ਹਿਲਦਾ ਹੈਇਨੀ (ਰਾਸ਼ਟਰਪਤੀ ਮਾਰਸ਼ਲ ਆਈਲੈਂਡ), ਏਰਨਾ ਸੋਲਬਰਗ (ਪ੍ਰਧਾਨ ਮੰਤਰੀ ਨਾਰਵੇ), ਬਿਏਟਾ ਸੈਜੇਡਲੋ (ਪ੍ਰਧਾਨ ਮੰਤਰੀ ਪੋਲੈਂਡ), ਡੋਰਿਸ ਲਿਊਟਹਾਰਡ (ਰਾਸ਼ਟਰਪਤੀ ਸਵਿਸ ਕਨਫੈਡਰੇਸ਼ਨ, ਸਵਿਟਜ਼ਰਲੈਂਡ), ਟੈਰੇਸਾ ਮੇਅ (ਪ੍ਰਧਾ ਮੰਤਰੀ ਯੂਨਾਈਟਿਡ ਕਿੰਗਡਮ), ਜੈਸਿੰਡਾ ਅਰਡਨ (ਨਵੀਂ ਚੁਣੀ ਗਈ ਪ੍ਰਧਾਨ ਮੰਤਰੀ ਨਿਊਜ਼ੀਲੈਂਡ), ਐਨਾ ਬਰਨਾਬਿਕ (ਪ੍ਰਧਾਨ ਮੰਤਰੀ ਸਰਬੀਆ), ਸਾਰਾ ਕੂਗੋਂਗਲਵਾ (ਪ੍ਰਧਾਨ ਮੰਤਰੀ ਨਾਮੀਬੀਆ) ਅਤੇ ਮਰਸੀਡੀਜ਼ ਅਰਾਓਜ਼ (ਪ੍ਰਧਾਨ ਮੰਤਰੀ ਪੀਰੂ)।

# ਫਰਿਜ਼ਨੋ 'ਚ ਮਨਾਇਆ ਗਿਆ ਸਤਿਗੁਰੂ ਸੈਣ ਜੀ ਦਾ ਪ੍ਰਕਾਸ਼ ਦਿਹਾੜਾ





**ਫਰਿਜ਼ਨੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਨੇ ਧੰਨ ਧੰਨ ਸਤਿਗੁਰੂ ਬਾਬਾ ਸੈਨ ਜੀ ਦਾ ਪ੍ਰਕਾਸ਼ ਦਿਹਾੜਾ ਬੀਤੇ ਐਤਵਾਰ 22 ਅਕਤੂਬਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ।

ਇਸ ਮੌਕੇ ਜਿੱਥੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਪੜ੍ਹੇ ਗਏ, ਉਥੇ ਗੁਰੂ ਘਰ ਦੇ ਮੁੱਖ ਗ੍ਰੰਥੀ ਸਿੰਘ ਭਾਈ ਸਾਹਿਬ ਭਾਈ ਰਾਮ ਸਿੰਘ ਜੀ, ਭਾਈ ਹਰਬਲਾਸ ਸਿੰਘ ਝਿੰਗੜ, ਭਾਈ ਬੰਸੀ ਲਾਲ ਬੰਗੜ ਅਦਿ ਰਾਗੀ ਸਿੰਘ ਸਾਹਿਬਾਨ ਨੇ ਰਸ ਭਿੰਨਾ ਸ਼ਬਦ ਗਾਇਨ ਕੀਤਾ ਅਤੇ ਸਤਿਗੁਰੂ ਸੈਨ ਜੀ ਦੀ ਬਾਣੀ ਤੇ ਜੀਵਨ ਬਾਰੇ ਸੰਖੇਪ ਚਾਨਣਾ ਪਾ ਕੇ ਸੰਗਤਾਂ ਨੂੰਨਿਹਾਲ ਕੀਤਾ।

ਉਸਤਾਦ ਯਮਲਾ ਜੱਟ ਜੀ ਦੇ ਸ਼ਾਗਿਰਦ ਸ੍ਰੀ ਰਾਜ ਬਰਾੜ ਨੇ ਵੀ ਧਾਰਿਮਕ ਗੀਤ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਦੀ ਸੇਵਾ ਨਿਭਾਉਂਦਿਆਂ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਸਟੇਜ ਸਕੱਤਰ ਸ੍ਰੀ ਅਮਰ ਦੜੌਚ ਨੇ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ ਸਤਿਗੁਰੂ ਸੈਣ ਜੀ ਦੇ ਪ੍ਰਕਾਸ਼ ਉਤਸਵ ਦੀਆਂ ਵਧਾਈਆ ਦਿ-ਦਿਆਂ ਕਿਹਾ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚੇ ਦਿਲੋਂ ਮੰਨਣਾ ਤਾਂ ਇਹੀ ਹੈ ਕਿ ਅਸੀਂ ਉਹਨਾਂ ਸਾਰੇ ਮਹਾਂਪੁਰਸ਼ਾਂ ਨੂੰ ਉਹਨਾਂ ਦੇ ਪ੍ਰਕਾਸ਼ ਪੁਰਬ ਮੌਕੇ ਯਾਦ ਕਰੀਏ ਤੇ ਉਹਨਾਂ ਦੇ ਦਰਸਾਏ ਮਾਰਗ ਨੂੰ ਅਪਣਾ ਕੇ ਆਪਣਾ ਜੀਵਨ ਸਫਲਾ ਕਰੀਏ।

ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਕੇਵਲ ਚੌਹਾਨ ਜੀ ਨੇ ਆਈਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਉਹਨਾਂ ਸਾਰਿਆਂ ਤੇ ਰਾਗੀ ਜਥਿਆਂ ਦਾ ਧੰਨਵਾਦ ਕੀਤਾ ਅਤੇ ਸੰਗਤਾਂ ਨੂੰ ਇਸੇ ਤਰ੍ਹਾਂ ਅਗਲੇ ਐਤਵਾਰ 29 ਅਕਤੂਬਰ ਨੂੰ ਹਾਜ਼ਰੀਆਂ ਭਰਨ ਲਈ ਬੇਨਤੀ ਕੀਤੀ।

ਗੁਰੂ ਘਰ ਦੇ ਅਨਿ ਸੇਵਕ ਸ੍ਰੀ ਲਛਮਣ ਦਾਸ ਬਾਗਲਾ ਤੇ ਉਹਨਾਂ ਦੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਜਾਣਗੇ ਤੇ ਲੰਗਰ ਦੀ ਸੇਵਾ ਵੀ ਬਾਗਲਾ ਪਰਿਵਾਰ ਵੱਲੋਂ ਕੀਤੀ ਜਾਵੇਗੀ। ਇਸ ਉਪਰੰਤ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ।

# ਯੂਥ ਅਕਾਲੀ ਦਲ ਵੈਸਟ ਕੋਸਟ ਅਮਰੀਕਾ ਨੇ ਭਿਆਨਕ ਅੱਗ ਤੋਂ ਬਾਅਦ ਬੇਘਰੇ ਹੋਏ ਲੋਕਾਂ ਦੀ ਫੜ੍ਹੀ ਬਾਂਹ

**ਕੈਲੇਫੋਰਨੀਆਂ–** ਬੀਤੇ ਦਿਨੀਂ ਸੈਂਟਾਂ ਰੋਜ਼ਾ 'ਚ ਜਿੱਥੇ ਭਿਆਨਕ ਅੱਗ ਨੇ ਕਰੀਬ 7 ਹਜ਼ਾਰ ਘਰਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ, ਉਥੇ ਕਈ ਲੋਕ ਇਸ ਅੱਗ ਦੇ ਹੋਏ ਨੁਕਸਾਨ ਕਾਰਨ ਸੜਕਾਂ ਤੇ ਆ ਗਏ। ਆਪਣੇ ਘਰਾਂ 'ਚ ਅਰਾਮ ਦੀ ਨੀਂਦ ਸੋਣ ਵਾਲੇ ਇਨ੍ਹਾਂ ਲੋਕਾਂ 'ਤੇ ਕੁਦਰਤ ਦਾ ਇਹ ਕਹਿਰ ਹਰ ਇਕ ਨੂੰ ਹਲੂਣ ਕੇ ਰੱਖ ਗਿਆ। ਇਨ੍ਹਾਂ ਬੇਘਰੇ ਲੋਕਾਂ ਦੀ ਸਹਾਇਤਾ ਲਈ ਸ਼੍ਰੋਮਣੀ ਅਕਾਲੀ ਦਲ ਯੂਥ ਵਿੰਗ ਵੈਸਟ ਕੋਸਟ ਨੇ ਬੀਤੇ ਦਿਨ ਚੀਫ਼ ਕੋਆਰਡੀਨੇਟਰ ਯੂਥ ਵਿੰਗ ਅਮਰੀਕਾ ਸ: ਅਰਵਿੰਦਰ ਸਿੰਘ ਲਾਖਨ ਦੀ ਅਗਵਾਈ 'ਚ ਜਾ ਬਾਂਹ ਫੜ੍ਹੀ। ਯੂਥ ਆਗੂਆਂ ਨੇ ਆਪਣੀ ਫਰਾਖਦਿਲੀ ਦਿਖਾਉਂਦਿਆਂ ਜਿੱਥੇ ਇਨ੍ਹਾਂ ਬੇਘਰਾਂ ਨੂੰ ਕੰਬਲ



ਭੇਂਟ ਕੀਤੇ, ਉਥੇ ਬੱਚਿਆਂ ਦਾ ਸਮਾਨ ਤੇ ਹੋਰ ਵਰਤਣਯੋਗ ਸਮੱਗਰੀ ਭੇਂਟ ਕੀਤੀ। ਸਮੂਹ ਯੂਥ ਆਗੂਆਂ ਨੇ ਸਨੋਮਾ ਕਾਊਂਟੀ ਦੇ ਸੁਪਰਵਾਈਜ਼ਰ ਸ੍ਰੀ ਜੇਮਜ਼ ਗੋਰ ਨੂੰ ਇਹ ਸਹਾਇਤਾ ਭੇਂਟ ਕੀਤੀ ਅਤੇ ਸ੍ਰੀ ਜੇਮਜ਼ ਗੋਰ ਨਾਲ ਅੱਗ ਦੀ ਲਪੇਟ 'ਚ ਆਏ ਇਲਾਕੇ ਅਤੇ ਸੜੇ ਘਰਾਂ ਦਾ ਨਿਰੀਖਣ ਵੀ ਕੀਤਾ। ਇਸ ਮੌਕੇ ਸ੍ਰੀ ਜੇਮਜ਼ ਗੌਰ ਨੇ ਕਿਹਾ ਕਿ ਜੋ ਪਾਰਟੀ ਬੇਸਹਾਰਾ ਤੇ ਲੋੜਵੰਦਾਂ ਦੀ ਮੱਦਦ ਕਰਨਾ ਸਿਖਾਉਂਦੀ ਹੈ, ਉਹ ਪਾਰਟੀ ਵਾਕਿਆ ਹੀ ਕਾਬਲੇ ਤਾਰੀਫ਼ ਹੋਵੇਗੀ। ਉਨ੍ਹਾਂ ਪਾਰਟੀ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਦਾ ਆਪਣੀ ਸਪੀਚ ਵਿੱਚ ਇਸ ਮੱਦਦ ਲਈ ਧੰਨਵਾਦ ਕੀਤਾ। ਇਸ ਤੋਂ ਇਲਾਵਾ ਯੂਥ ਆਗੂਆਂ ਨੇ ਸੈਂਟਾਰੋਜ਼ਾ ਗੁਰੂ ਨੂੰ ਵੀ ਮਾਇਕ ਸਹਾਇਤਾ ਭੇਂਟ ਕੀਤੀ।







ਦੇਸ਼ ਦੁਆਬਾ

# ਸਿੱਖਿਆ ਪੱਖੀ ਨਿਰਾਸ਼ਾਜਨਕ ਫੈਸਲਾ

ਪੰਜਾਬ ਸਰਕਾਰ ਨੇ ਸੂਬੇ ਦੇ 800 ਸਕੂਲਾਂ ਨੂੰ ਬੰਦ ਕਰਕੇ ਬੱਚਿਆਂ ਨੂੰ ਦੂਜੇ ਸਕੂਲਾਂ ਵਿਚ ਭੇਜਣ ਦਾ ਫੈਸਲਾ ਕੀਤਾ ਹੈ। ਪੰਜਾਬ ਸਰਕਾਰ ਇਹ ਫੈਸਲਾ ਬੱਚਤ ਲਈ ਲੈ ਰਹੀ ਹੈ ਪਰ ਇਸ ਫੈਸਲੇ ਨਾਲ ਗਰੀਬ ਅਤੇ ਆਮ ਵਰਗ ਦੇ ਬੱਚਿਆਂ ਉਤੇ ਬਹੁਤ ਵੱਡਾ ਅਸਰ ਪਵੇਗਾ। ਹੁਣ ਤੱਕ ਭਾਰਤ ਸਰਕਾਰ ਦੀ ਸਕੀਮ ਰਹੀ ਹੈ ਕਿ ਹਰੇਕ ਬੱਚੇ ਨੂੰ ਮੁਢਲੀ ਸਿੱਖਿਆ ਦੇਣੀ ਹੀ ਦੇਣੀ ਹੈ ਪਰ ਇਹ ਫੈਸਲਾ ਉਹਨਾਂ ਬੱਚਿਆਂ ਲਈ ਬਹੁਤ ਨੁਕਸਾਨਦੇਹ ਹੈ, ਜਿਹਨਾਂ ਦੇ ਮਾਪੇ ਜਾਗਰੂਕ ਨਹੀਂ ਹਨ ਅਤੇ ਆਰਥਿਕ ਪੱਖੋਂ ਵੀ ਕਮਜ਼ੋਰ ਹਨ। ਇਸ ਐਲਾਨ ਨਾਲ ਜਿੱਥੇ ਪ੍ਰਾਇਮਰੀ ਅਧਿਆਪਕ ਵਰਗ ਸੜਕਾਂ ’ਤੇ ਆ ਗਿਆ ਹੈ, ਉਥੇ ਵਿਰੋਧੀ ਰਾਜਸੀ ਪਾਰਟੀਆਂ ਨੇ ਵੀ ਬਲਦੀ ’ਤੇ ਤੇਲ ਪਾਇਆ ਹੈ। ਇਹ ਘਟਨਾ ਇਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਇਨ੍ਹਾਂ ਸਕੂਲਾਂ ਦੇ ਬੰਦ ਹੋਣ ਨਾਲ ਜਿਹੜੇ ਅਧਿਆਪਕ ਵਿਹਲੇ ਹੋ ਜਾਣਗੇ, ਉਨ੍ਹਾਂ ਨੂੰ ਦੂਜੇ ਸਕੂਲਾਂ ਵਿੱਚ ਭੇਜ ਦਿੱਤਾ ਜਾਵੇਗਾ, ਪਰ ਇਨ੍ਹਾਂ ਸਕੂਲਾਂ ਵਿੱਚ ਕੰਮ ਕਰ ਰਹੇ ਮਿਡ-ਡੇਅ ਮੀਲ ਤਿਆਰ ਕਰਨ ਵਾਲੇ ਕਰਮਚਾਰੀਆਂ ਦੀ ਨੌਕਰੀ ਖ਼ਤਮ ਹੋ ਜਾਵੇਗੀ। ਇਸ ਫੈਸਲੇ ਨਾਲ ਇਕ ਹਜ਼ਾਰ ਤੋਂ ਵੱਧ ਅਧਿਆਪਕ ਉਨ੍ਹਾਂ ਸਕੂਲਾਂ ਵਿੱਚ ਭੇਜੇ ਜਾਣਗੇ, ਜਿੱਥੇ ਅਸਾਮੀਆਂ ਖਾਲੀ ਹਨ। ਇਸ ਤਰ੍ਹਾਂ ਪ੍ਰਾਇਮਰੀ ਅਧਿਆਪਕਾਂ ਦੀ ਘਾਟ ਪੂਰੀ ਹੋਣ ਦੀ ਪ੍ਰਕਿਰਿਆ ਖ਼ੁਦ-ਬ-ਖ਼ੁਦ ਸ਼ੁਰੂ ਹੋ ਜਾਵੇਗੀ। ਮੌਜੂਦਾ ਸਥਿਤੀ ਵਿੱਚ ਸਮੁੱਚੀ ਸਮੱਸਿਆ ਨੂੰ ਇਤਿਹਾਸਕ ਤੇ ਅਕਾਦਮਿਕ ਨੁਕਤਾ ਨਿਗਾਹ ਤੋਂ ਦੇਖਣ ਦੀ ਲੋੜ ਮਹਿਸੂਸ ਹੁੰਦੀ ਹੈ। ਇਤਿਹਾਸਕ ਤੌਰ ’ਤੇ ਪਿਛਲੇ ਲੰਬੇ ਸਮੇਂ ਤੋਂ ਵੋਟਾਂ ਜਾਂ ਲੀਡਰੀ ਚਮਕਾਉਣ ਜਾਂ ਨਜ਼ਦੀਕੀਆਂ ਨੂੰ ਨੇੜੇ ਦੇ ਸਕੂਲਾਂ ਵਿੱਚ ਹੀ ਨੌਕਰੀ ’ਤੇ ਨਿਯੁਕਤ ਕਰਵਾਉਣ ਲਈ ਬਿਨਾਂ ਕਿਸੇ ਜਿਥੇ ਦੇ ਧੜਾਧੜ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਜਿਸ ਕਾਰਨ ਸਮੁੱਚੇ ਪ੍ਰਾਇਮਰੀ ਸਕੂਲਾਂ ਦੇ ਅਮਲੀ ਪ੍ਰਬੰਧ ਵਿੱਚ ਘਾਟਾਂ ਆਈਆਂ ਤੇ ਖੜੋਤਾਂ ਪੈਦਾ ਹੋ ਗਈਆਂ। ਇਸ ਸਥਿਤੀ ਦਾ ਅਨੁਮਾਨ ਲਾਉਣ ਵਾਲੀ ਅਕਾਲੀ-ਭਾਜਪਾ ਸਰਕਾਰ ਦੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਦੇ ਯਤਨਾਂ ਨਾਲ ਪੰਜਾਬ ਸਿੱਖਿਆ ਸੁਧਾਰ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਦੀ ਆਪਣੀ ਅੰਤਰਿਮ ਰਿਪੋਰਟ ਵਿੱਚ ਪ੍ਰਾਇਮਰੀ ਸਕੂਲਾਂ ਦੀ ਸਥਿਤੀ ਤੇ ਇਸ ਨੂੰ ਸੁਧਾਰਨ ਹਿੱਤ ਕੀਤੀਆਂ ਗਈਆਂ ਸਿਫ਼ਾਰਿਸ਼ਾਂ ਵਿੱਚੋਂ ਮੁੱਖ ਸਿਫ਼ਾਰਿਸ਼ ਸੀ ਕਿ ਵੀਹ ਵਿਦਿਆਰਥੀਆਂ ਤੋਂ ਘੱਟ ਵਾਲੇ ਪ੍ਰਾਇਮਰੀ ਸਕੂਲਾਂ ਨੂੰ ਇਕ ਕਿਲੋਮੀਟਰ ਵਿਚਲੇ ਸਕੂਲ ਵਿੱਚ ਰਲੇਵਾਂ ਕਰ ਦਿੱਤਾ ਜਾਵੇ ਤੇ ਵਾਧੂ ਅਧਿਆਪਕਾਂ ਨੂੰ ਨੇੜਲੇ ਸਕੂਲਾਂ ਵਿੱਚ ਲੋੜ ਅਨੁਸਾਰ ਬਦਲ ਦਿੱਤਾ ਜਾਵੇ। ਇਸ ਸਿਫ਼ਾਰਿਸ਼ ਨੂੰ ਸਮੁੱਚੀ ਅੰਤਰਿਮ ਰਿਪੋਰਟ ਸਮੇਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਵਿੱਚ ਹੋਈ ਬੈਠਕ ਵਿੱਚ ਪ੍ਰਵਾਨ ਕਰ ਲਿਆ ਗਿਆ ਸੀ। ਪੰਜਾਬ ਸਰਕਾਰ ਬੱਚਤ ਕਿਸੇ ਹੋਰ ਖੇਤਰ ਵਿਚ ਕਰ ਸਕਦੀ ਹੈ ਪਰ ਸਿੱਖਿਆ ਪੱਖੋਂ ਬੱਚਤ ਭਾਰੀ ਨੁਕਸਾਨਦਾਇਕ ਸਿੱਧ ਹੋ ਸਕਦੀ ਹੈ ਕਿਉਂਕਿ ਸਿੱਖਿਆ ਹੀ ਅੱਜ ਦੇ ਸਮੇਂ ਵਿਚ ਜੀਵਨ ਦਾ ਆਧਾਰ ਹੈ। ਲੋੜ ਹੈ ਸਰਕਾਰ ਨੂੰ ਮੁੜ ਵਿਚਾਰ ਕਰਨ ਦੀ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-46

## ਗੁਰਬਾਣੀ ਦੇ ਚਾਨਣ ਵਿੱਚ ਵਿਸ਼ਕਰਮਾਂ ਡੇ ਤੇ ਮਿਥਿਹਾਸਕ ਮਨੌਤਾਂ



ਅਵਤਾਰ ਸਿੰਘ ਮਿਸ਼ਨਰੀ
510-432-5827

ਵਿਸ਼ਵ, ਕਰਮ ਅਤੇ ਕਰਮਾ-ਸੰਸਕ੍ਰਿਤ ਦੇ ਲਫਜ਼ ਹਨ। ਵਿਸ਼ਵ-ਜਗਤ, ਸੰਸਾਰ, ਸਾਰਾ, ਸਭ। ਕਰਮ-ਕ੍ਰਮ, ਕੰਮ (ਕਰਮਕਰਤ ਹੋਵੈ ਨਿਹਕਰਮ-ਸੁਖਮਨੀ) ਕਰਮਾ-ਕਰਮੀ, ਕਰਮ ਕਰਨ ਵਾਲਾ, ਖੁਸ਼ਨਸੀਬ, ਚੰਗੇ ਭਾਗਾਂ ਵਾਲਾ (ਕਹੁ ਨਾਨਕ ਕਉਨ ਉਹ ਕਰਮਾ॥ ਜਾ ਕੈ ਮਨਿ ਵਸਿਆ ਹਰਿ ਨਾਮਾ॥(੩੯੮) ਵਿਸ਼ਵਕਰਮਾ-ਸੰਸਾਰ ਰਚਨ ਵਾਲਾ ਕਰਤਾਰ, ਵਿਸ਼ਵ (ਸੰਸਾਰ) ਦੇ ਸਾਰੇ ਕੰਮ ਕਰਨ ਕਰਾਉਣ ਵਾਲਾ।

ਮਿਥਿਹਾਸ ਅਨੁਸਾਰ ਇੱਕ ਦੇਵਤਾ ਜਿਸ ਨੂੰ ਮਹਾਂਭਾਰਤ ਅਤੇ ਪੁਰਾਣਾ ਵਿੱਚ ਦੇਵਤਿਆਂ ਦਾ ਚੀਫ ਇੰਜਨੀਅਰ ਦੱਸਿਆ ਗਿਆ ਹੈ। ਇਹ ਕੇਵਲ ਦੇਵਤਿਆਂ ਦੇ ਮਕਾਨ ਹੀ ਨਹੀਂ ਰਚਦਾ ਸਗੋਂ ਉਨ੍ਹਾਂ ਦੇ ਸ਼ਸ਼ਤ੍ਰ ਅਸ਼ਤ੍ਰ ਵੀ ਬਣਾਉਂਦਾ ਹੈ। ਸਥਾਪਤਹ ਉਪਵੇਦ ਜਿਸ ਵਿੱਚ ਦਸਤਕਾਰੀ ਦੇ ਹੁਨਰ ਦੱਸੇ ਹਨ, ਉਹ ਇਸੇ ਦਾ ਰਚਿਆ ਮਨੌਤ ਹੈ। ਮਹਾਭਾਰਤ ਵਿੱਚ ਇਸ ਬਾਰੇ ਇਉਂ ਲਿਖਿਆ ਹੈ-ਦੇਵਤਿਆਂ ਦਾ ਪਤੀ, ਗਹਿਣੇ ਘੜਨ ਵਾਲਾ, ਵਧੀਆ ਕਾਰੀਗਰ, ਜਿਸ ਨੇ ਦੇਵਤਿਆਂ ਦੇ ਰੱਥ ਬਣਾਏ, ਜਿਸ ਦੇ ਹੁਨਰ ਤੇ ਧਰਤੀ ਖੜੀ ਅਤੇ ਜਿਸ ਦੀ ਸਦੀਵ ਪੂਜਾ ਕੀਤੀ ਜਾਂਦੀ ਹੈ। ਰਮਾਇਣ ਵਿੱਚ ਲਿਖਿਆ ਹੈ ਕਿ ਵਿਸ਼ੜਕਰਮਾ ਅੱਠਵੇਂ ਵਾਸੁ ਪ੍ਰਭਾਸ ਦਾ ਪੁੱਤ੍ਰ ਲਾਵਨਯਮਤੀ (ਯੋਗ-ਸਿੱਧਾ) ਦੇ ਪੇਟੋਂ ਪੈਦਾ ਹੋਇਆ, ਇਸ ਦੀ ਪੁੱਤ੍ਰੀ ਸੰਜਨਾ ਦਾ ਵਿਆਹ ਸੂਰਜ ਨਾਲ ਹੋਇਆ ਪਰ ਸੰਜਨਾ ਸੂਰਜ ਦਾ ਤੇਜ ਨਾ ਸਹਾਰ ਸੱਕੀ ਤਾਂ ਵਿਸ਼ਕਰਮਾ ਨੇ ਸੂਰਜ ਨੂੰ ਖਰਾਦ ਤੇ ਚਾੜ੍ਹ ਕੇ, ਉਸ ਦਾ ਅਠਵਾਂ ਭਾਗ ਛਿੱਲ ਦਿੱਤਾ ਤਾਂ ਸੂਰਜ ਦੀ ਤਪਸ਼ ਘਟ ਗਈ। ਤਰਾਸ਼ੇ ਸੂਰਜ ਦੀਆਂ ਛਿਲਤਾਂ ਤੋਂ ਵਿਸ਼ਕਰਮਾ ਨੇ, ਵਿਸ਼ਨੂੰ ਦਾ ਚੱਕ੍ਰ, ਸ਼ਿਵ ਦਾ ਤ੍ਰਿਸ਼ੂਲ, ਕਾਰਿਕੇਯ ਦੀ ਬਰਛੀ ਅਤੇ ਹੋਰ ਕਈ ਦੇਵਤਿਆਂ ਦੇ ਸ਼ਸ਼ਤ੍ਰ ਬਣਾਏ ਅਤੇ ਜਗੰਨਾਥ ਦਾ ਬੁੱਤ ਵੀ ਇਸੇ ਦੀ ਦਸਤਕਾਰੀ ਦੱਸਿਆ ਜਾਂਦਾ ਹੈ।(ਮਹਾਨਕੋਸ਼)

ਉੱਪਰ ਵਿਸ਼ਵਕਰਮਾ ਦੇ ਅੱਖਰੀ ਅਰਥ ਅਤੇ ਮੰਨੀ ਗਈ ਮਿਥਿਹਾਸਕ ਜਾਣਕਾਰੀ ਦਿੱਤੀ ਹੈ। ਆਓ ਹੁਣ ਅਕਲ ਦੇ ਖਾਨੇ ਤੋਂ ਕੰਮ ਲੈ ਕੇ (ਅਕਲੀ ਪੜ੍ਹਿ ਕੈ ਬੁਝੀਐ-੧੨੪੫) ਵਿਚਾਰ ਕਰੀਏ। ਜਦ ਸਾਫ ਪਤਾ ਲੱਗ ਗਿਆ ਹੈ ਕਿ ਵਿਸ਼ਵ-ਸੰਸਾਰ, ਕਰਮ-ਕੰਮ ਅਤੇ ਕਰਮਾ-ਕੰਮ ਕਰਨ ਵਾਲਾ ਹੈ, ਫਿਰ ਸੋਚੋ! ਕੋਈ ਇੱਕ ਮਨੁੱਖ ਜਾਂ ਦੇਵਤਾ ਜੋ ਮਾਂ ਦੇ ਪੇਟੋਂ ਪੈਦਾ ਹੋਇਆ ਹੋਵੇ, ਉਹ ਸਾਰੇ ਸੰਸਾਰ ਦੇ ਕੰਮ ਕਿਵੇਂ ਕਰ ਸਕਦਾ ਹੈ? ਇਹ ਮਿਥਿਹਾਸਕ ਵਿਸ਼ਕਰਮਾ ਆਪਣੀ ਲੜਕੀ ਸੂਰਜ ਨਾਲ ਵਿਆਹ ਦਿੰਦਾ ਤੇ ਉਸ ਦੀ ਤਪਸ਼ ਘੱਟ ਕਰਨ ਵਾਸਤੇ ਖਰਾਦ ’ਤੇ ਚਾੜ੍ਹ ਕੇ ਤਰਾਸ਼ਦਾ ਹੈ। ਧਿਆਨ ਦਿਓ ਸੂਰਜ ਅੱਗ ਦਾ ਇੱਕ ਮਹਾਂ ਗੋਲਾ ਅਤੇ ਅਰਬਾਂ ਖਰਬਾ ਪਤਾ ਨਹੀਂ ਇਸ ਧਰਤੀ ਤੋਂ ਕਿਤਨੇ ਕੁ ਜੋਜਨ ਮੀਲ ਦੂਰ ਹੈ? ਫਿਰ ਲੋਹੇ ਦੇ ਟਨਾ ਦੇ ਟਨ ਪਿੰਘਲਾ ਦੇਣ ਵਾਲਾ ਸੂਰਜ ਵਿਸ਼ਕਰਮਾ ਨੇ ਆਪਣੇ ਖਰਾਦ ਤੇ ਕਿਵੇਂ ਚੜ੍ਹਾਇਆ? ਕੀ ਜਿਹੜੀ ਚੀਜ ਐਸੀ ਸੂਪਰ ਅੱਗ ਨਾਲ ਪਿੰਗਲ ਜਾਏ ਜਾਂ ਸੜ ਕੇ ਸਵਾਹ ਹੋ ਜਾਵੇ, ਉਹ ਸੂਰਜ ਅੱਗ ਦੇ ਭਿਆਨਕ ਗੋਲੇ ਨੂੰ ਤਰਾਸ਼ ਸਕਦੀ ਹੈ? ਫਿਰ ਕੀ ਅੱਗ ਦਾ ਗੋਲਾ ਸੂਰਜ ਕਿਸੇ ਔਰਤ ਨਾਲ ਸੰਭੋਗ ਕਰ ਬੱਚੇ ਪੈਦਾ ਕਰ ਸਕਦਾ ਹੈ? ਕੀ ਐਸੀ ਭਿਆਨਕ ਅੱਗ ਦੇ ਲਾਗੇ ਕੋਈ ਔਰਤ ਜਾਂ ਮਰਦ ਰਹਿ ਸਕਦੇ ਹਨ? ਕੀ ਇਹ ਬਾਮਣ ਦੀਆਂ ਸੁਪਰ ਗੱਪਾਂ ਤੇ ਸਿਰੇ ਦੇ ਝੂਠ ਨਹੀਂ ਹਨ?

ਭਲਿਓ ਹਿੰਦੂ ਪੁਰਤਨ ਸਮੇ ਪੱਥਰ ਯੁੱਗ ਤੋਂ ਹੀ ਪੁਜਾਰੀ ਰਿਸ਼ੀਆਂ, ਮੁ-ਨੀਆਂ ਤੇ ਸਾਧਾਂ ਸੰਤਾਂ ਦੇ ਅਧੀਨ ਰਹੇ ਤੇ ਬਹੁਤਾਤ ਅੱਜ ੨੧ਵੀਂ ਸਦੀ ਵਿੱਚ ਵੀ ਪੁ-ਜਾਰੀਆਂ ਦੇ ਪੈਰ ਧੋ ਧੋ ਪੀ ਰਹੇ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਅਨਪੜ੍ਹ ਤੇ ਬਲਾਤਕਾਰੀ ਪੁਜਾਰੀ ਸਾਧਾਂ ਸੰਤਾਂ ਅੱਗੇ ਡੰਡਾਉਤਾਂ ਕਰਦੇ ਫਿਰਦੇ ਹਨ। ਸ਼ਾਤਰ ਬਾਹਮਣ ਪੁਜਾਰੀਆਂ ਨੇ ਲਿਖੇ ਗ੍ਰੰਥਾਂ ਵਿੱਚ ਅਨੇਕਾਂ ਹੀ ਐਸੀਆਂ ਮਨਘੜਤ ਕਥਾ ਕਹਾਣੀਆਂ ਲਿਖ ਦਿੱਤੀਆਂ ਜਿੰਨ੍ਹਾਂ ਦਾ ਕੋਈ ਸਿਰ ਪੈਰ ਨਹੀਂ। ਕਦੀ ਇਹ ਹਾਥੀ ਦਾ ਸਿਰ ਬੱਚੇ ਦੀ ਧੌਣ ਤੇ ਲਾ ਦਿੰਦੇ, ਕਦੇ ਕੰਨ ਰਾਹੀਂ ਰਿਸ਼ੀ ਦਾ ਵੀਰਜ ਫੂਕ ਮਾਰ ਅੰਦਰ ਘੱਲ ਹਨੂੰਮਾਨ ਪੈਦਾ ਕਰਦੇ ਤੇ ਉਸ ਨੂੰ ਹੱਥ ਤੇ ਪਹਾੜ ਚੁੱਕਾ ਅਕਾਸ਼ ਵਿੱਚ ਉਡਾ ਦਿੰਦੇ ਹਨ। ਕਦੇ ਹਾਥੀਆਂ ਨੂੰ ਪੂਛਲਾਂ ਤੋਂ ਫੜ ਸ਼ਮਾਨ ਵਿੱਚ ਉਡਾਉਂਦੇ ਅਤੇ ਕਦੇ ਬ੍ਰਹਮਾਂ ਦੇ ਚਾਰ ਸਿਰ ਮੂੰਹ ਬਣਾ ਕੇ ਆਪਣੀ ਹੀ ਲੜਕੀ ਸਰਸਵਤੀ ਤੇ ਕਾਂਮਾਤਰ ਕਰ ਦਿੰਦੇ ਹਨ। ਕਦੇ ਨੰਗੀਆਂ ਗੋਪੀਆਂ ਦੇ ਕਪੜੇ ਚੱਕ ਸ੍ਰੀ ਕ੍ਰਿਸ਼ਨ ਨੂੰ ਰੁੱਖ ਤੇ ਚੜ੍ਹਾ ਦਿੰਦੇ, ਕਦੇ ਪੱਥਰਾਂ ਨੂੰ ਠਾਕਰ ਦੇਵਤੇ ਬਣਾ ਕੇ, ਪੂਜਾ ਦੇ ਬਹਾਨੇ ਆਪਣੀ ਐਸੋ ਇਸ਼ਰਤ ਲਈ ਭੇਟਾ ਸਮੱਗਰੀਆਂ ਇਕੱਠੀਆਂ ਕਰਦੇ ਹਨ। ਕਦੇ ਧਰਤੀ ਨੂੰ ਬਲਦ ਦੇ ਸਿਰ ’ਤੇ ਟਿਕਾਉਂਦੇ, ਕਦੇ ਧਰਤੀ ਨੂੰ ਸਵਾਉਂਦੇ ਤੇ ਜਗਾਉਂਦੇ ਹਨ। ਕਦੇ ਰੱਬ ਦੇ ਪੈਦਾ ਕੀਤੇ ਜੀਵਾਂ ਚੋਂ ਆਪ ਬਾਮਣ, ਦੂਜੇ ਖਤਰੀ, ਤੀਜੇ ਵੈਸ਼ ਅਤੇ ਚੌਥੇ ਸ਼ੂਦਰ ਬਣਾ ਦਿੰਦੇ ਹਨ। ਐਵੈ ਦੀਆਂ ਬਹੁਤ ਮਨਘੜਤ ਤੇ ਮਨੁੱਖਤਾ ਨੂੰ ਵੰਡਣ, ਵਿਨਾਸ਼ ਕਰਨ ਅਤੇ ਅੰਧਵਿਸ਼ਵਾਸ਼ ਫੈਲਾਉਣ ਵਾਲੀਆਂ ਕਥਾ ਕਹਾਣੀਆਂ ਪੇਟੂ ਪੁਜਾਰੀਆਂ ਦੀਆਂ ਲਿਖੀਆਂ ਹੋਈਆਂ ਆਪ ਹਿੰਦੂ ਮਿਥਿਹਾਸ ਕੋਸ਼ ਅਤੇ ਸ੍ਰ. ਇੰਦਰ ਸਿੰਘ ਘੱਗਾ ਦਾ ਚੋਣਵਾਂ ਸਾਖੀ ਸਹਿਤ ਤੇ ਮਿਥਿਹਾਸਕ ਕਥਾਵਾਂ ਦਾ ਅੰਤ ਵੀ ਪੜ੍ਹ ਸਕਦੇ ਹੋ।

ਹੁਣ ਆਪਾਂ ਗੱਲ ਕਰਦੇ ਹਾਂ ਗੁਰਸਿੱਖਾਂ ਦੀ ਜੋ ਕੇਵਲ ਇੱਕ ਅਕਾਲ ਦੇ ਪੁਜਾਰੀ, ਨਿਰੰਕਾਰੀ, ਸੰਸਾਰੀ ਅਤੇ ਗ੍ਰਿਹਸਤੀ ਹਨ। ਸਿੱਖਾਂ ਦਾ ਸ਼ਬਦ ਗੁਰੂ ਗ੍ਰੰਥ ਸਾਹਿਬ, ਜਿਸ ਵਿੱਚ ਰੱਬੀ ਭਗਤਾਂ ਅਤੇ ਸਿੱਖ ਗੁਰੂ ਸਹਿਬਾਨਾਂ ਦੀ ਸੱਚੀ ਸੁੱਚੀ ਅਤੇ ਸਾਂਇੰਟੇਫਿਕ ਬਾਣੀ ਸੁਭਾਇਮਾਨ ਹੈ। ਸਿੱਖ ਨਾਂ ਹਿੰਦੂ ਤੇ ਨਾਂ ਹੀ ਮੁਸਲਮਾਨ ਹਨ-ਨਾ ਹਮ ਹਿੰਦੂ ਨ ਮੁਸਲਮਾਨ॥(੧੧੩੬) ਸਿੱਖਾਂ ਦਾ ਰੂਹਾਨੀ ਤੇ ਜਿਸਮਾਨੀ ਇਤਹਾਸਕ ਸਬੰਧ ਰੱਬੀ ਭਗਤਾਂ. ਸਿੱਖ ਗੁਰੂ ਸਹਿਬਾਨਾਂ ਅਤੇ ਕੌਮੀ ਸ਼ਹੀਦਾਂ ਨਾਲ ਹੈ। ਫਿਰ ਕੀ ਕਾਰਨ ਹੈ ਕਿ ਅੱਜ ਬਹੁਤੇ ਸਿੱਖ ਗੁਰਦੁਅਵਾਰਿਆਂ ਵਿੱਚ ਮਿਥਿਹਾਸਕ, ਦੇਵੀ ਦੇਵਤੇ, ਅਵਤਾਰ, ਮਸਿਆ, ਪੁੰਨਿਆਂ, ਸੰਗ੍ਰਾਂਦਾਂ, ਪੰਚਮੀਆਂ, ਸ਼ਰਾਧ, ਦਿਵਾਲੀਆਂ, ਲੋਹੜੀਆਂ, ਅਖੌਤੀ ਸੰਤ ਬਾਬੇ, ਮਹਾਂਰਾਜ ਤੇ ਬ੍ਰਹਮ ਗਿਆਨੀਆਂ ਦੀਆਂ ਦੇ ਜਨਮ ਦਿਨ ਅਤੇ ਬਰਸੀਆਂ ਮਨਾਈਆਂ ਜਾਂਦੇ ਹਨ।

ਗੱਲ ਆਪਾਂ ਵਿਸ਼ਵਕਰਮਾਂ ਦੀ ਕਰ ਰਹੇ ਸੀ ਜੋ ਖੁਦ ਸ੍ਰਿਸ਼ਟੀ ਦਾ ਕਰਤਾ ਕਰਤਾਰ ਅਤੇ ਜਨਮ ਮਰਨ ਰਹਿਤ ਹੈ (ਜਨਮ ਮਰਣ ਤੇ ਰਹਤ ਨਾਰਾਇਣ-੧੧੩੬) ਫਿਰ ਸੂਰਜ ਨੂੰ ਖਰਾਦੇ ਚਾੜ੍ਹਨ ਵਾਲੇ ਮਿਥਿਹਾਸਕ ਦੇਵਤੇ ਦਾ ਜਨਮ ਦਿਨ ਕਿਹੜੀ ਮਨੌਤ ਨਾਲ ਗੁਰਦੁਵਾਰਿਆਂ ਵਿੱਚ ਮਨਾਇਆ ਜਾ ਰਿਹਾ ਹੈ? ਜੇ ਇਹ ਦੇਵਤਾ ਕਲਾ ਦਾ ਕਰਤਾ ਹੈ ਤਾਂ ਭਾਰਤ ਨੂੰ ਛੱਡ ਬਾਕੀ ਮੁਲਕਾਂ ਦੀ ਕਲਾ (ਮਸ਼ਿਨਰੀ) ਕੌਣ ਬਣਾਉਂਦਾ ਤੇ ਚਲਾਉਂਦਾ ਹੈ? ਜਿਸ ਦਾ ਉਨ੍ਹਾਂ ਨੂੰ ਕੋਈ ਅਤਾ ਪਤਾ ਨਹੀਂ ਅਤੇ ਨਾਂ ਹੀ ਉਹ

**(ਬਾਕੀ ਸਫਾ 18 ਤੇ)**

# ਤੂੰਬਿਆਂ ਤੇ ਅਲਗੋਜ਼ਿਆਂ ਵਾਲਾ ਪ੍ਰਸਿੱਧ ਗਵੰਤਰੀ ‘ਸੁਖਦੇਵ ਸਿੰਘ ਮੱਦੋਕੇ’



ਤਸਵਿੰਦਰ ਸਿੰਘ ਬੜੈਚ
98763-22677

ਸੁਖਦੇਵ ਸਿੰਘ ਮੱਦੋਕੇ ਨੇ ਪੰਜਾਬ ਦੀ ਅਲੋਪ ਹੋ ਰਹੀ ਤੂੰਬਿਆਂ ਤੇ ਅਲਗੋਜ਼ਿਆਂ ਵਾਲੀ ਗਾਇਕੀ ਕਲਾ ਨੂੰ ਅੱਜ ਵੀ ਜੀਵਤ ਰੱਖਿਆ ਹੋਇਆ ਹੈ। ਉਹ ਅੱਜ ਵੀ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾ ਕੇ ਪੰਜਾਬੀ ਵਿਰਾਸਤ ਦੀਆਂ ਅਲੋਪ ਹੁੰਦੀਆਂ ਜਾ ਰਹੀਆਂ ਵੰਨਗੀਆਂ ਤੇ ਪ੍ਰੀਤ ਗਥਾਵਾਂ ਨੂੰ ਅਖਾੜਿਆਂ ਵਿਚ ਗਾਉਂਦਾ ਹੈ। ਉਹਨਾਂ ਨੇ ਇਸ ਕਲਾ ਨੂੰ ਪਿਛਲੇ 30-35 ਸਾਲਾਂ ਤੋਂ ਸੰਭਾਲਿਆ ਹੋਇਆ ਹੈ। ਉਹ ਜਦੋਂ ਪੂਰਨ ਭਗਤ ਕੌਲਾਂ, ਮਿਰਜ਼ਾ-ਸਹਿਬਾਂ, ਜੈਮਲ ਫੱਤਾ, ਦਹੂਦ ਬਾਦਸ਼ਾਹ, ਸੱਸੀ-ਪੁਨੂੰ, ਸੋਹਣੀ-ਮਹੀਵਾਲ ਆਦਿ ਦੇ ਪ੍ਰਸੰਗ ਅਖਾੜਿਆਂ ਵਿਚ ਮਸਤ ਹੋ ਕੇ ਗਾਉਂਦਾ ਹੈ ਤਾਂ ਸਰੋਤੇ ਮੰਤਰ-ਮੁਗਧ ਹੋ ਜਾਂਦੇ ਹਨ। ਸੁਖਦੇਵ ਸਿੰਘ ਮੱਦੋਕੇ ਦਾ ਜਨਮ 21 ਅਪ੍ਰੈਲ 1957 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਅਖਾੜਾ ਵਿਖੇ ਮਾਤਾ ਗੁਰਮੇਲ ਕੌਰ ਦੀ ਕੁੱਖੋਂ ਪਿਤਾ ਭਜਨ ਸਿੰਘ ਦੇ ਘਰ ਹੋਇਆ। ਸਮਾਂ ਬੀਤੀਆ, ਉਸ ਨੇ ਹੋਸ਼ ਸੰਭਾਲਿਆ ਅਤੇ ਆਪਣੇ ਨੰਨ੍ਹੇ ਕਦਮ ਪਿੰਡ ਦੇ ਸਰਕਾਰੀ ਸਕੂਲ ਦੀ ਦਹਿਲੀਜ਼ ’ਤੇ ਰੱਖੇ ਅਤੇ ਇਥੋਂ ਨੌਵੀਂ ਕਲਾਸ ਤੱਕ ਦੀ ਵਿਦਿਆ ਗ੍ਰਹਿਣ ਕੀਤੀ। ਸੁਖਦੇਵ ਸਿੰਘ ਨੂੰ ਗਾਉਣ ਦੀ ਚੇਟਕ ਸਕੂਲ ’ਚ ਪੜ੍ਹਦਿਆਂ ਹੀ ਲੱਗ ਗਈ ਸੀ। ਉਦੋਂ ਉਸ ਦੀ ਉਮਰ ਮਸਾਂ 15 ਕੁ ਸਾਲ ਦੀ ਸੀ। ਘਰ ਦੀ ਮਾਲੀ ਹਾਲਤ ਚੰਗੀ ਨਾ ਹੋਣ ਕਰਕੇ ਉਨ੍ਹਾਂ ਨੇ ਇਸ ਸ਼ੌਕ ਨੂੰ ਰੁਜ਼ਗਾਰ ਬਣਾਉਣ ਬਾਰੇ ਸੋਚਿਆ। ਪੜ੍ਹਾਈ ਨੂੰ ਵਿਚੇ ਛੱਡ ਉਸ ਨੇ ਸਵ: ਦਰਸ਼ਨ ਸਿੰਘ ਰਾਵਾਖੇਲੇ (ਜਲੰਧਰ) ਨੂੰ ਆਪਣਾ ਉਸਤਾਦ ਧਾਰਿਆ ਅਤੇ ਕਰੀਬ 5-6 ਸਾਲ ਉਨ੍ਹਾਂ ਦੇ ਨਾਲ ਰਹਿ ਕੇ ਇਸ ਕਲਾ ਦੀ ਬਰੀਕੀਆਂ ਨੂੰ ਸਿੱਖਿਆ ਪੂਰੀ ਤਰ੍ਹਾਂ ਇਸ ਕਲਾ ਦੀ ਬਰੀਕੀਆਂ ਸਿੱਖਣ ਤੋਂ ਬਾਅਦ ਆਪ ਨੇ ਇਕ ਗਰੁੱਪ ਬਣਾ ਲਿਆ। ਆਪ ਦੀ ਮਿਹਨਤ ਸਦਕਾ ਥੋੜੇ ਸਮੇਂ ਅੰਦਰ ਹੀ ਆਪ ਵੱਲੋਂ ਬਣਾਇਆ ਗਰੁੱਪ ਪੰਜਾਬ ਤੋਂ ਇਲਾਵਾ ਗੁਆਂਢੀ ਸੂਬਿਆਂ ਵਿਚ ਹੀ ਹਰਮਨ ਪਿਆਰਾ ਹੋ ਗਿਆ। ਉਸ ਦੇ ਗਰੁੱਪ ਨੇ ਪੰਜਾਬ ਦੇ ਵੱਖ-ਵੱਖ ਸਥਾਨਾਂ ’ਤੇ ਹੋਏ ਧਾਰਮਿਕ ਅਤੇ ਸੱਭਿਆਚਾਰਕ ਸਮਾਗਮਾਂ ਵਿਚ ਆਪਣੀ ਹਾਜ਼ਰੀ ਲਗਵਾਈ। ਇਸ ਦੇ ਨਾਲ-ਨਾਲ ਆਪ ਦੇ ਗਰੁੱਪ ਨੇ ਮੁਬੰਈ, ਦਿੱਲੀ, ਰਾਜਸਥਾਨ ਆਦਿ ਸਮਾਗਮਾਂ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕਰਕੇ ਮਾਣ ਪ੍ਰਾਪਤ ਕੀਤਾ। ਆਪ ਨੇ ਦੂਰਦਰਸ਼ਨ ਕੇਂਦਰ ਜਲੰਧਰ ਅਤੇ ਰੇਡੀਓ ਸਟੇਸ਼ਨ ਬਠਿੰਡਾ ਤੋਂ ਵੀ ਆਪਣੀ ਗਾਇਕੀ ਪੇਸ਼ ਕਰਕੇ ਚੰਗੀ ਵਾਹ-ਵਾਹ ਖੱਟੀ। ਸੁਖਦੇਵ ਸਿੰਘ ਮੱਦੋਕੇ ਮਧੁਰ ਅਤੇ ਮਿੱਠੀ ਅਵਾਜ਼ ਦਾ ਮਾਲਕ ਹੈ ਅਤੇ ਸ਼ਬਦਾਂ ਉੱਪਰ ਵੀ ਉਸ ਦੀ ਚੰਗੀ ਪਕੜ੍ਹ ਹੈ।



ਉਹ ਜਿੰਨੇ ਵੀ ਕਿੱਸੇ ਗਾਉਂਦਾ ਹੈ ਉਨ੍ਹਾਂ ਦਾ ਹਰ ਇਕ ਸ਼ਬਦ ਉਸਨੂੰ ਮੂੰਹ ਜ਼ੁਬਾਨੀ ਯਾਦ ਹੈ। ਕਦੇ ਵੀ ਉਹ ਗਾਉਣ ਲੱਗਾ ਆਪਣੇ ਮੂਹਰੇ ਕਾਪੀ ਜਾਂ ਕਿਤਾਬ ਖੋਲ੍ਹਕੇ ਨਹੀਂ ਰੱਖਦਾ। ਇਸ ਕਲਾ ਦੇ ਖੇਤਰ ’ਚ ਅਹਿਮ ਯੋਗਦਾਨ ਬਦਲੇ ਪੰਜਾਬੀ ਸੱਥ ਲਾਂਬੜਾਂ (ਜਲੰਧਰ), ਕੁਰਾਲੀ ਦੀ ਪੰਚਾਇਤ ਅਤੇ ਹੋਰ ਅਨੇਕਾਂ ਧਾਰਮਿਕ ਅਤੇ ਸੱਭਿਆਚਾਰਕ ਸੰਸਥਾਵਾਂ ਆਪ ਨੂੰ ਸਨਮਾਨਿਤ ਕਰ ਚੁੱਕੀਆ ਹਨ। ਪਿੰਡ ਮੱਦੋਕੇ (ਮੋਗਾ) ਦੀ ਪੰਚਾਇਤ ਵੱਲੋਂ ਵੀ ਆਪਨੂੰ ਮੋਟਰਸਾਇਕਲ ਦੇ ਕੇ ਸਨਮਾਨਿਤ ਕੀਤਾ ਗਿਆ। ਸਮੇਂ-ਸਮੇਂ ਆਪ ਦਾ ਕਈ ਸਾਥੀ ਕਲਾਕਾਰਾਂ ਨੇ ਸਾਥ ਦਿੱਤਾ। ਅੱਜ ਕੱਲ੍ਹ ਅਲਗੋਜ਼ਾ ਮਾਸਟਰ ਧੰਨਾ ਸਿੰਘ, ਤੂੰਬਾ ਮਾਸਟਰ ਬੂਟਾ ਗੁੱਜਰ ਆਪ ਦਾ ਸਕੇ ਭਰਾਵਾਂ ਵਾਂਗ ਸਾਥ ਨਿਭਾਅ ਰਹੇ ਹਨ।

ਸੁਖਦੇਵ ਸਿੰਘ ਮੱਦੋਕੇ ਬੜਾ ਸਾਊ, ਸੂਝਵਾਨ, ਮਿਲਾਪੜਾ ਤੇ ਵਧੀਆ ਕਿਰਦਾਰ ਵਾਲਾ ਐਸਾ ਗੰਣਤੰਤਰੀ ਹੈ, ਜੋ ਵੱਡਿਆਂ ਦਾ ਅਦਬ, ਸਤਿਕਾਰ ਤੇ ਹਰ ਬੰਦੇ ਨੂੰ ਪਿਆਰ ਕਰਨ ਵਾਲਾ ਇਨਸਾਨ ਹੈ। ਅੱਜ ਕੱਲ੍ਹ ਉਹ ਆਪਣੇ ਦੋ ਬੇਟਿਆਂ ਨਾਲ ਆਪਣੇ ਨਾਨਕੇ ਪਿੰਡ ਮੱਦੋਕੇ ਤਹਿਸੀਲ ਤੇ ਜ਼ਿਲ੍ਹਾ ਮੋਗਾ ਵਿਖੇ ਆਪਣਾ ਜੀਵਨ ਬਸਰ ਕਰਦਾ ਹੋਇਆ ਇਸ ਕਲਾ ਦੇ ਪ੍ਰਚਾਰ ਤੇ ਪ੍ਰਸਾਰ ਦੇ ਖੇਤਰ ਵਿਚ ਆਪਣੀ ਉਸਾਰੂ ਭੂਮਿਕਾ ਅਦਾ ਕਰ ਰਿਹਾ ਹੈ।

ਅਲੋਪ ਹੋ ਰਹੀ ਇਸ ਵਿਰਾਸਤ ਨੂੰ ਜਿਊਂਦਾ ਰੱਖਣ ਲਈ ਉਨ੍ਹਾਂ ਦਾ ਇਹ ਉਪਰਾਲਾ ਸਲਾਘਾਯੋਗ ਹੈ। ਜਿਸ ਲਈ ਹੋਰਾਂ ਨੂੰ ਵੀ ਅੱਗੇ ਆਉਂਣਾ ਚਾਹੀਦਾ ਹੈ, ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਪੁਰਾਤਨ ਵਿਰਸੇ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਇਹੋ ਜਿਹੇ ਗਵੰਤਰੀਆਂ, ਕਲਾਕਾਰਾਂ, ਸਾਹਿਤਕਾਰਾਂ ਨੂੰ ਬਣਦਾ ਮਾਣ ਸਨਮਾਨ ਦੇਵੇ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਕਾਂਗਰਸ ਸਰਕਾਰ ਅਨੁਸੂਚਿਤ ਜਾਤਾਂ ਦੇ ਲੋਕਾਂ ਦੇ ਖਿਲਾਫ ਅਤਿਆਚਾਰਾਂ ਨੂੰ ਰੋਕਣ ਲਈ ਕਦਮ ਚੁੱਕਣ ਵਿੱਚ ਅਸਫਲ- ਕੈਂਥ

**ਚੰਡੀਗੜ੍ਹ–** ਨੈਸ਼ਨਲ ਸਡਿਊਲਡ ਕਾਸਟਸ ਅਲਾਇੰਸ਼, ਇਕ ਸਮਾਜਿਕ-ਰਾਜਨੀਤਕ ਸੰਗਠਨ, ਨੇ "ਕਥਿਤ ਅਨੁਸੂਚਿਤ ਜਾਤੀ ਵਿਰੋਧੀ ਰਵੱਈਏ" ਲਈ ਪੰਜਾਬ ਵਿਚ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੀ ਨਿੰਦਾ ਕੀਤੀ ਹੈ।

ਸੱਤਾਧਾਰੀ ਪਾਰਟੀ ਦੇ ਨਾਲ, ਇਸ ਨੇ ਅਨੁਸੂਚਿਤ ਜਾਤਾਂ ਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਸੁਪਨਿਆਂ ਦੇ ਨਾਲ ਖੇਡਣ ਲਈ ਭਾਜਪਾ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਰਗੀਆਂ ਹੋਰ ਸਿਆਸੀ ਪਾਰਟੀਆਂ ਦੀ ਵੀ ਆਲੋਚਨਾ ਕੀਤੀ। ਅਲਾਇੰਸ ਦੇ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਕਿਹਾ ਕਾਂਗਰਸ ਸਰਕਾਰ ਅਨੁਸੂਚਿਤ ਜਾਤਾਂ ਦੇ ਲੋਕਾਂ ਦੇ ਖਿਲਾਫ ਅਤਿਆਚਾਰਾਂ ਨੂੰ ਰੋਕਣ ਲਈ ਕਦਮ ਚੁੱਕਣ ਵਿੱਚ ਅਸਫਲ ਰਹੀ ਹੈ, ਇਹ ਇੱਕ ਅਜਿਹਾ ਰੁਝਾਨ ਹੈ ਜ ਕਦੇ ਖ਼ਤਮ ਨਹੀਂ ਹੁੰਦਾ। ਅਨੁਸੂਚਿਤ ਜਾਤੀਆਂ ਨੂੰ ਚੋਣਾਂ ਤੋਂ ਪਹਿਲਾਂ ਵਿਕਾਸ ਅਤੇ ਸਮਾਜਿਕ-ਆਰਥਿਕ ਨਿਆਂ ਦੇ ਝੂਠੇ ਵਾਅਦੇ ਉਨ੍ਹਾਂ ਦੇ ਮਹੱਤਵਪੂਰਣ ਵੋਟ ਲਈ, ਪਰ ਅਸਲੀਅਤ ਵਿਚ, ਇਹ ਪਾਰਟੀਆਂ ਅਨੁਸੂਚਿਤ ਜਾਤੀ ਦੇ ਭਾਈਚਾਰੇ ਦੀ ਦੁਸ਼ਮਣ ਹਨ। ਉਨ੍ਹਾਂ ਨੇ ਕਿਹਾ ਕਿ ਫਰੀਦਕੋਟ ਵਿਚ ਇਕ ਕੇਸ ਜਿਸ ਵਿਚ ਇਕ ਅਨੁਸੂਚਿਤ ਜਾਤੀ ਦੀ ਅਧਿਆਪਕਾਂ ਨਾਲ ਆਦਰਸ਼ ਸਕੂਲ ਦੇ ਚੇਅਰਮੈਨ ਨੇ ਬਲਾਤਕਾਰ ਕੀਤਾ ਅਤੇ ਸੰਗਰੂਰ ਵਿਚ ਇਕ ਸ਼ਾਮਲਾਟ ਭੂਮੀ ਝਗੜੇ ਵਿਚ ਅਨੁਸੂਚਿਤ ਜਾਤਾਂ ਦੇ ਇਕ ਵਿਅਕਤੀ ਦੀ ਹੱਤਿਆ ਦਾ ਦੋਸ਼



ਲਗਾਉਂਦੇ ਹੋਏ , ਇਨ੍ਹਾਂ ਵਿਚੋਂ ਕਿਸੇ ਵੀ ਮਾਮਲੇ ਨੂੰ ਪੁਲਿਸ ਨੇ ਗੰਭੀਰਤਾ ਨਾਲ ਨਹੀਂ ਲਿਆ, ਜੋ ਸਿੱਧੇ ਤੌਰ ਤੇ ਸੂਬਾ ਸਰਕਾਰ ਦੇ ਕੰਟਰੋਲ ਹੇਠ ਹੈ। ਉਨ੍ਹਾਂ ਨੇ ਕਿਹਾ ਪਿਛਲੀ ਅਕਾਲੀ-ਭਾਜਪਾ ਸਰਕਾਰ ਵਾਂਗ, ਕਾਂਗਰਸ ਸਰਕਾਰ ਜਾਣਬੁੱਝ ਕੇ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਦਬਾਉਣ ਅਤੇ ਅਮੀਰ ਤੇ ਸ਼ਕਤੀਸ਼ਾਲੀ ਲੋਕਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਉਨ੍ਹਾਂ ਨੇ ਕਿਹਾ ਗ੍ਰਹਿ ਮੰਤਰਾਲੇ ਮੁੱਖ ਮੰਤਰੀ ਦੇ ਅਧੀਨ ਹੈ ਅਤੇ ਇਹ ਸ਼ਰਮ-ਨਾਕ ਮਾਮਲਾ ਹੈ, ਇਨ੍ਹਾਂ ਵਰਗੀਆਂ ਘਟ-ਨਾਵਾਂ ਨੂੰ ਸਹੀ ਸਾਵਧਾਨੀ ਨਾਲ ਨਹੀਂ ਲਿਆ ਗਿਆ ਅਤੇ ਜਲਦੀ ਤੋਂ ਜਲਦੀ ਨਿਆਂ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗਠਜੋੜ ਵਰਗੀਆਂ ਹੋਰ ਪਾਰਟੀਆਂ ਨੇ ਅਨੁਸੂਚਿਤ ਜਾਤੀ ਦੇ ਲੋਕਾਂ ਦੀਆਂ ਭਾਵਨਾਵਾਂ ਅਤੇ ਸੁਪਨਿਆਂ ਨਾਲ ਖੇਡੇ ਹਨ।

ਕੈਂਥ ਨੇ ਅੱਗੇ ਕਿਹਾ ਉਨ੍ਹਾਂ ਦਾ ਸੰਗਠਨ ਸਿਆਸਤਦਾਨਾਂ ਵਿਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਜਗਾਉਣ ਦੀ ਮੁਹਿੰਮ ਚਲਾਉਣ ਦੀ ਯੋਜਨਾ ਬਣਾ ਰਿਹਾ ਹੈ। ਉਨ੍ਹਾਂ ਨੇ ਕਿਹਾ, ਵਿਧਾਇਕ ਅਤੇ ਸੰਸਦ ਮੈਂਬਰ, ਅਨੁਸੂਚਿਤ ਜਾਤੀ ਦੇ ਹੋਰ ਆਗੂਆਂ ਦੀ ਸਮਾਜ ਪ੍ਰਤੀ ਜ਼ਿੰਮੇਵਾਰੀ ਨਿਰਾਸ਼ਾ ਜਨਕ ਨਜਰ ਆਉਂਦੀ ਹੈ ਉਨ੍ਹਾਂ ਨੂੰ ਸਮਾਜ ਵਿਚ ਨਿਆਂ ਅਤੇ ਕਲਿਆਣ ਲਈ ਜ਼ਿੰਮੇਵਾਰੀ ਤੁਰੰਤ ਅਮਲ ਵਿੱਚ ਲਿਆਉਣ।

# ਸਰਕਾਰ ਦੁਆਰਾ 400 ਸਕੂਲ ਬੰਦ ਕਰਨ ਲਿਆ ਫੈਸਲਾ, ਮੁੱਢਲੇ ਅਧਿਕਾਰਾਂ ਦੀ ਉਲੰਘਣਾ -ਸੂਬਾਈ ਪ੍ਰਧਾਨ ਬਲਦੇਵ ਸਿੰਘ ਬੁੱਟਰ

**ਬਟਾਲਾ (ਬਰਨਾਲ)–** ਕੈਪਟਨ ਸਰਕਾਰ ਵੱਲੋ ਬੀਤੇ ਦਿਨੀ 400 ਸਕੂਲਾਂ ਨੂੰ ਬੰਦ ਕਰਨ ਦਾ ਫੈਸਲਾ , ਸਿੱਖਿਆ ਦੇ ਅਧਿਕਾਰੀ ਦੀ ਉਲੰਘਣਾ ਹੈ, ਇਹਨਾ ਸ਼ਬਦਾ ਪ੍ਰਗਟਾਵਾ ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਪ੍ਰਧਾਨ ਬਲਦੇਵ ਸਿੰਘ ਬੁੱਟਰ ਨੇ ਕੀਤਾ ਹੈ। ਜਿਕਰਯੋਗ ਹੈ ਵੀਹ ਵਿਦਿਆਰਥੀਆਂ ਤੋ ਘੱਟ ਗਿਣਤੀ ਹੋਣ ਤੇ ਸਕੂਲ ਬੰਦ ਕੀਤੇ ਜਾ ਰਹੇ, ਜੋ ਕਿ ਇਕ ਮੰਦ ਭਾਗੀ ਘਟਨਾ ਹੈ, ਪੰਜਾਬ ਵਿਚ 400 ਸਕੂਲ ਬੰਦ ਕਰਨ ਦੀ ਚਿੱਠੀ ਜਾਰੀ ਹੁੰਦਿਆਂ ਹੀ ਅਧਿਆਪਕ ਵਰਗ ਅੰਦਰ ਬੇਚੈਨੀ ਪਾਈ ਜਾ ਰਹੀ ਹੈ। ਇਕ ਕਿਲੋ ਮੀਟਰ ਦੇ ਦਾਇਰੇ ਅੰਦਰ ਆਉਦੇ ਸਕੂਲਾਂ ਨੂੰ ਮਰਜ ਕੀਤਾ ਜਾ ਰਿਹਾ ਹੈ। ਭਾਵੇ ਅਧਿਆਪਕ ਵਰਗ ਦੇ ਦਬਦਬੇ ਨਾਲ 30 ਨਵੰਬਰ ਤੱਕ ਇਸ ਚਿੱਠੀ ਤੇ ਰੋਕ ਲਗ ਗਈ ਹੈ, ਜੇਕਰ ਇਹ ਚਿੱਠੀ ਲਾਗੂ ਹੁੰਦੀ ਹੈ ਕਿ ਪੰਜਾਬ ਦੇ ਸਕੂਲਾਂ ਵਿਚ ਪੜਦੇ ਵਿਦਿਅਰਥੀਆਂ ਵਾਸਤੇ ਇਸ ਤੋ ਮਾੜੀ ਘਟਨਾਂ ਨਹੀਂ ਹੋ ਸਕਦੀ। ਕਈ ਤਰਾਂ ਦੀਆਂ ਗੱਲਾ ਸਾਹਮਣੇ ਆ ਰਹੀਆਂ ਹਨ,ਸਕੂਲ ਸ਼ਿਫਟ ਕੀਤੇ ਜਾ ਰਹੇ ਪਰ ਬੰਦ ਨਹੀ ਕੀਤੇ ਜਾ ਰਹੇ,ਆਪਣੇ ਪਿੰਡ ਦੇ ਸਕੂਲ ਵਿਚੋ ਇਕ ਕਿਲੋਮੀਟਰ ਦੂਰ ਚਲ ਕੇ ਪੜਾਈ ਕਰਨ ਜਾਣਾ ਨਿਕੇ ਬੱਚਿਆਂ ਵਾਸਤੇ ਕਿੰਨਾਂ ਔਖਾ ਹੋਵੇਗਾ, ਕਿਉ ਕਿ ਬੱਚਿਆ ਦੇ ਮਾਤਾ ਪਿਤਾ ਦੀ ਇਕ ਡਿਊਟੀ ਬਣ ਜਾਵੇਗੀ , ਬੱਚੇ ਨੂੰ ਸਕੂਲ ਛੱਡਣ ਵੀ ਜਾਣਾ ਹੈ ਤੇ ਮਜਦੂਰ ਮਾਤਾ ਪਿਤਾ ਇਸ ਗੱਲ ਜਰਾ ਵੀ ਬਰਦਾਸ਼ਤ ਨਹੀ ਕਰਨਗੇ। ਸਿਖਿਆ ਵਿਭਾਗ ਨੇ ਤਾਂ ਸਿੱਖਿਆ ਅਧਿਆਪਕ ਕਾਨੂੰਨ ਨੂੰ ਸਹੀ ਅਰਥਾਂ ਵਿਚ ਲਾਗੂ ਕਰਨਾ ਸੀ ਪਰ ਸਭ ਕੁੱਝ ਉਸਦੇ ਉਲਟ ਹੋ ਰਿਹਾ ਹੈ। ਇਕੱਲੇ ਸਕੂਲ ਬੰਦ ਕਰਨ ਦੀ ਹੀ ਗਲ ਨਹੀ ਇਸ ਨਾਲ 1600 ਅਧਿਆਪਕਾਂ ਦੀਆ ਅਸਾਮੀਆਂ ਵੀ ਖਤਮ ਹੋ ਜਾਣਗੀਆ । ਤੇ ਕਿਸੇ ਵੀ ਕੀਮਤ ਤੇ ਸਕੂਲਾਂ ਨੂੰ ਬੰਦ ਨਹੀ ਹੋਣ ਦੇਵੇਗੀ। ਭਾਵੇ ਪਿਛਲੀ ਸਰਕਾਰ ਨੇ ਵੀ ਇਹੋ ਜਿਹੇ ਫੈਸਲੇ ਲਏ ਸਨ, ਜੋ ਕਿ ਲਾਗੂ ਨਹੀ ਹੋਏ ਤੇ ਮੌਜੂਦਾ ਸਰਕਾਰ ਵੀ ਪਹਿਲੇ ਪੂਰਨਿਆਂ ਤੇ



ਪੰਜਾਬ ਵਿਚ ਹਜਾਰਾਂ ਹੀ ਅਧਿਆਪਕ ਟੈਟ ਪਾਸ ਕਰਨ ਉਪਰੰਤ ਨੌਕਰੀ ਦੀ ਆਸ ਲਗਾਈ ਬੈਠੇ ਹਨ, ਉਹਨਾਂ ਨੂੰ ਨਜਦੀਕੀ ਭਵਿੱਖ ਵਿਚ ਕੋਈ ਆਸ ਦੀ ਕਿਰਨ ਦਿਖਾਈ ਨਹੀ ਦਿੰਦੀ । ਵਿਦਿਆਰਥੀਆਂ ਦਾ ਦੂਜੇ ਪਿੰਡ ਦੇ ਸਕੂਲ ਵਿਚ ਪੜਨ ਜਾਣਾ ਤੇ ਅਧਿਆਪਕਾਂ ਦੀ ਖੱਜਲ ਖੁਆਰੀ ਸਬੰਧੀ ਰੂਪ ਰੇਖਾ ਉਲੀਕੀ ਜਾ ਰਹੀ ਹੈ, ਤੇ ਮਾਸਟਰ ਕੇਡਰ ਯੂਨੀਅਨ ਪੰਜਾਬ ਚਲ ਰਹੀ ਹੈ। ਜੋ ਕਿ ਇਕ ਮੰਦਭਾਗੀ ਗੱਲ ਹੋਵੇਗੀ,ਹਜਾਂਰਾਂ ਅਸਾਮੀਆਂ ਅਧਿਆਪਕਾ ਦੀਆਂ ਖਾਲੀ ਪਈਆਂ,ਬੇਰੁਜਗਾਰ ਆਪਣੀ ਉਮਰ ਵਿਆਹੀ ਜਾ ਹਨ, ਤੇ ਬੇਰੁਜਗਾਰੀ ਦੀ ਚੱਕੀ ਵਿਚ ਪਿਸਦੇ ਜਾ ਰਹੇ ਹਨ। ਇਸ ਘਿਣਾਉਣੇ ਫੈਸਲੇ ਸਬੰਧੀ ਅਖੀਰਲੇ ਸਮੇ ਤੱਕ ਸੰਘਰਸ਼ ਕੀਤਾ ਜਾਵੇ।ਇਸ ਸਬੰਧ ਵਿਚ ਯੂਨੀਅਨ ਦੇ ਫਾਉਡਰ ਮੈਬਰ ਦਲਵਿੰਦਰਜੀਤ ਸਿੰਘ ਗਿੱਲ ਤੇ ਜਿਲਾ ਗੁਰਦਾਸਪੁਰ ਦੇ ਪ੍ਰਧਾਨ ਕੁਲਵਿੰਦਰ ਸਿੰਘ ਸਿਧੂ ਨੇ ਦੱਸਿਆ ਇਸ ਪਤਰ ਦੇ ਜਾਰੀ ਹੋਣ ਨਾਲ ਇਹ ਸਮਝਿਆ ਜਾ ਸਕਦਾ ਹੈ ਸਰਕਾਰੀ ਆਪਣੇ ਮੁਢਲੇ ਫਰਜ਼ਾਂ ਤੋ ਭੱਜ ਰਹੀ ਹੈ, ਤੇ ਅਮੀਰ ਘਰਾਣਿਆਂ ਦੇ ਪੱਖ ਵਿਚ ਫੈਸਲੇ ਲੈ ਰਹੀ ਹੈ। ਮਾਸਟਰ ਕੇਡਰ ਦੇ ਜਰਨਲ ਸਕੱਤਰ ਸ੍ਰੀ ਵਸਿੰਗਟਨ ਸਿੰਘ ਸਮੀਰੋਵਾਲ ਨੇ ਦੱਸਿਆ ਕਿ ਸਕੂਲ ਬੰਦ ਕਰਨ ਲਿਆ ਫੈਸਲਾ, ਸਿਖਿਆ ਦੇ ਮੁਢਲੇ ਅਧਿਕਾਰਾਂ ਦੀ ਘੋਰ ਉਲੰਘਣਾ ਹੈ ਇਸ ਸਬੰਧ ਵਿਚ ਰੂਪਰੇਖਾ ਉਲੀਕੀ ਜਾ ਰਹੀ ਹੈ। ਅਧਿਆਪਕਾਂ ਦੀਆਂ ਅਸਾਮੀਆ ਤੇ ਸਕੂਲਾਂ ਨੂੰ ਕਿਸੇ ਵੀ ਸ਼ਰਤ ਬੰਦ ਨਹੀ ਹੋਣ ਦਿਤਾ ਜਾਵੇਗਾ ਤੇ ਸਰਕਾਰੀ ਦੀਆਂ ਗੁੱਝੀਆਂ ਨੀਤੀਆਂ ਨੂੰ ਕਾਮਯਾਬ ਨਹੀ ਹੋਣ ਦਿਤਾ ਜਾਵੇਗਾ। ਇਸ ਮੰਦਭਾਗੇ ਫੈਸਲੇ ਦੇ ਵਿਰੋਧ ਵਿਚ ਜਸਪਾਲ ਸਿੰਘ ਕਾਦੀਆ, ਨਰਿੰਦਰ ਸਿੰਘ, ਰਾਜ ਕੁਮਾਰ, ਪ੍ਰੇਮਪਾਲ ਸਿੰਘ, ਅਮਰੀਕ ਸਿੰਘ, ਸੁਖਦੇਵ ਸਿੰਘ, ਪਿਆਰਾ ਲਾਲ, ਰਜਿੰਦਰ ਕੁਮਾਰ ਸਰਮਾ, ਰਾਜਿੰਦਰ ਸਿੰਘ, ਬਿਕਰਮਜੀਤ ਸਿੰਘ ਢਿਲੋ, ਹਰਜੀਤ ਸਿੰਘ ਧਾਮੀ, ਸਮਸੇਰ ਸਿੰਘ, ਸਰਬਜੀਤ ਸਿੰਘ, ਜੋਗਿੰਦਰ ਸਿੰਘ, ਤਰਸੇਮ ਪਾਲ ਸਰਮਾ, ਰਵਿੰਦਰਜੀਤ ਸਿੰਘ ਪੰਨੂ, ਵਿਨੋਦ ਕੁਮਾਰ, ਕਰਮਜੀਤ ਸਿੰਘ, ਕਰਮਚੰਦ ਸਰਪ੍ਰਸਤ, ਸੂਬਾ ਸਿੰਘ, ਰਾਜਿੰਦਰ ਕੁਮਾਰ ਦੋਰਾਂਗਲਾ, ਜਸਪਾਲ ਸਿੰਘ, ਬਲਵਿੰਦਰਪਾਲ ਭਗਤ, ਗੁਰਚਰਨ ਸਿੰਘ, ਕੁਲਦੀਪ ਸਿੰਘ, ਖਜਾਨਚੀ ਗੁਰਮੀਤ ਸਿੰਘ ਪਾਰੋਵਾਲ, ਸਤਨਾਮ ਸਿੰਘ, ਜਗਜੀਤ ਸਿੰਘ ਆਦਿ ਨਾ ਪ੍ਰਮੱਖ ਹਨ।


Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਆਸਾਨ !
ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER

Capital services

PERSONAL CAR SERVICES:
(Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ
ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ,
ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV
ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਉਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ
ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ
* ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:
Live Scan / Fingerprints, Notary Public/ ਨੋਟਰੀ ਪਬਲਿਕ, Mail Box
Business Cards, International Driver Lic.,
Translation Docs, Banners, Print, Copy, Fax etc.

For Legal Services,
Once a week Attorney
at your service.

ਕਿਸੇ ਵੀ ਜਾਣਕਾਰੀ ਲਈ Call (916) 427-4321
6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, **ਸੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ,** ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, **ਸੁਪਨਦੋਸ਼,** ਵੀਰਜ ਪਤਲਾ, **ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ,** ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, **ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।**


ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੂਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)
ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਪੈਣਾ ਬਿਨਾਂ ਆਪ੍ਰੇਸ਼ਨ ਆਰਾਮ
ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ
ਅਮਰ ਦਵਾਖਾਨਾ (ਰਜਿ.)
ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ ਨੇ ਪ੍ਰਧਾਨ ਮੰਤਰੀ ਮੋਦੀ ਦੇ ਨਾਂ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੂੰ ਦਿੱਤਾ ਮੰਗ ਪੱਤਰ

**ਫਗਵਾੜਾ (ਰੱਤੂ)** – ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ ਵਲੋਂ ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ਇਕ ਮੰਗ ਪੱਤਰ ਦਿੱਤਾ ਗਿਆ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਆਦਮਪੁਰ ਵਿਖੇ ਨਵੇਂ ਉਸਾਰੇ ਗਏ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਮ ਰਵਿਦਾਸੀਆ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਦਾ ਸਨਮਾਨ ਕਰਦੇ ਹੋਏ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਰੱਖਿਆ ਜਾਵੇ। ਇਸ ਮੌਕੇ ਸੁਸਾਇਟੀ ਦੇ ਚੇਅਰਮੈਨ ਸੰਤ ਮਹਿੰਦਰ ਪਾਲ, ਪ੍ਰਧਾਨ ਸੰਤ ਕੁਲਵੰਤ ਰਾਮ ਭਰੋਮਜਾਰਾ ਅਤੇ ਸਕੱਤਰ ਸੰਤ ਨਿਰਮਲ ਸਿੰਘ ਅਵਾਦਾਨ ਨੇ ਕਿਹਾ ਕਿ ਪੂਰੇ ਭਾਰਤ ਵਿਚ ਗੁਰੂ ਰਵਿਦਾਸ ਮਹਾਰਾਜ ਦੇ ਨਾਮ ਤੇ ਕੋਈ ਵੀ ਹਵਾਈ ਅੱਡਾ ਨਹੀਂ ਹੈ। ਪੰਜਾਬ ਦਾ ਦੋਆਬਾ ਇਲਾਕਾ ਜਿੱਥੇ ਇਹ ਹਵਾਈ ਅੱਡਾ ਬਣਾਇਆ ਗਿਆ ਹੈ, ਰਵਿਦਾਸੀਆ ਸਮਾਜ ਦੀ ਬਹੁਤ ਵੱਡੀ ਵਸੋਂ ਵਾਲਾ ਇਲਾਕਾ ਹੈ। ਇੱਥੋਂ ਦੇ ਬਹੁਤ ਸਾਰੇ ਲੋਕ ਵਿਦੇਸ਼ਾਂ ਵਿਚ ਰੁਜਗਾਰ ਲਈ ਗਏ ਹੋਏ ਹਨ ਜਿਹਨਾਂ ਵਿਚ ਦਲਿਤ ਸਮਾਜ ਦੀ



ਬਹੁਤ ਵੱਡੀ ਗਿਣਤੀ ਹੈ। ਇਸ ਲਈ ਦੇਸ਼ ਵਿਦੇਸ਼ ਵਿਚ ਵੱਸਦੇ ਸਮੂਹ ਦਲਿਤ ਸਮਾਜ ਦੀ ਇੱਛਾ ਨੂੰ ਧਿਆਨ ਵਿਚ ਰੱਖਦੇ ਹੋਏ ਉਹ ਮੋਦੀ ਸਰਕਾਰ ਤੋਂ ਮੰਗ ਕਰਦੇ ਹਨ ਕਿ ਉਕਤ ਹਵਾਈ ਅੱਡੇ ਦਾ ਨਾਂ ਸ੍ਰੀ ਗੁਰੂ ਰਵਿਦਾਸ ਇੰਟਰਨੈਸ਼ਨਲ ਏਅਰ ਪੋਰਟ ਰੱਖਿਆ ਜਾਵੇ। ਮੰਗ ਪੱਤਰ ਦੇਣ ਮੌਕੇ ਜਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਤੋਂ ਇਲਾਵਾ ਸੰਤ ਮਹਿੰਦਰ ਪਾਲ ਪੰਡਵਾ, ਸੰਤ ਆਤਮਾ ਦਾਸ ਅਪਰਾ, ਸੰਤ ਓਮ ਪ੍ਰਕਾਸ਼, ਸੰਤ ਜਸਵਿੰਦਰ ਪਾਲ, ਸੰਤ ਸਤਨਾਮ ਦਾਸ ਨਰੂੜ, ਸੰਤ ਜਸਵਿੰਦਰ ਸਿੰਘ ਡਾਂਡੀਆ, ਸੰਤ ਹਾਕਮ ਦਾਸ, ਸੰਤ ਸ਼ੀਤਲ ਦਾਸ, ਸੰਤ ਸੋਮਨਾਥ, ਸੰਤ ਗੁਰਮੀਤ ਸਿੰਘ, ਬੀਬੀ ਮੀਨਾ ਦੇਵੀ ਆਦਿ ਵੀ ਹਾਜਰ ਸਨ।

# 800 ਸਕੂਲਾਂ ਨੂੰ ਮਰਜ ਕਰਕੇ ਗਰੀਬਾਂ ਤੋਂ ਸਿੱਖਿਆ ਦਾ ਅਧਿਕਾਰ ਖੋਹਣ ਦੀ ਕੋਸ਼ਿਸ਼ ਕਰ ਰਹੀ ਕੈਪਟਨ ਸਰਕਾਰ- ਟੂਰਾ

**ਫਗਵਾੜਾ (ਰੱਤੂ)** – ਗਜਟਿਡ ਐਂਡ ਨਾਨ ਗਜਟਿਡ ਐਸ.ਸੀ. ਬੀ.ਸੀ. ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਦੇ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਸਤਵੰਤ ਟੂਰਾ, ਮਨਜੀਤ ਗਾਟ, ਬਲਵਿੰਦਰ ਮਸੀਹ ਅਤੇ ਸੰਤੋਖ ਸਿੰਘ ਕਪੂਰਥਲਾ ਨੇ ਇਕ ਸਾਂਝੇ ਪ੍ਰੈਸ ਬਿਆਨ ਵਿਚ ਪੰਜਾਬ ਸਰਕਾਰ ਵਲੋਂ 800 ਪ੍ਰਾਇਮਰੀ ਸਕੂਲਾਂ ਨੂੰ ਮਰਜ ਕਰਨ ਦੇ ਫੈਸਲੇ ਦੀ ਸਖਤ ਨਖੇਧੀ ਕਰਦਿਆਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਸਿੱਧ ਹੋ ਗਿਆ ਹੈ ਕਿ ਮੌਜੂਦਾ ਕਾਂਗਰਸ ਸਰਕਾਰ ਗਰੀਬ ਲੋਕਾਂ ਨੂੰ ਸਿੱਖਿਆ ਦੇਣ ਦੀ ਬਜਾਏ ਉਹਨਾਂ ਤੋਂ ਸਿੱਖਿਆ ਦਾ ਅਧਿ-ਕਾਰ ਖੋਹਣ ਦੀ ਨੀਤੀ ਤੇ ਚਲ ਰਹੀ ਹੈ। ਉਹਨਾਂ ਕਿਹਾ ਕਿ 25 ਅਕਤੂਬਰ ਤਕ ਸਕੂਲਾਂ ਨੂੰ ਮਰਜ ਕਰਨ ਦੇ ਤੁਗਲਕੀ ਫਰਮਾਨ ਨਾਲ ਸਿੱਧੇ ਤੌਰ ਤੇ ਪ੍ਰਾਈਵੇਟ ਸਕੂਲਾਂ ਨੂੰ ਲਾਭ ਪਹੁੰਚਾਇਆ ਗਿਆ ਹੈ ਜਿੱਥੇ ਗਰੀਬਾਂ ਦੇ ਬੱਚੇ ਮਹਿੰਗੀ ਸਿੱਖਿਆ ਹਾਸਲ ਨਹੀਂ ਕਰ ਸਕਦੇ। ਸਤਵੰਤ ਟੂਰਾ ਨੇ ਕਿਹਾ ਕਿ ਬਲਾਕ ਫਗਵਾੜਾ ਦੇ ਅਧਿਕਾਰੀ ਕਹਿ ਰਹੇ ਹਨ ਕਿ ਸਿਰਫ 1 ਕਿਲੋਮੀਟਰ ਦੇ ਦਾਇਰੇ ਵਾਲੇ ਸਕੂਲ ਮਰਜ ਕੀਤੇ ਹਨ ਜਦਕਿ ਅੰਕੜੇ ਕੁਝ ਹੋਰ ਬਿਆਨ ਕਰਦੇ ਹਨ। ਉਹਨਾਂ ਕਿਹਾ ਕਿ ਸਰਕਾਰੀ ਪ੍ਰਾਇਮਰੀ ਸਕੂਲ ਮਾਇਓਪੱਟੀ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਨਸੀਰਾਬਾਦ ਵਿਚ ਮਰਜ ਕੀਤਾ ਗਿਆ ਹੈ ਜਿਹਨਾਂ ਦਾ ਆਪਸ ਵਿਚ ਫਾਸਲਾ ਪੰਜ ਕਿਲੋਮੀਟਰ ਦਾ ਹੈ। ਨਿਹਾਲਗੜ੍ਹ ਤੋਂ ਮੌਲੀ ਸਕੂਲ ਦਾ ਫਾਸਲਾ ਵੀ ਕਰੀਬ ਤਿੰਨ ਕਿਲੋਮੀਟਰ ਹੈ। ਇਸੇ ਤਰ੍ਹਾਂ ਖੇੜੀ



ਸਕੂਲ ਨੂੰ ਸਰਕਾਰੀ ਪ੍ਰਾਇਮਰੀ ਸਕੂਲ ਖੇੜਾ ਵਿਚ ਮਰਜ ਕੀਤਾ ਗਿਆ ਹੈ ਜਿਹਨਾਂ ਦਾ ਆਪਸ ਵਿਚ ਫਾਸਲਾ ਲਗਭਗ 7 ਕਿਲੋਮੀਟਰ ਹੈ। ਉਹਨਾਂ ਕਿਹਾ ਕਿ ਜਿਸ ਵੀ ਅਧਿਕਾਰੀ ਨੇ ਇਹ ਗਲਤ ਅੰਕੜੇ ਪੇਸ਼ ਕੀਤੇ ਹਨ ਉਸ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਉਹਨਾਂ ਇਹ ਵੀ ਕਿਹਾ ਕਿ ਪਿਛਲੀ ਬਾਦਲ ਸਰਕਾਰ ਦੀ ਤਰ੍ਹਾਂ ਹੀ ਮੌਜੂਦਾ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਵੀ ਸਕੂਲਾਂ ਵਿਚ ਅਧਿਆਪਕਾਂ ਦੀ ਘਾਟ ਪੂਰੀ ਨਹੀਂ ਕੀਤੀ। ਉਹਨਾਂ ਸਿੱਖਿਆ ਮੰਤਰੀ ਪੰਜਾਬ ਤੋਂ ਮੰਗ ਕੀਤੀ ਕਿ ਸਕੂਲਾਂ ਨੂੰ ਮਰਜ ਕਰਨ ਦੀ ਬਜਾਏ ਲੋੜੀਂਦੇ ਅਧਿਆਪਕਾਂ ਦੀ ਭਰਤੀ ਕੀਤੀ ਜਾਵੇ। ਪ੍ਰਾਇਮਰੀ ਸਕੂਲਾਂ ਵਿਚ ਪ੍ਰੀ-ਪ੍ਰਾਇਮਰੀ ਕਲਾਸਾਂ ਸ਼ੁਰੂ ਕੀਤੀਆਂ ਜਾਣ ਜਿਸ ਨਾਲ ਇਹਨਾਂ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਧੇਗੀ। ਉਹਨਾਂ ਕਿਹਾ ਕਿ ਜੇਕਰ ਸਕੂਲਾਂ ਵਿਚ ਅਧਿਆਪਕ ਹੀ ਨਹੀਂ ਹੋਣਗੇ ਤਾਂ ਫਿਰ ਬੱਚੇ ਕਿੱਥੋਂ ਆਉਣਗੇ? ਉਹਨਾਂ ਸਮੂਹ ਅਧਿਆਪਕ ਜੱਥੇਬੰਦੀਆਂ, ਪੰਚਾਇਤਾਂ ਅਤੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਇਸ ਫੈਸਲੇ ਦਾ ਡਟ ਕੇ ਵਿਰੋਧ ਕੀਤਾ ਜਾਵੇ। ਇਸ ਮੌਕੇ ਗਿਆਨ ਚੰਦ ਵਾਹਦ, ਬਲਵਿੰਦਰ ਕੁਮਾਰ, ਵਿਜੇ, ਜੋਗਿੰਦਰ ਪਾਲ, ਦੀਸ਼ ਕੁਮਾਰ, ਜਸਵੀਰ ਲਾਲ, ਜਗਦੀਸ਼, ਸੋਹਨ ਲਾਲ, ਸਤਨਾਮ ਗਿੱਲ ਰਵਿੰਦਰ ਕੁਮਾਰ, ਤੀਰਥ ਸਿੰਘ, ਪਰਮਿੰਦਰ ਪਾਲ ਸਿੰਘ, ਰਾਮ ਪਾਲ, ਜਗੀਰ ਕੌਰ, ਕੁਲਵਿੰਦਰ ਕੌਰ, ਨਛੱਤਰ ਕੌਰ ਆਦਿ ਵੀ ਹਾਜਰ ਸਨ।

# ਸੂਫ਼ੀ ਗਾਇਕ ਤੇ ਅਦਾਕਾਰ ਸਤਿੰਦਰ ਸਰਤਾਜ ਨੂੰ ਦਵਾਇਆ ਸ਼ੋਅ ਕਰਨ ਵਾਸਤੇ ਪੀ3 ਵੀਜ਼ਾ

**ਸੈਕਰਾਮੈਂਟੋ**–ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਨਿਊਯਾਰਕ, ਫਰੀਮਾਂਟ, ਸ਼ਿਕਾਗੋ, ਫਰਿਜ਼ਨੋ 'ਚ ਇੰਮੀਗ੍ਰੇਸ਼ਨ ਸੇਵਾਵਾਂ ਦੇ ਰਹੇ ਅਮਰੀਕਾ ਦੇ ਉਘੇ ਤੇ ਪ੍ਰਸਿੱਧ ਵਕੀਲ ਸ: ਜਸਪ੍ਰੀਤ ਸਿੰਘ ਅਟਾਰਨੀ ਹੁਰਾਂ ਵਲੋਂ ਸਿਨਸੈਨਾਟੀ ਸ਼ਹਿਰ ਦੇ ਲੋਕਾਂ ਦੀ ਭਾਰੀ ਮੰਗ ਤੇ 3ਜਅਢਜਅਅ ‘ੲਅਗਰਕ +ਜਿਕ ਵਿਖੇ ਆਪਣੇ ਨਵੇਂ ਦਫਤਰ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਜਿਸ 'ਤੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਹੁਣ ਇਕ ਹੀ ਛੱਤ ਹੇਠ ਸਸਤੀਆਂ ਤੇ ਭਰੋਸੇਯੋਗ ਇੰਮੀਗ੍ਰੇਸ਼ਨ ਸੇਵਾਵਾਂ ਮਿਲਣਗੀਆਂ। ਦਫ਼ਤਰ ਦੇ ਉਦਘਾਟਨੀ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਵਾਹਿਗੁਰੂ ਦੇ ਸ਼ੁਕਰਾਨੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ



ਅਰਦਾਸ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਸਿਨਸੈਨਾਟੀ ਸ਼ਹਿਰ ਦੇ ਲੋਕਾਂ ਦੀ ਬੜੇ ਲੰਮੇ ਸਮੇਂ ਤੋਂ ਮੰਗ ਸੀ ਕਿ ਇਸ ਸ਼ਹਿਰ ਵਿੱਚ ਵੀ ਇੰਮੀਗ੍ਰੇਸ਼ਨ ਦਫ਼ਤਰ ਖੋਲਿਆ ਜਾਵੇ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਦੀ ਮੰਗ ਨੂੰ ਦੇਖਦਿਆਂ ਇਹ ਸ਼ੁਰੂਆਤ ਬੀਤੇ ਦਿਨ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇੱਥੇ ਰਾਜਸੀ ਸ਼ਰਨ, ਸਿਟੀਜਸ਼ਨਸ਼ਿਪ, ਗਰੀਨ ਕਾਰਡ, ਮੈਰਿਜ ਕੇਸ, ਡਿਪੋਟੇਸ਼ਨ ਡਿਫੈਂਸ, ਇੰਗੀਗ੍ਰੇਸ਼ਨ ਕੋਰਟ ਕੇਸ, ਫੈਮਿਲੀ ਪਟੀਸ਼ਨ, ਪੀ.3 ਵੀਜ਼ਾ ਅਤੇ ਹੋਰ ਇੰਗੀਗ੍ਰੇਸ਼ਨ ਸਮੱਸਿਆਵਾਂ ਲਈ ਤੁਸੀਂ ਇੱਥੇ ਵਿਜਟ ਕਰ ਸਕਦੇ ਹੋ। ਇਸ ਮੌਕੇ ਉਦਘਾਟਨੀ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਸ: ਅਮਰਜੀਤ ਸਿੰਘ ਤੱਖਰ, ਪੰਮਾ ਤੱਖਰ, ਹਰਿੰਦਰ ਕੰਗ, ਰੈਂਡੀ ਤੱਖਰ, ਪਾਲ ਤੱਖਰ, ਅਮਰੀਕ ਟਿਵਾਣਾ, ਸੁਰਜੀਤ ਮਾਵੀ, ਪੰਮਾ ਗਰਚਾ, ਪਲਵਿੰਦਰ ਢਿੱਲੋਂ, ਪਲਵਿੰਦਰ ਗਿੱਲ, ਸੁਖਵਿੰਦਰ ਸਿੰਘ, ਗੁਰਪ੍ਰੀਤ ਗਿੱਲ, ਬਲਵੀਰ ਬਾਠ, ਜਗਦੀਸ਼ ਗਿੱਲ, ਗੁਰਮਿੰਦਰ ਸੰਧੂ, ਚਰਨਜੀਤ ਬਰਾੜ, ਹੈਪੀ ਮਟੌਟ, ਹੈਰੀ ਨਿੱਝਰ, ਪ੍ਰੀਤਮਪਾਲ ਗਿੱਲ, ਮੱਖਣ ਗਿੱਲ, ਕ੍ਰਿਪਾਲ ਗਿੱਲ, ਹਰਪਾਲ ਗਿੱਲ, ਭੁਪਿੰਦਰ ਵੜੈਚ, ਜੀ.ਡੇ. ਸੋਨੀ, ਗੁਰਚਰਨ ਕੰਗ, ਗੁਰਿੰਦਰ ਸਿੰਘ, ਕ੍ਰਿਸ਼ਨਾ ਦੂਬੇ, ਸੋਹਣ ਲਾਲ, ਹਰਿੰਦਰ ਟਾਟਲਾ, ਦਿਲਬਾਗ ਸਿੰਘ, ਹਰਬੰਸ ਸਿੰਘ, ਧਰਮਪਾਲ ਉਪਾਸ਼ਕ, ਕੁਮਾਰ ਪਵਨਦੀਪ ਆਦਿ ਹਾਜ਼ਰ ਸਨ। ਇਸ ਮੌਕੇ ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਦੱਸਿਆ ਕਿ ਬੀਤੇ ਦਿਨ ਉਘੇ ਸੂਫ਼ੀ ਗਾਇਕ ਤੇ ਅਦਾਕਾਰ ਸਤਿੰਦਰ ਸਰਤਾਜ ਨੂੰ ਅਮਰੀਕਾ ਵਿੱਚ ਸ਼ੋਅ ਕਰਨ ਵਾਸਤੇ ਪੀ. 3 ਵੀਜ਼ਾ ਦਵਾਇਆ। ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨਾਲ ਫੋਨ ਨੰਬਰਾਂ 917-915-4142 (ਸਿਨਸੈਨਾਟੀ), 510 657 6444 (ਫਰੀਮਾਂਟ), 559 271 5511 (ਫਰਿਜ਼ਨੋ), 916 372 4440 (ਸੈਕਰਾਮੈਂਟੋ) ਅਤੇ 718 533 8444 (ਨਿਊਯਾਰਕ) 'ਤੇ ਕਾਲ ਕਰਕੇ ਇੰਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਤੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

# 800 ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰਨ ਦੀ ਥਾਂ ਮਿਆਰ ਉੱਚਾ ਚੁੱਕੇ ਕੈਪਟਨ ਸਰਕਾਰ

**ਫਗਵਾੜਾ (ਰੱਤੂ)** – ਲੋਕ ਇਨਸਾਫ ਪਾਰਟੀ ਅਤੇ ਆਮ ਆਦਮੀ ਪਾਰਟੀ ਹਲਕਾ ਵਿਧਾਨਸਭਾ ਫਗਵਾੜਾ ਦਾ ਇਕ ਵਫਦ ਅੱਜ ਸੀਨੀਅਰ ਆਗੂ ਜਰਨੈਲ ਨੰਗਲ ਦੀ ਅਗਵਾਈ ਹੇਠ ਐਸ.ਡੀ.ਐਮ. ਫਗਵਾੜਾ ਮੈਡਮ ਜਯੋਤੀ ਬਾਲਾ ਮੱਟੂ ਨੂੰ ਮਿਲਿਆ। ਇਸ ਮੌਕੇ ਉਹਨਾਂ ਐਸ.ਡੀ.ਐਮ. ਫਗਵਾੜਾ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੋਂ ਇਲਾਵਾ ਸਿੱਖਿਆ ਮੰਤਰੀ, ਚੀਫ ਸਕੱਤਰ ਪੰਜਾਬ, ਡਿਪਟੀ ਕਮਿਸ਼ਨਰ ਕਪੂਰਥਲਾ, ਏ. ਡੀ. ਸੀ. ਫਗਵਾੜਾ ਦੇ ਨਾਂ ਵੱਖ ਵੱਖ ਮੰਗ ਪੱਤਰ ਦਿੱਤੇ। ਜਰਨੈਲ ਨੰਗਲ ਨੇ ਕਿਹਾ ਕਿ ਪੰਜਾਬ ਵਿਚ 800 ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ ਬੰਦ ਕਰਨ ਦਾ ਜੋ ਫੈਸਲਾ ਲਿਆ ਗਿਆ ਹੈ ਉਹ ਸਰਾਸਰ ਗਰੀਬਾਂ ਦੇ ਬੱਚਿਆਂ ਨੂੰ ਅਨਪੜ੍ਹ ਰੱਖਣ ਦੀ ਇਕ ਸਾਜਿਸ਼ ਅਤੇ ਪੰਜਾਬ ਦੇ ਗਰੀਬ ਪਰਿਵਾਰਾਂ ਨਾਲ ਬਹੁਤ ਵੱਡਾ ਧੋਖਾ ਹੈ। ਇਸ ਫੈਸਲੇ ਨਾਲ ਪੰਜਾਬ ਅੰਦਰ ਹਜਾਰਾਂ ਪਰਿਵਾਰ ਮਹਿੰਗੇ ਪ੍ਰਾਈਵੇਟ ਸਕੂਲਾਂ ਵਿਚ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਮਜਬੂਰ ਹੋਣਗੇ। ਪ੍ਰਾਈਵੇਟ ਸਕੂਲਾਂ ਨੂੰ ਪੰਜਾਬ ਦੇ ਲੋਕਾਂ ਨੂੰ ਲੁੱਟਣ ਵਿਚ ਹੋਰ ਬਲ ਮਿਲੇਗਾ ਅਤੇ ਸਰਕਾਰ ਦੀ ਕਾਰਗੁਜਾਰੀ ਤੇ ਵੀ ਸਵਾਲੀਆ ਨਿਸ਼ਾਨ ਲੱਗੇਗਾ ਕਿ ਸਰਕਾਰ ਪ੍ਰਾਈਵੇਟ ਸਕੂਲਾਂ ਦੇ ਇਸ਼ਾਰੇ ਤੇ ਸਰਕਾਰੀ ਸਕੂਲਾਂ ਨੂੰ ਬੰਦ ਕਰਨ ਦਾ ਫੈਸਲਾ ਕਰ ਰਹੀ ਹੈ। ਉਹਨਾਂ ਕਿਹਾ ਕਿ ਇਸ ਫੈਸਲੇ ਤੋਂ ਇਹ ਗੱਲ ਵੀ ਸਾਹਮਣੇ ਆਉਂਦੀ ਕਿ ਕੈਪਟਨ ਸਰਕਾਰ ਸਰਕਾਰੀ ਅਦਾਰਿਆਂ ਨੂੰ ਚਲਾਉਣ ਵਿਚ ਅਸਮਰਥ ਅਤੇ ਫੇਲ੍ਹ ਹੋ ਗਈ ਹੈ। ਇਸ ਫੈਸਲੇ ਨਾਲ ਇਸ ਤਰ੍ਹਾਂ ਦਾ ਇਸ਼ਾਰਾ ਵੀ ਮਿਲ ਰਿਹਾ ਹੈ ਕਿ ਸਰਕਾਰ ਸਾਰੇ ਸਰਕਾਰੀ ਅਦਾਰਿਆਂ ਨੂੰ ਬੰਦ ਕਰਕੇ ਪ੍ਰਾਈਵੇਟ ਸੈਕਟਰਾਂ ਨੂੰ ਮਜਬੂਤ ਕਰਨਾ ਚਾਹੁੰਦੀ ਹੈ। ਉਹਨਾਂ ਮੰਗ ਕੀਤੀ ਕਿ ਗਰੀਬ ਵਿਰੋਧੀ ਇਸ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਸਰਕਾਰੀ ਸਕੂਲਾਂ ਦਾ ਮਿਆਰ ਉੱਚਾ ਚੁੱਕ ਕੇ ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਅਤੇ ਅਧਿਆਪਕਾਂ ਦੀ ਸੰਖਿਆ ਵਧਾਈ ਜਾਵੇ। ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਆਪਣਾ ਫੈਸਲਾ ਵਾਪਸ ਨਾ ਲਿਆ ਤਾਂ ਲੋਕ ਇਨਸਾਫ ਪਾਰਟੀ ਅਤੇ ਆਮ ਆਦਮੀ ਪਾਰਟੀ ਤਿੱਖਾ ਅੰਦੋਲਨ ਸ਼ੁਰੂ ਕਰਨਗੇ। ਇਸ ਮੌਕੇ ਹਰਮੇਸ਼ ਪਾਠਕ, ਇੰਜੀਨੀਅਰ ਪ੍ਰਦੀਪ ਮੱਲ ਪ੍ਰਧਾਨ ਬਹੁਜਨ ਸਟੂਡੈਂਟ ਫੈਡਰੇਸ਼ਨ, ਬਲਰਾਜ ਬਾਊਜੀ, ਬਲਾਕ ਸੰਮਤੀ ਮੈਂਬਰ ਵਿਜੇ ਪੰਡੋਰੀ ਅਤੇ ਅਮਰਜੀਤ ਖੁੱਤਣ, ਕੁਲਦੀਪ ਰਾਮ ਪੰਚਾਇਤ ਮੈਂਬਰ, ਰਾਮ ਮੂਰਤੀ ਪੰਚਾਇਤ ਮੈਂਬਰ, ਅਜੇ ਕੁਮਾਰ ਪੰਚ ਤੋਂ ਇਲਾਵਾ ਸ਼ੰਮੀ ਬੰਗੜ, ਪਲਵਿੰਦਰ ਸਿੰਘ, ਜਸਦੇਵ ਸਿੰਘ, ਗਿਆਨ ਸਿੰਘ ਸਫਰੀ, ਜਤਿੰਦਰ ਸਿੰਘ, ਜਸਬੀਰ ਸਿੰਘ, ਰਵੀ ਕੁਮਾਰ, ਅਮਰਜੀਤ, ਜਸਪਾਲ ਸਿੰਘ, ਅਮਨਦੀਪ ਕੁਮਾਰ ਆਦਿ ਵੀ ਹਾਜਰ ਸਨ।



# ਸਿਨਸੈਨਾਟੀ ਸ਼ਹਿਰ ਵਿੱਚ ਖੋਲ੍ਹਿਆ ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਨਵਾਂ ਦਫ਼ਤਰ

**ਸੈਕਰਾਮੈਂਟੋ**– ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਨਿਊਯਾਰਕ, ਫਰੀਮਾਂਟ, ਸ਼ਿਕਾਗੋ, ਫਰਿਜ਼ਨੋ 'ਚ ਇੰਮੀਗ੍ਰੇਸ਼ਨ ਸੇਵਾਵਾਂ ਦੇ ਰਹੇ ਅਮਰੀਕਾ ਦੇ ਉਘੇ ਤੇ ਪ੍ਰਸਿੱਧ ਵਕੀਲ ਸ: ਜਸਪ੍ਰੀਤ ਸਿੰਘ ਅਟਾਰਨੀ ਹੁਰਾਂ ਵਲੋਂ ਸਿਨਸੈਨਾਟੀ ਸ਼ਹਿਰ ਦੇ ਲੋਕਾਂ ਦੀ ਭਾਰੀ ਮੰਗ ਤੇ Cincinnati Monroe Ohie ਵਿਖੇ ਆਪਣੇ ਨਵੇਂ ਦਫ਼ਤਰ ਦੀ ਸ਼ੁਰੂ-ਆਤ ਕਰ ਦਿੱਤੀ ਗਈ ਹੈ। ਜਿਸ 'ਤੇ ਲੋਕਾਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਕਿਉਂਕਿ ਉਨ੍ਹਾਂ ਨੂੰ ਹੁਣ ਇਕ ਹੀ ਛੱਤ ਹੇਠ ਸਸਤੀਆਂ ਤੇ ਭਰੋਸੇਯੋਗ ਇੰਮੀਗ੍ਰੇਸ਼ਨ ਸੇਵਾਵਾਂ ਮਿਲਣਗੀਆਂ। ਦਫ਼ਤਰ ਦੇ ਉਦਘਾਟਨੀ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਵਾਹਿਗੁਰੂ ਦੇ ਸ਼ੁਕਰਾਨੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਅਰਦਾਸ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ: ਜਸਪ੍ਰੀਤ ਸਿੰਘ ਅਟਾਰਨੀ ਨੇ ਕਿਹਾ ਕਿ ਸਿਨਸੈਨਾਟੀ ਸ਼ਹਿਰ ਦੇ ਲੋਕਾਂ ਦੀ ਬੜੇ ਲੰਮੇ ਸਮੇਂ ਤੋਂ ਮੰਗ ਸੀ ਕਿ ਇਸ ਸ਼ਹਿਰ ਵਿੱਚ ਵੀ ਇੰਮੀਗ੍ਰੇਸ਼ਨ ਦਫ਼ਤਰ ਖੋਲਿਆ ਜਾਵੇ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਦੀ ਮੰਗ ਨੂੰ ਦੇਖਦਿਆਂ ਇਹ ਸ਼ੁਰੂਆਤ ਬੀਤੇ ਦਿਨ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇੱਥੇ ਰਾਜਸੀ ਸ਼ਰਨ, ਸਿਟੀਜਸ਼ਨਸ਼ਿਪ, ਗਰੀਨ ਕਾਰਡ, ਮੈਰਿਜ ਕੇਸ, ਡਿਪੋਟੇਸ਼ਨ ਡਿਫੈਂਸ, ਇੰਗੀਗ੍ਰੇਸ਼ਨ ਕੋਰਟ ਕੇਸ, ਫੈਮਿਲੀ ਪਟੀਸ਼ਨ, ਪੀ.3 ਵੀਜ਼ਾ ਅਤੇ ਹੋਰ ਇੰਗੀਗ੍ਰੇਸ਼ਨ ਸਮੱਸਿਆਵਾਂ ਲਈ ਤੁਸੀਂ ਇੱਥੇ ਵਿਜਟ ਕਰ ਸਕਦੇ ਹੋ। ਇਸ ਮੌਕੇ ਉਦਘਾਟਨੀ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪੁੱਜੇ ਸ: ਅਮਰਜੀਤ ਸਿੰਘ ਤੱਖਰ, ਪੰਮਾ ਤੱਖਰ, ਹਰਿੰਦਰ ਕੰਗ, ਰੈਂਡੀ ਤੱਖਰ, ਪਾਲ ਤੱਖਰ, ਅਮਰੀਕ ਟਿਵਾਣਾ, ਸੁਰਜੀਤ ਮਾਵੀ,



ਪੰਮਾ ਗਰਚਾ, ਪਲਵਿੰਦਰ ਢਿੱਲੋਂ, ਪਲਵਿੰਦਰ ਗਿੱਲ, ਸੁਖਵਿੰਦਰ ਸਿੰਘ, ਗੁਰਪ੍ਰੀਤ ਗਿੱਲ, ਬਲਵੀਰ ਬਾਠ, ਜਗਦੀਸ਼ ਗਿੱਲ, ਗੁਰਮਿੰਦਰ ਸੰਧੂ, ਚਰਨਜੀਤ ਬਰਾੜ, ਹੈਪੀ ਮਟੌਟ, ਹੈਰੀ ਨਿੱਝਰ, ਪ੍ਰੀਤਮਪਾਲ ਗਿੱਲ, ਮੱਖਣ ਗਿੱਲ, ਕ੍ਰਿਪਾਲ ਗਿੱਲ, ਹਰਪਾਲ ਗਿੱਲ, ਭੁਪਿੰਦਰ ਵੜੈਚ, ਜੀ.ਡੇ. ਸੋਨੀ, ਗੁਰਚਰਨ ਕੰਗ, ਗੁਰਿੰਦਰ ਸਿੰਘ, ਕ੍ਰਿਸ਼ਨਾ ਦੂਬੇ, ਸੋਹਣ ਲਾਲ, ਹਰਿੰਦਰ ਟਾਟਲਾ, ਦਿਲਬਾਗ ਸਿੰਘ, ਹਰਬੰਸ ਸਿੰਘ, ਧਰਮਪਾਲ ਉਪਾਸ਼ਕ, ਕੁਮਾਰ ਪਵਨਦੀਪ ਆਦਿ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਹਰਸ਼ ਰੱਤੂ
ਪਿਤਾ ਦਾ ਨਾਮ – ਬੀ.ਕੇ. ਰੱਤੂ
ਮਾਤਾ ਦਾ ਨਾਮ – ਸ਼੍ਰੀਮਤੀ ਰੀਨਾ
ਪਤਾ – ਪ੍ਰੇਮਪੁਰਾ ਫਗਵਾੜਾ

'ਦੇਸ਼ ਦੁਆਬਾ' 'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

## Sri Guru Ravidass Temple Pittsburg, California's monthly programs

**Devoted families are requesting entire Sangat to attend the following functions:**

### October 29, 2017 Sukhmani Sahib Path and Langar Sewa by Gurdwara Committee Members

Sukhmani Sahib Path and Langar Sewa will be hosted by committee members for Sukh Shanti and Chardi Kala of entire Sangat. May Waheguru bless everyone with peace and love.

### November 5, 2017 Parkash Utsav Sri Guru Nanak Dev ji

**Satguru Nanak Pargateya - Miti Dund Jag Chanan Hoya**

Sri Guru Nanak Dev Ji's "Parkash Utsav" will be celebrated at our Gurughar on November 5, 2017. Akhand path will start on Friday 11/03/2017, at 10:00 AM and will conclude with Bhog ceremony on Sunday morning 11/05/2017. Path and Langar sewa will be hosted by Gurughar with the help and cooperation of the entire Sangat. Giani Ompal Singh and Giani Gurnam Singh Ji, will adorn the occasion with his gifted talents in Shabad Kirtan along with other Kirtankar.

Guru Nanak Sahib Ji (The founder of Sikhism) was born in 1469 at Talwandi, now known as Nankana Sahib. His life and spiritual teachings, as enshrined in the holy pages of GURU GRANTH SAHIB, are an embodiment of truthfulness and godliness which illuminated the millions of ignorant souls. HIS simple message of "UNIVERSAL BROTHERHOOD" EQUALITY and Love of Mankind formed the basic principles of Sikh Religion. The best tribute we can pay to Guru Nanak Dev Ji is to adopt his noble teachings as a way of our lives. For food & other stalls, please contact President at 408 460 0262. We have a limited space, so please call as soon as possible to reserve the stall space or for any other sewa. First come, first choice.

### November 12,2017 Sukhmani Sahib Path and Langar Sewa by Sarbjit Singh and Family

Sukhmani Sahib Path and Langar Sewa will be hosted by Bhai Sarbjit Singh, his son Jagdip Singh and their family for Sukh Shanti and Chardi Kala .May Waheguru bless the family with good health & fulfill all their desires.

### November 19, 2017 Barsi of Late Bibi Sukhraji Indar ji

Sukhmani Sahib Path and Langar Sewa will be hosted by Bibi Suruj Sen in the loving memories of her mother Late Sukhraji Indar(Mother of Late Dharma Sundar & late Chand Raj).May Waheguru bless the departed soul with eternal peace.

## "NANAK NAM CHARDI KALA TERE BHANE SARBAT DA BHALA"

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Vinod Kumar |

# ਗਰੀਬੀ ਦੇ ਭਾਰ ਹੇਠ ਦੱਬਿਆ ਭਾਰਤ



ਗੁਰਮੀਤ ਸਿੰਘ ਪਲਾਹੀ
91-98158-02070

**ਭਾਰਤ ਦੀ ਕੁਲ ਸਵਾ ਅਰਬ ਅਬਾਦੀ ਦਾ 29.5 ਪ੍ਰਤੀਸ਼ਤ ਗਰੀਬੀ ਰੇਖਾ ਤੋਂ ਥੱਲੇ ਰਹਿੰਦਾ ਹੈ। ਗਰੀਬਾਂ ਦੀ ਗਿਣਤੀ ਦੇਸ਼ 'ਚ ਹਰ ਵਰ੍ਹੇ ਵਧਦੀ ਹੀ ਜਾ ਰਹੀ ਹੈ। ਸਾਲ 2011-12 ਵਿੱਚ ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਵਿੱਚ ਗਰੀਬਾਂ ਦੀ ਗਿਣਤੀ 27 ਕਰੋੜ ਸੀ, ਜੋ ਹੁਣ ਵਧਕੇ 36 ਕਰੋੜ 30 ਲੱਖ ਤੱਕ ਪੁੱਜ ਗਈ ਹੈ। ਗਰੀਬੀ ਰੇਖਾ ਤੋਂ ਹੇਠ ਰਹਿਣ ਵਾਲੇ ਲੋਕਾਂ ਵਿੱਚ, ਪੇਂਡੂਆਂ ਦੇ ਮੁਕਾਬਲੇ ਸ਼ਹਿਰੀਆਂ 'ਚ, ਵਧੇਰੇ ਵਾਧਾ ਦਰਜ਼ ਹੋਇਆ ਹੈ। ਇਹ ਗਰੀਬੀ ਦੇ ਕਾਰਨ ਹੀ ਹੈ ਕਿ ਭਾਰਤ ਵਿੱਚ ਭੁੱਖਮਰੀ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਭੁੱਖ ਸਬੰਧੀ ਵਿਸ਼ਵ ਸੂਚੀ 2017 ਵਿੱਚ ਭਾਰਤ ਦਾ 119 ਦੇਸ਼ਾਂ ਵਿਚੋਂ 100 ਵਾਂ ਸਥਾਨ ਹੈ। ਇਸ ਸੂਚੀ ਵਿੱਚ ਭਾਰਤ, ਉਤਰੀ ਕੋਰੀਆ, ਇਰਾਨ ਅਤੇ ਬੰਗਲਾ ਦੇਸ਼ ਤੋਂ ਵੀ ਪੱਛੜ ਗਿਆ ਹੈ ਪਰ ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਰਤਾ ਮਾਸਾ ਕੁ ਅੱਗੇ ਹੈ।**

ਜਿਹੜੇ ਪੇਂਡੂ ਭਾਰਤੀ ਰੋਜ਼ਾਨਾ 32 ਰੁਪਏ ਅਤੇ ਸ਼ਹਿਰੀ ਰੋਜ਼ਾਨਾ ਭਾਰਤੀ 47 ਰੁਪਏ ਖਰਚਦੇ ਹਨ, ਉਹਨਾ ਨੂੰ ਗਰੀਬ ਨਹੀਂ ਮੰਨਿਆ ਜਾ ਸਕਦਾ। ਜਦੋਂ ਇਹ ਤੱਥ ਪੇਸ਼ ਕਰਦੀ ਰਿਪੋਰਟ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰੰਗਾਰਾਜਨ ਨੇ ਮੋਦੀ ਸਰਕਾਰ ਨੂੰ ਪੇਸ਼ ਕੀਤੀ ਤਾਂ ਚਾਰੇ ਪਾਸੇ ਹਾਹਾਕਾਰ ਮਚ ਗਈ। ਕਿਉਂਕਿ ਇੰਨੀ ਰਕਮ ਨਾਲ ਤਾਂ ਇੱਕ ਵਿਅਕਤੀ ਨੂੰ ਅਤਿ ਦੀ ਮਹਿੰਗਾਈ ਦੇ ਸਮੇਂ 'ਚ ਦੋ ਡੰਗ ਦੀ ਸਧਾਰਨ ਰੋਟੀ ਵੀ ਨਹੀਂ ਮਿਲਦੀ ਤਾਂ ਫਿਰ ਉਹ ਗਰੀਬ ਕਿਵੇਂ ਨਾ ਹੋਏ?

ਭਾਰਤ ਦੀ ਕੁਲ ਸਵਾ ਅਰਬ ਅਬਾਦੀ ਦਾ 29.5 ਪ੍ਰਤੀਸ਼ਤ ਗਰੀਬੀ ਰੇਖਾ ਤੋਂ ਥੱਲੇ ਰਹਿੰਦਾ ਹੈ। ਗਰੀਬਾਂ ਦੀ ਗਿਣਤੀ ਦੇਸ਼ 'ਚ ਹਰ ਵਰ੍ਹੇ ਵਧਦੀ ਹੀ ਜਾ ਰਹੀ ਹੈ। ਸਾਲ 2011-12 ਵਿੱਚ ਸਰਕਾਰੀ ਅੰਕੜਿਆਂ ਅਨੁਸਾਰ ਦੇਸ਼ ਵਿੱਚ ਗਰੀਬਾਂ ਦੀ ਗਿਣਤੀ 27 ਕਰੋੜ ਸੀ, ਜੋ ਹੁਣ ਵਧਕੇ 36 ਕਰੋੜ 30 ਲੱਖ ਤੱਕ ਪੁੱਜ ਗਈ ਹੈ। ਗਰੀਬੀ ਰੇਖਾ ਤੋਂ ਹੇਠ ਰਹਿਣ ਵਾਲੇ ਲੋਕਾਂ ਵਿੱਚ, ਪੇਂਡੂਆਂ ਦੇ ਮੁਕਾਬਲੇ ਸ਼ਹਿਰੀਆਂ 'ਚ, ਵਧੇਰੇ ਵਾਧਾ ਦਰਜ਼ ਹੋਇਆ ਹੈ। ਇਹ ਗਰੀਬੀ ਦੇ ਕਾਰਨ ਹੀ ਹੈ ਕਿ ਭਾਰਤ ਵਿੱਚ ਭੁੱਖਮਰੀ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਭੁੱਖ ਸਬੰਧੀ ਵਿਸ਼ਵ ਸੂਚੀ 2017 ਵਿੱਚ ਭਾਰਤ ਦਾ 119 ਦੇਸ਼ਾਂ ਵਿਚੋਂ 100 ਵਾਂ ਸਥਾਨ ਹੈ। ਇਸ ਸੂਚੀ ਵਿੱਚ ਭਾਰਤ, ਉਤਰੀ ਕੋਰੀਆ, ਇਰਾਨ ਅਤੇ ਬੰਗਲਾ ਦੇਸ਼ ਤੋਂ ਵੀ ਪੱਛੜ ਗਿਆ ਹੈ ਪਰ ਪਾਕਿਸਤਾਨ ਅਤੇ ਅਫਗਾਨਿਸਤਾਨ ਤੋਂ ਰਤਾ ਮਾਸਾ ਕੁ ਅੱਗੇ ਹੈ। ਪਿਛਲੇ ਸਾਲ ਦੀ ਇਸ ਸੂਚੀ ਵਿੱਚ ਭਾਰਤ ਦਾ 97 ਵਾਂ ਸਥਾਨ ਸੀ। ਭਾਰਤ ਇਸ ਸਾਲ ਦੀ ਸੂਚੀ ਵਿੱਚ ਇਸ ਖੇਤਰ ਦਾ ਸਭ ਤੋਂ ਮਾੜੀ ਕਾਰਗੁਜ਼ਾਰੀ ਦਿਖਾਉਣ ਵਾਲੀ ਸ਼੍ਰੇਣੀ ਵਿੱਚ ਸ਼ਾਮਲ ਹੋਣ ਵਾਲਾ ਦੇਸ਼ ਬਣ ਗਿਆ ਹੈ। ਅੰਤਰਰਾਸ਼ਟਰੀ ਖੁਰਾਕ ਨੀਤੀ ਖੋਜ਼ ਸੰਸਥਾ (ਇਫਪਰੀ) ਨੇ ਤਾਂ ਇਸ ਰਿਪੋਰਟ ਵਿੱਚ ਦੱਸਿਆ ਹੈ ਕਿ ਭਾਰਤ ਵਿੱਚ ਵਧੇਰੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ ਅਤੇ ਇਸ ਦਾ ਕਾਰਨ ਦੇਸ਼ ਵਿੱਚ ਭੁੱਖ ਦਾ ਪੱਧਰ ਗੰਭੀਰ ਹਾਲਤ ਵਿੱਚ ਪੁੱਜਣਾ ਹੈ।

ਸਾਲ 2016 ਵਿੱਚ ਵਿਸ਼ਵ ਬੈਂਕ ਨੇ ਸੋਧੀ ਹੋਈ ਮੁਲਾਂਕਣ ਵਿਧੀ ਵਰਤਦਿਆਂ ਇੱਕ ਰਿਪੋਰਟ ਛਾਪੀ ਹੈ। ਇਸ ਅਨੁਸਾਰ ਵਿਸ਼ਵ ਭਰ ਵਿੱਚ 87 ਕਰੋੜ 23 ਲੱਖ ਲੋਕ ਗਰੀਬ ਹਨ, ਗਰੀਬੀ ਰੇਖਾ ਤੋਂ ਹੇਠਲੇ ਪੱਧਰ ਦਾ ਜੀਵਨ ਜੀਊਂਦੇ ਹਨ। ਇਹਨਾਂ ਕੁਲ ਦੁਨੀਆਂ ਦੇ ਗਰੀਬਾਂ ਵਿਚੋਂ ਪੰਜਵਾਂ ਹਿੱਸਾ ਭਾਰਤੀਆਂ ਦਾ ਹੈ। ਇਹਨਾ ਭਾਰਤੀ ਗਰੀਬਾਂ ਦੀ ਹਰ ਰੋਜ਼ ਦੀ ਖਰੀਦ ਸ਼ਕਤੀ ਸਵਾ ਡਾਲਰ ਭਾਵ ਪਝੱਤਰ ਰੁਪਏ ਹੈ। ਉਂਜ ਦੇਸ਼ ਦੀ 58 ਫੀਸਦੀ ਆਬਾਦੀ ਰੋਜ਼ਾਨਾ ਤਿੰਨ ਡਾਲਰ ਦਸ ਸੈਂਟ (190 ਰੁਪਏ) ਤੋਂ ਘੱਟ ਆਮਦਨ ਦਰ ਉਤੇ ਗੁਜਾਰਾ ਕਰਦੀ ਹੈ।

ਅੰਗਰੇਜ਼ਾਂ ਦੇ ਦੇਸ਼ ਉਤੇ ਰਾਜ ਵੇਲੇ ਗਰੀਬੀ ਨੇ ਦੇਸ਼ ਨੂੰ ਆਪਣੇ ਸ਼ਿਕੰਜੇ ਵਿੱਚ ਕੱਸਿਆ ਹੋਇਆ ਸੀ। ਉਨੀਵੀਂ ਸਦੀ ਦੇ ਸ਼ੁਰੂ 'ਚ ਗੰਭੀਰ ਬੀਮਾਰੀ ਅਤੇ ਭੁੱਖਮਰੀ ਕਾਰਨ ਲੱਖਾਂ ਲੋਕ ਮਾਰੇ ਗਏ। ਸਾਲ 1876-1879 ਦੌਰਾਨ 6 ਤੋਂ 10 ਮਿਲੀਅਨ (60 ਲੱਖ ਤੋਂ ਇੱਕ ਕਰੋੜ), 1876 ਤੇ 1896 'ਚ 19 ਮਿਲੀਅਨ (ਇੱਕ ਕਰੋੜ 90 ਲੱਖ) ਲੋਕ ਭੁੱਖ ਨਾਲ ਮਰੇ।ਭਾਵੇਂ ਕਿ ਆਜ਼ਾਦੀ ਤੋਂ ਬਾਅਦ ਦੇਸ਼ ਦੇ ਹਾਕਮਾਂ ਨੇ ਦੇਸ਼ ਵਿਚੋਂ ਭੁੱਖਮਰੀ ਅਤੇ ਗਰੀਬੀ ਤੋਂ ਲੋਕਾਂ ਨੂੰ ਨਿਜ਼ਾਤ ਦੁਆਉਣ ਲਈ ਗਰੀਬੀ ਹਟਾਉ ਜਿਹੇ ਨਾਹਰੇ ਵੀ ਲਗਾਏ। ਗਰੀਬਾਂ ਲਈ ਭਲਾਈ ਸਕੀਮਾਂ ਵੀ ਸ਼ੁਰੂ ਕੀਤੀਆਂ। ਉਹਨਾਂ ਦੇ ਰੁਜ਼ਗਾਰ ਲਈ ਵੀ ਸਮੇਂ ਸਮੇਂ ਯਤਨ ਕੀਤੇ ਪਰ ਇਹ ਨਾਹਰੇ, ਇਹ ਯੋਜਨਾਵਾਂ ਗਰੀਬਾਂ ਦਾ ਕੁਝ ਵੀ ਸੁਆਰ ਨਹੀਂ ਸਕੀਆ। ਜੇਕਰ ਇਹਨਾ ਯੋਜਨਾਵਾਂ ਨੇ ਗਰੀਬਾਂ ਦਾ ਕੁਝ ਸੁਆਰਿਆ ਹੁੰਦਾ ਤਾਂ ਦੇਸ਼ ਵਿੱਚ "ਹਰੇਕ ਲਈ ਭੋਜਨ" ਵਾਲਾ ਕਾਨੂੰਨ ਪਾਸ ਨਾ ਕਰਨਾ ਪੈਂਦਾ ਅਤੇ ਉਸ ਵਿੱਚ ਦੇਸ਼ ਦੀ ਅੱਧ ਤੋਂ ਵੱਧ ਆਬਾਦੀ ਨੂੰ ਸ਼ਾਮਲ ਨਾ ਕਰਨਾ ਪੈਂਦਾ। ਇਹਨਾ ਯੋਜਨਾਵਾਂ ਦੇ ਬਾਵਜੂਦ ਦੇਸ਼ ਦਾ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੁੰਦਾ ਗਿਆ ਅਤੇ ਗਰੀਬ ਅਮੀਰ ਦਾ ਇਹ ਪਾੜਾ ਦਿਨ ਪ੍ਰਤੀ ਦਿਨ ਵਧਦਾ ਹੀ ਜਾ ਰਿਹਾ ਹੈ।

ਕਹਿਣ ਨੂੰ ਤਾਂ ਹੋਰ ਯੋਜਨਾਵਾਂ ਵਾਂਗਰ ਮਹਾਤਮਾ ਗਾਂਧੀ ਰਾਸ਼ਟਰੀ ਰੁਜ਼ਗਾਰ ਗਰੰਟੀ ਸਕੀਮ ਨੂੰ ਗਰੀਬਾਂ ਨੂੰ ਰੁਜ਼ਗਾਰ ਦੇਣ ਅਤੇ ਗਰੀਬੀ ਹਟਾਉਣ ਲਈ ਇੱਕ ਰਾਮ-ਬਾਣ ਦੇ ਤੌਰ ਤੇ ਪ੍ਰਚਾਰਿਆ ਜਾ ਰਿਹਾ ਹੈ ਪਰ ਇਹ ਸਮਾਜ ਦੇ ਸਭ ਤੋਂ ਵੱਧ ਸ਼ੋਸ਼ਿਤ ਵਰਗ ਲਈ ਲਾਹੇਬੰਦ ਸਾਬਤ ਨਹੀਂ ਹੋ ਰਹੀ। ਉਦਾਹਰਨ ਵਜੋਂ ਅਨੁਸੂਚਿਤ ਕਬੀਲਿਆਂ ਦੇ ਲੋਕ, ਜਿਹੜੇ ਬਹੁ ਗਿਣਤੀ ਗਰੀਬੀ ਦੀ ਰੇਖਾ ਤੋਂ ਹੇਠ ਰਹਿੰਦੇ ਹਨ, ਜਿਹਨਾ ਕੋਲ ਆਪਣੀ ਜ਼ਮੀਨ ਦਾ ਕੋਈ ਟੁੱਕੜਾ ਸੀ ਅਤੇ ਉਸ ਵਿੱਚ ਖੇਤੀ ਕਰਦੇ ਹਨ ਉਹਨਾ ਦੀ ਫੀਸਦੀ 44.7 ਸੀ ਜੋ 2011 ਵਿੱਚ ਘਟਕੇ 34.5 ਫੀਸਦੀ ਰਹਿ ਗਈ। ਇਹੀ ਹਾਲ ਅਨੁਸੂਚਿਤ ਜਾਤੀ ਦੇ ਲੋਕਾਂ ਦਾ ਹੋਇਆ ਜਿਹਨਾ ਦੀ ਖੇਤੀ ਕਰਦਿਆਂ ਦੀ ਫੀਸਦੀ 20 ਫੀਸਦੀ ਤੋਂ ਘਟਕੇ 14.8 ਫੀਸਦੀ ਰਹਿ ਗਈ। ਇਹ ਲੋਕ ਆਪਣੀਆਂ ਜ਼ਮੀਨਾਂ ਦੇ ਟੁਕੜੇ ਵੇਚਕੇ ਹੋਰ ਲੋਕਾਂ ਦੇ ਖੇਤਾਂ 'ਚ ਖੇਤ ਮਜ਼ਦੂਰਾਂ ਵਜੋਂ ਕੰਮ ਕਰਨ ਲਈ ਮਜ਼ਬੂਰ ਹੋ ਗਏ। ਇਹਨਾਂ ਲੋਕਾਂ ਕੋਲ ਨਾ ਤਾਂ ਖਾਣ ਲਈ ਪੂਰਾ ਭੋਜਨ ਹੈ, ਨਾ ਰਹਿਣ ਲਈ ਮਕਾਨ ਹਨ, ਨਾ ਪਹਿਨਣ ਲਈ ਯੋਗ ਕੱਪੜਾ ਹੈ। ਭਾਵ ਜ਼ਿੰਦਗੀ ਜੀਊਣ ਲਈ ਲੋੜਾਂ ਪੂਰੀਆਂ ਕਰਨ ਦੇ ਨਾ ਉਹ ਆਪ ਕਾਬਲ ਹੋ ਸਕੇ ਹਨ ਨਾ ਹੀ ਸੱਤ ਦਹਾਕਿਆਂ 'ਚ ਸਮੇਂ ਸਮੇਂ ਬਣੀਆਂ ਵੱਖੋ ਵੱਖਰੀਆਂ ਸਿਆਸੀ ਪਾਰਟੀਆਂ ਦੀ ਸਰਕਾਰਾਂ ਨੇ ਉਹਨਾ ਦੀ ਥਾਹ ਲਈ ਹੈ। ਸਰਕਾਰਾਂ ਵਲੋਂ ਸਮੇਂ ਸਮੇਂ ਲਾਗੂ ਨੀਤੀਆਂ, ਸਕੀਮਾਂ "ਹਵਾ 'ਚ ਤਲਵਾਰਾਂ" ਮਾਰਨ ਤੋਂ ਵੱਧ ਹੋਰ ਕੁਝ ਵੀ ਉਹਨਾ ਦਾ ਸੁਆਰ ਨਹੀਂ ਸਕੀਆਂ।

ਗਰੀਬੀ ਆਮ ਲੋਕਾਂ ਲਈ ਸਰਾਪ ਬਣੀ ਹੋਈ ਹੈ। ਗਰੀਬ ਅਨਪੜ੍ਹਤਾ ਦੇ ਚੁੰਗਲ ਵਿਚੋਂ ਬਾਹਰ ਨਹੀਂ ਆ ਸਕੇ। ਇਹਨਾ ਲੋਕਾਂ ਵਿਚੋਂ ਵੱਡੀ ਗਿਣਤੀ ਅਨੁਸੂਚਿਤ ਜਾਤੀ, ਅਨੁਸੂਚਿਤ ਕਬੀਲਿਆਂ ਦੇ ਉਹਨਾ ਲੋਕਾਂ ਦੀ ਹੈ, ਜਿਹਨਾ ਦੀ ਦੇਸ਼ 'ਚ ਆਬਾਦੀ ਕਰਮਵਾਰ 18.46 ਫੀਸਦੀ ਅਤੇ 10.97 ਫੀਸਦੀ ਹੈ। ਇਹਨਾ ਲੋਕਾਂ ਦਾ ਕਿੱਤਾ ਮੁੱਖ ਤੌਰ ਤੇ ਮਜ਼ਦੂਰੀ ਹੈ। ਇਹਨਾ ਵਿਚੋਂ 51 ਫੀਸਦੀ ਦਿਹਾੜੀਦਾਰ ਮਜ਼ਦੂਰੀ ਕਰਦੇ ਹਨ ਅਤੇ ਖੇਤ ਮਜ਼ਦੂਰ ਹਨ।

ਇਹਨਾਂ ਵਿਚੋਂ ਮਸਾਂ 11 ਫੀਸਦੀ ਉਹ ਪਰਿਵਾਰ ਹਨ ਜਿਹਨਾ ਕੋਲ ਫਰਿੱਜ ਆਦਿ ਹਨ ਅਤੇ ਲਗਭਗ 30 ਫੀਸਦੀ ਇਹੋ ਜਿਹੇ ਪਰਿਵਾਰ ਹਨ ਜਿਹਨਾ ਕੋਲ ਆਪਣੇ ਘਰ ਹਨ। ਇਹਨਾ ਵਿੱਚ 56 ਫੀਸਦੀ ਪਰਿਵਾਰ, ਬੇ-ਜ਼ਮੀਨੇ ਪਰਿਵਾਰ ਹਨ। ਜਿਹਨਾ 54 ਫੀਸਦੀ ਪਰਿਵਾਰਾਂ ਕੋਲ ਆਪਣੇ ਘਰ ਵੀ ਹਨ, ਉਸ ਵਿੱਚ ਇੱਕ ਜਾਂ ਦੋ ਕਮਰੇ ਹੀ ਹਨ। ਇਹੋ ਜਿਹੇ ਹਾਲਤਾਂ ਵਿੱਚ ਉਹਨਾ ਦਾ ਜੀਵਨ ਜੀਊਣ ਦਾ ਪੱਧਰ ਬਹੁਤ ਹੀ ਨੀਵੇਂ ਪੱਧਰ ਦਾ ਹੈ, ਕਿਉਂਕਿ ਪੀਣ ਦੇ ਸਾਫ ਪਾਣੀ ਜਾਂ ਘਰਾਂ 'ਚ ਫਲੱਸ਼ ਲੈਟਰੀਨਾਂ ਬਨਾਉਣ ਤੱਕ ਵੀ ਉਹਨਾ ਦੀ ਪਹੁੰਚ ਹਾਲੀ ਤੱਕ ਵੀ ਨਹੀਂ ਹੋ ਸਕੀ।

ਖੇਤੀ ਪ੍ਰਧਾਨ ਦੇਸ਼ ਹੁੰਦਿਆਂ ਦੇਸ਼ ਦੇ 80 ਫੀਸਦੀ ਲੋਕ ਖੇਤੀ ਤੇ ਨਿਰਭਰ ਹਨ। ਦੇਸ਼ 'ਚ ਖੇਤੀ ਦੀ ਹਾਲਤ ਮੰਦੀ ਹੈ। ਕਿਸਾਨ ਗਰੀਬ ਅਤੇ ਅਨਪੜ੍ਹ ਹਨ। ਨਵੇਂ ਸੰਦਾਂ, ਬੀਜਾਂ, ਖਾਦਾਂ ਦੀ ਘਾਟ ਚੰਗੀ ਖੇਤੀ ਦੇ ਆੜੇ ਆਉਂਦੀ ਹੈ। ਪੈਦਾਵਾਰ ਥੋਹੜੀ ਨਿਕਲਦੀ ਹੈ।

ਸਿੰਚਾਈ ਸੰਕਟ ਪੈਦਾ ਕਰਦੀ ਹੈ। ਉਪਰੋਂ ਵਧ ਰਹੀ ਅਬਾਦੀ ਦਾ ਦੇਸ਼ ਦੀ ਆਰਥਿਕਤਾ ਉਤੇ ਭਾਰ ਅਸਹਿਣਯੋਗ ਬਣਦਾ ਜਾ ਰਿਹਾ ਹੈ। ਉਪਰੋਂ ਦੇਸ਼ 'ਚ ਸਿਆਸਤ 'ਚ ਵੱਧ ਰਿਹਾ ਗੰਦਲਾਪਨ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਗਰੀਬ ਵਿਰੋਧੀ ਸਰਕਾਰੀ ਨੀਤੀਆਂ, ਗਰੀਬਾਂ ਲਈ ਲੋਕ ਭਲਾਈ ਸਕੀਮਾਂ ਦੀ ਥੁੜ, ਆਮ ਆਦਮੀ ਨੂੰ ਗਰੀਬ ਬਣਾ ਰਹੀ ਹੈ। ਸਮਾਜ ਵਿਚਲਾ ਭੇਦਭਾਵ ਅਤੇ ਧੰਨ ਦੀ ਗੈਰ-ਵਾਜਬ ਵੰਡ ਨੇ ਦੇਸ਼ ਦੇ ਆਮ ਲੋਕਾਂ ਨੂੰ ਗਰੀਬੀ ਰੇਖਾ ਵੱਲ ਧੱਕਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਗਰੀਬਾਂ ਲਈ ਨਾ ਬਰਾਬਰ ਦੀ ਸਿੱਖਿਆ ਹੈ, ਨਾ ਉਸ ਵਾਸਤੇ ਲੋੜੀਂਦੀਆਂ ਸਿਹਤ ਸਹੂਲਤਾਂ ਹਨ। ਘੱਟ ਤੋਂ ਘੱਟ ਜੀਵਨ ਜੀਊਣ ਦੀਆਂ ਲੋੜਾਂ ਦੀ ਥੁੜ ਉਸ ਨੂੰ ਨਿਰਾਸ਼ਾ ਵੱਲ ਧੱਕ ਰਹੀ ਹੈ। ਅਸਲ ਵਿੱਚ ਗਰੀਬੀ ਅਤੇ ਇਸਦੀ ਉਪਜ ਭੁੱਖਮਰੀ, ਭਾਰਤ ਵਰਗੇ ਲੋਕਤੰਤਰ ਦੇ ਮੱਥੇ ਉਤੇ ਕਲੰਕ ਦੀ ਤਰ੍ਹਾਂ ਦਿਖਾਈ ਦੇਣ ਲੱਗੀ ਹੈ। ਤਦੇ ਥੁੜਾਂ ਮਾਰੇ ਲੋਕਾਂ ਦਾ ਵਿਸ਼ਵਾਸ਼ ਦੇਸ਼ ਦੀ ਸਿਆਸਤ ਤੋਂ ਉਠਦਾ ਜਾ ਰਿਹਾ ਹੈ। ਗਰੀਬੀ ਕਾਰਨ ਲੋਕ ਅੰਧ-ਵਿਸ਼ਵਾਸ਼ 'ਚ ਫਸ ਰਹੇ ਹਨ। ਸਮਾਜ ਵਿਰੋਧੀ ਸੰਸਥਾਵਾਂ ਦੇ ਚੁੰਗਲ 'ਚ ਫਸਕੇ ਆਪਣੇ ਮਨ ਲਈ ਸਕੂਨ ਲੱਭਣ ਦਾ ਰਾਹ ਫੜ ਰਹੇ ਹਨ।

ਲੋੜ ਇਸ ਗੱਲ ਦੀ ਹੈ ਕਿ ਬਿਨ੍ਹਾਂ ਭੇਦਭਾਵ ਦੇ, ਜ਼ਿੰਦਗੀ ਦੀਆਂ ਸਹੂਲਤਾਂ ਤੋਂ ਵਿਰਵੇ ਇਹਨਾ ਲੋਕਾਂ ਦੇ ਲਈ, ਭਲਾਈ ਸਕੀਮਾਂ ਦੇ ਨਾਲ ਨਾਲ ਰੁਜ਼ਗਾਰ ਦੇ ਸਾਧਨ ਅਤੇ ਮੌਕੇ ਮੁਹੱਈਏ ਕੀਤੇ ਜਾਣ। ਸਿਰਫ ਦਾਲ, ਆਟਾ, ਮੁਫਤ ਮੁਹੱਈਆ ਕੀਤਿਆਂ ਅਤੇ ਉਹਨਾ ਲਈ ਸਿਰਫ, ਉਹਨਾ ਦੀਆਂ ਵੋਟਾਂ ਲੈਣ ਲਈ ਵੋਟ ਰਾਜਨੀਤੀ ਵਾਲੀਆਂ ਸਕੀਮਾਂ ਲਾਗੂ ਕੀਤਿਆਂ, ਕੁਝ ਵੀ ਨਹੀਂ ਸੌਰਨਾ।



ਕੱਲ ਤੱਕ ਜਿਹੜਾ ਇਥੇ ਵੱਡਾ ਰਿਕਾਰਡ ਬਣਿਆ ਸੀ ਦੇਖਿਆ ਜਾਵੇ ਤਾਂ ਰਿਕਾਰਡ ਤਾਂ ਅੱਜ ਵੀ ਬਣਿਆ ਪਿਆ ਪਰ ਦੇਖੇ ਕੌਣ । ਸਵੱਛ ਭਾਰਤ ਅਭਿਆਨ ਜਿੰਦਾਵਾਦ। **-ਸਰੂਚੀ ਕੰਬੋਜ**

# ਪੰਜਾਬ ਬੁੱਧਿਸਟ ਸੁਸਾਇਟੀ ਨੇ ਕਠਿਨਚੀਵਰਦਾਨ ਉਤਸਵ ਸ਼ਰਧਾ ਤੇ ਧੂੰਮਧਾਮ ਨਾਲ ਮਨਾਇਆ

**ਜਲੰਧਰ-** ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਵੱਲੋਂ ਕਠਿਨਚੀਵਰਦਾਨ ਉਤਸਵ ਬੜੀ ਸ਼ਰਧਾ ਅਤੇ ਧੂੰਮ-ਧਾਮ ਨਾਲ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਲੁ-ਧਿਆਣਾ ਵਿਖੇ ਮਨਾਇਆ ਗਿਆ। ਭਿਖਸ਼ੂਆਂ ਵੱਲੋਂ ਤਿੰਨ ਮਹੀਨੇ ਵਰਸ਼ਾਵਾਸ ਕਰਨ ਉਪਰੰਤ ਉਪਾਸ ਅਤੇ ਉਪਾਸਿਕਾਵਾਂ ਵੱਲੋਂ ਭਿਖਸ਼ੂਆਂ ਦੀ ਵਿਦਾਇਗੀ ਸਮੇਂ ਜੋ ਦਾਨ ਦਿੱਤਾ ਜਾਂਦਾ ਹੈ, ਉਸ ਨੂੰ 'ਕਠਿਨਚੀਵਰਦਾਨ ਉਤਸਵ' ਵਜੋਂ ਮਨਾਇਆ ਜਾਂਦਾ ਹੈ। ਭਿਖਸ਼ੂ ਪ੍ਰਗਿਆ ਬੋਧੀ ਜੀ ਦੀ ਰਹਿਨੁਮਾਈ ਵਿਚ 7 ਭਿਖਸ਼ੂਆਂ ਨੇ ਵਰਸ਼ਾਵਾਸ ਕੀਤਾ ਸੀ। ਕਠਿ-ਨਚੀਵਰਦਾਨ ਸਮੇਂ ਭਿਖਸ਼ੂ ਪ੍ਰਗਿਆ ਬੋਧੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਸਾਰੇ ਸੇਵਾਦਾਰਾਂ ਨੂੰ ਬੁੱਧ ਵੱਲੋਂ ਦੱਸੇ ਪੰਚਸ਼ੀਲ ਦੇ ਮਾਰਗ 'ਤੇ ਚੱਲਦੇ ਹੋਏ ਆਜ਼ਾਦੀ, ਬਰਾ-ਬਰੀ, ਵਿਸ਼ਾਲ ਭਾਈਚਾਰਾ ਅਤੇ ਖੁਸ਼ਹਾਲੀ ਸਥਾਪਤ ਕਰਨ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ।



ਇਸ ਮੌਕੇ ਸ੍ਰੀ ਹਰਭਜਨ ਦਾਸ ਸਾਂਪਲਾ ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ (ਰਜਿ.) ਪੰਜਾਬ ਨੇ ਭਿਖਸ਼ੂਆਂ ਵੱਲੋਂ ਵਰਸ਼ਾਵਾਸ ਕਰਨ ਅਤੇ ਕਠਿਨਚੀਵਰਦਾਨ ਨੂੰ ਮਨਜ਼ੂਰ ਕਰਨ ਲਈ ਭਿਖਸ਼ੂਆਂ ਦਾ ਧੰਨਵਾਦ ਕੀਤਾ। ਇਸ ਸ਼ੁਭ ਅਤੇ ਪਵਿੱਤਰ ਮੌਕੇ ਤੇ ਸ੍ਰੀ ਰਾਮਦਾਸ ਗੁਰੂ, ਸ੍ਰੀ ਦੇਸ ਰਾਜ ਚੌਹਾਨ ਅਤੇ ਸ੍ਰੀ ਧਨਪਤ ਰੱਤੂ ਇੰਗਲੈਂਡ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਭਿਖਸ਼ੂਆਂ ਦਾ ਧੰਨਵਾਦ ਕੀਤਾ। ਇਸ ਸਾਲ ਕਠਿਨਚੀਵਰਦਾਨ ਕਰਨ ਦੀ ਜ਼ਿੰਮੇਵਾਰੀ ਸ੍ਰੀ ਬਲਵੰਤ ਸਰੋਆ ਇੰਗਲੈਂਡ ਅਤੇ ਗੁਰਨਾਮ ਮੱਲ ਫਿਲੌਰ ਦੇ ਪਰਿਵਾਰ ਵੱਲੋਂ ਨਿਭਾਈ ਗਈ। ਸੈਂਕੜੇ ਸ਼ਰਧਾਲੂਆਂ ਵੱਲੋਂ ਭਿਖਸ਼ੂਆਂ ਨੂੰ ਚੀਵਰਦਾਨ ਦਿੱਤੇ ਗਏ ਅਤੇ ਭਿਖਸ਼ੂਆਂ ਦਾ ਧੰਨਵਾਦ ਕੀਤਾ। ਅੰਤ ਵਿਚ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਸ੍ਰੀ ਚਮਨਦਾਸ ਸਾਂਪਲਾ, ਸ੍ਰੀ ਬੰਸੀ ਲਾਲ ਪ੍ਰੇਮੀ, ਵਿਨੋਦ ਕੁਮਾਰ ਬੌਧ, ਸ੍ਰੀ ਮਨੋਜ ਕੁਮਾਰ, ਗੁਰਮੀਤ ਸਿੰਘ ਪਰਿਵਾਰਾਂ ਸਮੇਤ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

**ਰਿਪੋਰਟ- ਹਰਭਜਨ ਸਾਂਪਲਾ, ਐਡਵੋਕੇਟ**

# ਬਿਹਾਰ ਵਿਚ ਬਦਮਾਸ਼ਾਂ ਨੇ ਮਹਾਦਲਿਤਾਂ ਦੇ 72 ਘਰ ਫੂਕੇ

ਖਗੜੀਆ- ਦੀਵਾਲੀ ਤੋਂ ਇਕ ਦਿਨ ਪਹਿਲਾਂ ਬੁੱਧਵਾਰ ਦੀ ਰਾਤ ਬਿਹਾਰ ਵਿਚ ਖਗੜੀਆ ਜ਼ਿਲ੍ਹੇ ਦੇ ਛਮਸੀਆ ਪਿੰਡ ਵਿਚ ਬਦਮਾਸ਼ਾਂ ਨੇ ਮਹਾਦਲਿਤਾਂ ਦੇ 72 ਘਰ ਸਾੜ ਦਿੱਤੇ। ਸਥਾਨਕ ਲੋਕਾਂ ਮੁਤਾਬਕ ਮੁੰਨਾ ਯਾਦਵ ਗਿਰੋਹ ਦੇ 40-50 ਹਥਿਆਰਬੰਦ ਮੈਂਬਰਾਂ ਨੇ ਰੱਜ ਕੇ ਫਾਇਰਿੰਗ ਵੀ ਕੀਤੀ। ਮੁਸਹਰ ਜਾਤੀ ਦੇ ਲੋਕਾਂ ਦਾ ਇਹ ਟੋਲਾ ਹੈ। ਸਭ ਜਾਨ ਬਚਾ ਕੇ ਭੱਜੇ। ਡੀ. ਐਮ. ਜੈ ਸਿੰਘ ਨੇ ਕਿਹਾ ਕਿ 70-72 ਘਰ ਸੜੇ ਹਨ। 12 ਬੱਕਰੀਆਂ ਵੀ ਸੜ ਗਈਆਂ ਹਨ। ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਦੇ ਰੂਪ ਵਿਚ ਪ੍ਰਤੀ ਪਰਿਵਾਰ 9800 ਰੁਪਏ ਦੇ ਚੈਕ ਦਿੱਤੇ ਗਏ ਹਨ। ਪਾਲੀਥੀਨ ਸੀਟ, ਚੂੜਾ-ਗੁੜ ਆਦਿ ਵੰਡਿਆ ਗਿਆ ਹੈ। ਦੋ ਮੈਜਿਸਟ੍ਰੇਟ ਛਮਸੀਆ ਵਿਚ ਤਾਇਨਾਤ ਹਨ। ਪੁਲਿਸ ਕੈਂਪ ਕਰ ਰਹੀ ਹੈ। ਐਸ. ਪੀ. ਮੀਨੂ ਕੁਮਾਰੀ ਨੇ ਦੱਸਿਆ ਕਿ ਇਸ ਮਾਮਲੇ ਦੇ ਮੁੱਖ ਦੋਸ਼ੀ ਮੁੰਨਾ ਯਾਦਵ ਨੂੰ ਰਘੁਨਾਥਪੁਰ (ਬੇਗੁਸਰਾਏ) ਤੋਂ ਸ਼ੁੱਕਰਵਾਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਬਾਕੀ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਪੁਲਿਸ ਛਾਪੇਮਾਰੀ ਜਾਰੀ ਹੈ। ਘਟਨਾ ਤੋਂ ਬਾਅਦ ਪਿੰਡ ਵਿਚ ਦਹਿਸ਼ਤ ਦੇ ਨਾਲ-ਨਾਲ ਗੁੱਸਾ ਵੀ ਹੈ।


**ਦਬਦਬੇ ਦੀ ਲੜਾਈ ਵਿਚ ਲਗਾਈ ਅੱਗ**

ਮੁੰਨਾ ਯਾਦਵ ਅਤੇ ਜੇਲ੍ਹ ਵਿਚ ਬੰਦ ਅਮਨੀ ਨਿਵਾਸੀ ਛਬੀਲਾ ਯਾਦਵ ਵਿਚਕਾ ਰਛਮਸੀਆ ਦਿਵਾਰਾ ਵਿਚ ਦਬਦਬਾ ਕਾਇਮ ਕਰਨ ਦੀ ਲਗਾਤਾਰ ਕੋਸ਼ਿਸ਼ ਜਾਰੀ ਹੈ। ਛਮਸੀਆ ਦਾ ਮੂਲ ਨਿਵਾਸੀ ਅੰਗਦ, ਛਬੀਲਾ ਦਾ ਸਮਰਥਕ ਦੱਸਿਆ ਜਾਂਦਾ ਹੈ। ਦੋ-ਤਿੰਨ ਮਹੀਨੇ ਪਹਿਲਾਂ ਮੁੰਨਾ ਨੇ ਅੰਗਦ ਦੀਆਂ 20-25 ਮੱਝਾਂ ਚੋਰੀ ਕਰਕੇ ਵੇਚ ਦਿੱਤੀਆਂ ਸਨ। ਅੰਗਦ ਜਦੋਂ ਮੁੰਨਾ ਤੋਂ ਮੱਝਾਂ ਮੰਗਣ ਗਿਆ ਤਾਂ ਦੋਵਾਂ ਵਿਚਕਾਰ ਗੋਲੀਬਾਰੀ ਹੋਈ। ਮੁੰਨਾ ਨੂੰ ਗੋਲੀ ਵੀ ਲੱਗੀ ਸੀ। ਇਸ ਰੰਜਸ਼ ਵਿਚ ਬੁੱਧਵਾਰ ਨੂੰ ਮੁੰਨਾ ਯਾਦਵ ਦੇ ਗਿਰੋਹ ਨੇ ਘਰ ਸਾੜ ਕੇ ਅੰਜਾਮ ਦਿੱਤਾ।

## ਭਾਰਤੀ ਰਾਜਨੀਤੀ 'ਚ ਬਹੁਜਨਾਂ ਦਾ ਦਬਦਬਾ ਬਣਾਉਣ ਵਾਲੇ

# ਬਹੁਜਨ ਸਮਾਜ ਦੇ ਮਹਾਂ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਸ਼ਰਧਾਂਜਲੀ
















**ਫਰਿਜ਼ਨੋ (ਡੀ. ਡੀ. ਬੀ.)–** ਸਦੀਆਂ ਤੋਂ ਲਿਤਾੜੇ, ਪਿਛਾੜੇ ਤੇ ਹਰ ਤਰ੍ਹਾਂ ਦੇ ਇਨਸਾਨੀ ਹੱਕਾਂ ਤੋਂ ਦਰਕਿਨਾਰ ਕੀਤੇ ਭਾਰਤੀ ਮੂਲ ਨਿਵਾਸੀ ਵਰਗ ਦੇ ਲੋਕਾਂ 'ਚ ਵੀਹਵੀਂ ਸਦੀ ਦੇ ਆਖਰੀ ਤਿੰਨ ਦਹਾਕਿਆਂ 'ਚ ਸਮਾਜਿਕ ਪਰਿਵਰਤਨ ਦੀ ਲਹਿਰ ਨੂੰ ਧੁਰਾ ਬਣਾ ਕੇ ਭਾਰਤੀ ਰਾਜਨੀਤੀ ਦੇ ਗਲਿਆਰਿਆਂ 'ਚ ਧਾਂਕ ਜਮਾਉਣ ਵਾਲੇ, ਖੇਤਰੀ ਪਾਰਟੀਆਂ ਨੂੰ ਕੇਂਦਰ ਦੀ ਸੱਤਾ ਦਾ ਭਾਗੀਦਾਰ ਬਣਾਉਣ ਵਾਲੇ, ਭਾਰਤੀ ਬਹੁਜਨ ਸਮਾਜ ਦੇ ਮਹਾਂਮਾਨਵ, ਮਹਾਂ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ 11ਵਾਂ ਪ੍ਰੀਨਿਰਵਾਣ ਦਿਵਸ 15 ਅਕਤੂਬਰ 2017 ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੇਫੋਰਨੀਆ) ਤੇ ਉਥੋਂ ਦੀ ਸੰਗਤ ਅਤੇ ਬੀ. ਐਸ. ਪੀ. ਸਮਰਥਕਾਂ ਵੱਲੋਂ ਇਕ ਵਿਸ਼ੇਸ਼ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਇਸ ਮੌਕੇ ਗੁਰ ਮਰਿਆਦਾ ਦਾ ਖਿਆਲ ਰੱਖਦਿਆਂ ਗੁਰੂ ਘਰ ਦੇ ਸਟੇਜ ਸਕੱਤਰ ਤੇ ਬਸਪਾ ਸਮਰਥਕ ਨੌਜਵਾਨ ਆਗੂ ਸ੍ਰੀ ਅਮਰ ਦੜੌਚ ਨੇ ਸਟੇਜ ਦੀ ਸੇਵਾ ਸੰਭਾਲਦਿਆਂ, ਸਭ ਤੋਂ ਪਹਿਲਾਂ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਦਾ ਦਿਲੀ ਧੰਨਵਾਦ ਕੀਤਾ, ਜਿਹਨਾਂ ਸ਼ਰਧਾਂਜਲੀ ਸਮਾਗਮ ਕਰਨ ਤੇ ਹਾਜ਼ਰ ਹੋਣ ਦੀ ਕਿਰਪਾਲਤਾ ਕੀਤੀ।

ਅੱਜ ਦੇ ਇਸ ਸ਼ਰਧਾਂਜਲੀ ਸਮਾਗਮ 'ਚ ਜਿਹਨਾਂ–ਜਿਹਨਾਂ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੋ ਸ਼ਬਦ ਰੱਖੇ, ਉਹਨਾਂ ਵਿਚ ਸਰਵ ਸ੍ਰੀ ਰਾਜਿੰਦਰ ਮੋਮੀ ਚੇਅਰਮੈਨ, ਅਮਰ ਦੜੌਚ, ਮਲਕੀਤ ਸਿੰਘ ਬੰਗੜ, ਰਾਜਿੰਦਰ ਗੰਗੜ, ਜਸਵੀਰ ਮਮਨ, ਭਾਈ ਹਰਬਲਾਸ ਸਿੰਘ ਝਿੰਗੜ ਅਤੇ ਕਰਮ ਸਿੰਘ ਬੰਗੜ ਤੋਂ ਇਲਾਵਾ ਮਨਦੀਪ ਕੌਰ ਆਦਿ ਦੇ ਨਾਂ ਜ਼ਿਕਰਯੋਗ ਹਨ।

ਸ੍ਰੀ ਅਮਰ ਦੜੌਚ ਨੇ ਆਪਣੀ ਸ਼ਰਧਾਂਜਲੀ ਸ਼ਬਦਾਵਲੀ 'ਚ ਕਿਹਾ ਕਿ ਨਿਰਬਲਾਂ 'ਚ ਬਲ ਪੈਦਾ ਕਰਨ ਵਾਲੇ, ਨਿਆਸਰਿਆਂ ਲਈ ਆਸਰਾ ਬਣਨ ਵਾਲੇ, ਨਿਗੱਤਿਆਂ ਲਈ ਗੱਤ ਬਣਨ ਵਾਲੇ, ਨਿਓਟਿਆਂ ਲਈ ਓਟ ਬਣਨ ਵਾਲੇ, ਬੇਘਰਿਆਂ ਲਈ ਘਰ ਪੈਦਾ ਕਰਨ ਵਾਲੇ ਅਤੇ ਸੀਰੀਆਂ ਨੂੰ ਸਰਦਾਰ ਬਣਾਉਣ ਵਾਲੇ ਬਹੁਜਨ ਸਮਾਜ ਦੇ ਮਹਾਂ ਨਾਇਕ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦਾ ਉਹਨਾਂ ਦਾ 11ਵਾਂ ਪ੍ਰੀਨਿਰਵਾਣ ਦਿਵਸ ਮਨਾ ਰਹੇ ਹਾਂ, ਜਿਹਨਾਂ ਨੇ ਪੰਜਾਬ ਦੀ ਧਰਤੀ 'ਤੇ ਪੈਦਾ ਹੋ ਕੇ ਸਮਾਨਤਾ ਦਾ ਪੈਗਾਮ ਪੂਰੇ ਭਾਰਤ ਦੇ ਕੋਨੇ–ਕੋਨੇ 'ਚ ਪਹੁੰਚਾਇਆ। ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਲਾਸਾਨੀ ਕੁਰਬਾਨੀ, ਬਹੁਜਨ ਸਮਾਜ ਉਪਰ ਕੀਤੇ ਮਹਾਂ ਪਰਉਪਕਾਰਾਂ ਅੱਗੇ ਸਾਡਾ ਸਿਰ ਝੁਕ ਜਾਂਦਾ ਹੈ। ਸਾਹਿਬ ਕਾਂਸ਼ੀ ਰਾਮ ਜੀ ਨੇ ਭਾਰਤੀ ਰਾਜਨੀਤੀ 'ਚ ਇਕ ਬਹੁਤ ਵੱਡਾ ਪਰਿਵਰਤਨ ਲਿਆਂਦਾ।

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ 1964 'ਚ ਸਰਕਾਰੀ ਗਜ਼ਟਿਡ ਪੋਸਟ ਦਾ ਤਿਆਗ ਕਰਕੇ, ਮਹਾਂਰਾਸ਼ਟਰ 'ਚ ਆਰ. ਪੀ. ਆਈ. ਦੇ 14–15 ਲੀਡਰਾਂ ਨਾਲ ਬਾਬਾ ਸਾਹਿਬ ਦੇ ਮਿਸ਼ਨ ਪ੍ਰਤੀ ਖੂਬ ਵਿਚਾਰਾਂ ਕੀਤੀਆਂ ਪ੍ਰੰਤੂ ਸਾਹਿਬ ਕਾਂਸ਼ੀ ਰਾਮ ਜੀ ਨੂੰ ਲੱਗਿਆ ਕਿ ਇਹਨਾਂ ਲੀਡਰਾਂ 'ਚ ਉਹ ਦਮ–ਖਮ ਨਹੀਂ, ਜਿਸ ਦੀ ਭਾਲ 'ਚ ਉਹ ਸਨ। ਤਾਂ ਉਹਨਾਂ ਆਪਣੇ ਬਲਬੂਤੇ ਪੜ੍ਹੇ–ਲਿਖੇ ਤੇ ਮੁਲਾਜ਼ਮ ਵਰਗ ਤੇ ਧਿਆਨ ਕੇਂਦਰਿਤ ਕੀਤਾ, ਜਿਹਨਾਂ ਬਾਰੇ ਬਾਬਾ ਸਾਹਿਬ ਨੂੰ ਕਦੇ ਜਿਉਂਦੇ ਜੀਅ ਉਹਨਾਂ 'ਤੇ ਗਿਲਾ ਸੀ ਕਿ ਮੈਨੂੰ ਪੜ੍ਹੇ–ਲਿਖੇ ਵਰਗ ਨੇ ਧੋਖਾ ਦਿੱਤਾ। ਪਰ ਸਾਹਿਬ ਕਾਂਸ਼ੀ ਰਾਮ ਜੀ ਨੇ ਦੇਖਿਆ, ਸੋਚਿਆ, ਵਿਚਾਰਿਆ ਕਿ ਇਹ ਲੋਕ ਪੜ੍ਹੇ–ਲਿਖੇ ਹਨ, ਇਹਨਾਂ ਪਾਸ ਧਨ ਅਤੇ ਸਮਾਂ ਵੀ ਹੈ, ਮੈਨੂੰ ਲੱਗਦਾ ਹੈ ਕਿ ਇਹ ਲੋਕ ਮੇਰੀ ਗੱਲ ਨੂੰ ਸਮਝ ਲੈਣਗੇ। ਉਹਨਾਂ 1978 'ਚ ਬਾਮਸੇਫ ਦਾ ਗਠਨ ਕੀਤਾ ਅਤੇ 1981 ਵਿਚ ਡੀ. ਐਸ. ਫੋਰ ਤੇ 1984 ਵਿਚ ਬਹੁਜਨ ਸਮਾਜ ਪਾਰਟੀ ਬਣਾਈ।

ਅੱਜ ਜੇਕਰ ਕੋਈ ਪੁੱਛੇ ਕਿ ਸਾਹਿਬ ਕਾਂਸ਼ੀ ਰਾਮ ਜੀ ਦਾ ਮਿਸ਼ਨ ਕੀ ਸੀ ਤਾਂ ਅਸੀਂ ਬੜੀ ਸਰਲਤਾ ਨਾਲ ਕਹਿ ਸਕਦੇ ਹਾਂ ਕਿ ਸਾਹਿਬ ਕਾਂਸ਼ੀ ਰਾਮ ਜੀ ਨੇ ਭਾਰਤ ਦੇ ਉਹਨਾਂ ਹਜ਼ਾਰਾਂ ਸਾਲਾਂ ਤੋਂ ਦੱਬੇ–ਕੁਚਲੇ ਵਰਗਾਂ ਦੇ ਲੋਕਾਂ ਨੂੰ ਇਕੱਠਾ ਕੀਤਾ ਤੇ ਉਹਨਾਂ ਨੂੰ ਉਚਾ ਚੁੱਕਣ ਲਈ ਸਿਰਤੋੜ ਸੰਘਰਸ਼ ਕੀਤਾ ਤਾਂ ਕਿ ਭਾਰਤ ਦੇ ਮੂਲ ਨਿਵਾਸੀ ਲੋਕ ਫਿਰ ਤੋਂ ਇਸ ਭਾਰਤ ਦੇਸ਼ ਦੇ ਸ਼ਾਸਕ ਬਣ ਜਾਣ।

ਸ੍ਰੀ ਮਲਕੀਤ ਸਿੰਘ ਬੰਗੜ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਬਾਬਾ ਸਾਹਿਬ ਦੇ ਚਲੇ ਜਾਣ ਉਪਰੰਤ ਇਕ ਦਹਾਕੇ ਦੇ ਅੰਦਰ ਅੰਦਰ ਸਾਹਿਬ ਕਾਂਸ਼ੀ ਰਾਮ ਨੇ ਬੀੜਾ ਚੁੱਕ ਲਿਆ, ਜਿਸ ਤੋਂ ਮਨੂੰਵਾਦੀ ਤਾਕਤਾਂ ਬੁਖਲਾ ਗਈਆਂ। ਸਾਹਿਬ ਕਾਂਸ਼ੀ ਰਾਮ ਜੀ ਦੀ ਸੋਚ ਬੜੀ ਉਚੀ–ਸੁੱਚੀ ਤੇ ਮਾਨਵਤਾ ਦੇ ਭਲੇ ਹਿੱਤ ਸੀ। ਉਹਨਾਂ ਉਸ ਸਮਾਜ ਨੂੰ ਉਪਰ ਚੁੱਕਣ ਦਾ ਤਹੱਈਆ ਕੀਤਾ, ਜਿਸ ਸਮਾਜ ਨੂੰ ਦੂਸਰੀਆਂ ਰਾਜਨੀਤਿਕ ਪਾਰਟੀਆਂ ਸਿਰਫ ਆਪਣਾ ਵੋਟ ਬੈਂਕ ਹੀ ਬਣਾ ਰੱਖਿਆ ਸੀ ਪਰ ਉਹਨਾਂ ਦੇ ਜੀਵਨ ਕਲਿਆਣ ਲਈ ਕੋਈ ਕਲਿਆਣਕਾਰੀ ਉਪਰਾਲੇ ਨਾ ਕੀਤੇ। ਇਹੀ ਵਜ੍ਹਾ ਹੈ ਕਿ ਉਹ ਸਭ ਲਈ ਇਕ ਯੁੱਗ ਪੁਰਸ਼ ਹੋ ਨਿੱਬੜਿਆ।

ਸ੍ਰੀ ਰਾਜਿੰਦਰ ਗੰਗੜ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਸਤਿਗੁਰੂ ਰਵਿਦਾਸ ਜੀ ਦੇ ਸੱਚੇ ਸਪੂਤ ਸਨ, ਜੋ ਸੁਪਨਾ ਸਤਿਗੁਰੂ ਰਵਿਦਾਸ ਜੀ ਨੇ:

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ
ਛੋਟ ਬੜੇ ਸਮ ਵਸੈ ਰਵਿਦਾਸ ਰਹੇ ਪ੍ਰਸੰਨ।।

ਦਾ ਜੋ ਸੁਪਨਾ ਲਿਆ ਸੀ, ਉਸ ਨੂੰ ਪੂਰਾ ਕਰਨ ਲਈ ਉਪਰਾਲਾ ਕੀਤਾ। ਸਾਹਿਬ ਕਾਂਸ਼ੀ ਰਾਮ ਜੀ ਦਾ ਸੰਘਰਸ਼ ਬਹੁਜਨ ਸਮਾਜ ਲਈ ਸੀ ਨਾ ਕਿ ਆਪਣੇ ਪਰਿਵਾਰ ਲਈ। ਲੋੜ ਹੈ ਸਾਹਿਬ ਦੇ ਮਿਸ਼ਨ ਨੂੰ ਸਮਝਣ ਤੇ ਚੱਲਣ ਦੀ, ਇਹੀ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

ਸ੍ਰੀ ਜਸਵੀਰ ਮਮਨ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸਾਡਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਸਾਡੇ ਰਹਿਬਰ ਆਏ ਤੇ ਚਲੇ ਗਏ ਪਰ ਅਸੀਂ, ਸਾਡਾ ਸਮਾਜ ਉਹਨਾਂ ਨੂੰ ਪਹਿਚਾਣ ਹੀ ਨਹੀਂ ਸਕਿਆ। ਉਹਨਾਂ ਦੇ ਸੰਘਰਸ਼ ਨੂੰ ਅੱਗੇ ਵਧਾ ਹੀ ਨਹੀਂ ਸਕਿਆ। ਜੇਕਰ ਕੋਈ ਕਰਦਾ ਜਾਂ ਕਰਨ ਦਾ ਯਤਨ ਕਰਦਾ ਤਾਂ ਉਸ ਵਿਚ ਘੱਟੋ ਘੱਟ ਅਸੀਂ ਕੁਝ ਕਰ ਨਹੀਂ ਸਕਦੇ ਤਾਂ ਅਸੀਂ ਉਹਨਾਂ ਦੇ ਸੰਘਰਸ਼ 'ਚ ਅੜਿੱਕਾ ਵੀ ਨਾ ਬਣੀਏ। ਸ੍ਰੀ ਮਮਨ ਨੇ ਧਿਆਨ–ਗਿਆਨ–ਰਾਜ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਡਾ ਰਾਜ ਨਾ ਆਉਣ ਦਾ ਕਾਰਨ ਸਾਡਾ ਧਿਆਨ, ਧਿਆਨ ਭਾਵ ਡੇਰਿਆਂ ਤੋਂ ਮਿਲਣ ਵਾਲੇ ਨਾਮ 'ਤੇ ਧਿਆਨ ਲੱਗਾ ਰਹਿੰਦਾ ਹੈ। ਅਸੀਂ ਉਸ ਵਿਚ ਕੇਂਦਰਿਤ ਰਹਿੰਦੇ ਹਾਂ ਜੋ ਸਾਡੀ ਗੁਲਾਮੀ ਦਾ ਕਾਰਨ ਬਣਦਾ ਹੈ। ਪਰ ਸਾਡਾ ਧਿਆਨ ਉਸ ਗਿਆਨ ਵੱਲ ਘੱਟ ਜੋ ਰਾਜ ਵੱਲ ਲਿਜਾਂਦਾ ਹੈ, ਉਹ ਗਿਆਨ ਸਾਨੂੰ ਸਕੂਲ, ਕਾਲਜ, ਯੂਨੀਵਰਸਿਟੀਆਂ ਤੋਂ ਮਿਲਦਾ ਹੈ। ਸੋ ਰਾਜ ਕਰਨ ਲਈ ਧਿਆਨ ਨਾਲੋਂ ਗਿਆਨ ਵੱਲ ਧਿਆਨ ਦੇਣਾ ਚਾਹੀਦਾ ਹੈ। ਭਾਈ ਹਰਬਲਾਸ ਸਿੰਘ ਨੇ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਸਾਹਿਬ ਕਾਂਸ਼ੀ ਰਾਮ ਜੀ ਨੇ ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ ਸਾਹਿਬ, ਸਤਿਗੁਰੂ ਨਾਮਦੇਵ ਜੀ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਨੂੰ ਪੜ੍ਹਿਆ, ਸਮਝਿਆ, ਵਿਚਾਰਿਆ ਤੇ ਉਹਨਾਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਮਿਸ਼ਨ ਨਾਲ ਪੂਰੇ ਭਾਰਤ 'ਚ ਪ੍ਰਚਾਰਿਆ। ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਦੇ ਸਾਬਕਾ ਪ੍ਰਧਾਨ/ਚੇਅਰਮੈਨ ਸ੍ਰੀ ਕਰਮ ਸਿੰਘ ਬੰਗੜ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਜਿੱਥੇ ਅਸੀਂ ਆਪਣੇ ਸਾਰੇ ਰਹਿਬਰਾਂ ਨੂੰ ਯਾਦ ਕਰਦੇ ਹਾਂ, ਉਹ ਬਹੁਤ ਹੀ ਵਧੀਆ ਗੱਲ ਹੈ ਪਰ ਉਸਦੇ ਨਾਲ ਨਾਲ ਜਿਸ ਮੁਲਕ ਵਿਚ ਅਸੀਂ ਰਹਿੰਦੇ ਹਾਂ, ਉਥੋਂ ਦੇ ਦਰਦਨਾਕ ਵਾਕਿਆ ਤੇ ਵੀ ਦੁੱਖ ਪ੍ਰਗਟ ਕਰੀਏ, ਉਹਨਾਂ ਦੇ ਦੁੱਖ 'ਚ ਸ਼ਰੀਕ ਹੋਈਏ। ਇਕੋ ਇਕ ਔਰਤ ਵਰਗ 'ਚੋਂ ਬੁਲਾਰੇ ਦੇ ਤੌਰ ਤੇ ਸ਼ਰਧਾਂਜਲੀ ਦੇ ਦੋ ਸ਼ਬਦ ਬੋਲਦਿਆਂ ਬੀਬਾ ਮਨਦੀਪ ਕੌਰ ਨੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਉਸ ਨਾਅਰੇ ਨੂੰ ਯਾਦ ਕਰਵਾਇਆ ਕਿ 'ਵੋਟ ਹਮਾਰਾ ਰਾਜ ਤੁਮਾਹਰਾ ਨਹੀਂ ਚਲੇਗਾ, ਨਹੀਂ ਚਲੇਗਾ'। ਇਸ ਵਿਚਲੇ ਛੁਪੇ ਰਾਜ਼ ਵਿਚੋਂ ਰਾਜ ਦਾ ਪੜਦਾ ਉਠਾਉਂਦਿਆਂ ਬੀਬੀ ਮਨਦੀਪ ਕੌਰ ਨੇ ਸਭ ਭੈਣਾਂ–ਵੀਰਾਂ ਨੂੰ ਅਰਜ਼ ਕੀਤੀ ਕਿ ਤੁਹਾਡਾ ਆਪਣਾ ਵੋਟ ਬੜੀ ਮੁਸ਼ਕਿਲ ਨਾਲ ਡਾ. ਅੰਬੇਡਕਰ ਜੀ ਨੇ ਲੈ ਕੇ ਦਿੱਤਾ, ਸੋ ਤੁਸੀਂ ਆਪਣੇ ਵੋਟ ਦੀ ਕੀਮਤ ਨੂੰ ਸਮਝੋ ਤੇ ਸਹੀ ਇਸਤੇਮਾਲ ਕਰਕੇ ਆਪਣੀ ਪਾਰਟੀ ਦਾ ਰਾਜ ਲਿਆਓ। ਇਸਦੇ ਨਾਲ ਹੀ ਸਤਿਗੁਰੂ ਰਵਿਦਾਸ ਜੀ ਦੇ ਉਸ ਸ਼ਬਦ ਨੂੰ ਸੁਣੋ ਹੀ ਨਹੀਂ ਬਲਕਿ ਵਿਚਾਰੋ ਤੇ ਅਮਲ ਕਰੋ ਕਿ ਉਹਨਾਂ ਕਿਹਾ ਸੀ– ਸਾਧ ਸੰਗਤਿ ਮਿਲ ਰਹੀਏ ਮਾਧੋ ਜੈਸੇ ਮਧੁਪ ਮਖੀਰਾ।।

ਸਾਨੂੰ ਸਭ ਨੂੰ ਰਲ–ਮਿਲ ਕੇ ਰਹਿਣ ਤੇ ਚੱਲਣਾ ਚਾਹੀਦਾ ਹੈ, ਜਿਵੇਂ ਸ਼ਹਿਦ ਦੀਆਂ ਮੱਖੀਆਂ।

ਅਖੀਰ ਗੁਰੂ ਘਰ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਭਾਈ ਸਾਹਿਬ ਰਾਮ ਸਿੰਘ ਜੀ ਨੇ ਸ਼ਬਦ ਪੜ੍ਹਿਆ ਤੇ ਅਰਦਾਸ ਕੀਤੀ। ਇਸ ਤੋਂ ਪਹਿਲਾਂ ਭਾਈ ਹਰਬਲਾਸ ਸਿੰਘ ਜੀ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਚੇਅਰਮੈਨ ਸ੍ਰੀ ਰਾਜਿੰਦਰ ਮੋਮੀ ਜੀ ਨੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਸਾਰੇ ਬੁਲਾਰਿਆਂ ਤੇ ਸਮੂਹ ਸੰਗਤਾਂ ਦਾ ਕੋਟਿ–ਕੋਟਿ ਧੰਨਵਾਦ ਕੀਤਾ, ਜਿਹਨਾਂ ਉਸ ਮਹਾਨ ਰਹਿਬਰ ਨੂੰ ਸ਼ਰਧਾਂਜਲੀ ਦੇਣ ਲਈ ਸਮਾਗਮ ਵਿਚ ਹਾਜ਼ਰੀਆਂ ਭਰੀਆਂ।

# ਕੇਵਲ ਸਿੱਧੂ, ਗੁਰਪਾਲ ਸਿੰਘ, ਡਾ. ਗੁਰਜੀਤ ਸਿੰਘ ਟਰੇਸੀ ਅਤੇ ਸੋਢੀ ਨਾਹਰ ਵੱਲੋਂ ਅਤੇ ਸਮੂਹ ਪਰਿਵਾਰਾਂ ਵੱਲੋਂ ਭਗਵਾਨ ਵਾਲਮੀਕ ਮਹਾਰਾਜ ਜੀ ਦੇ ਮਨਾਏ ਗਏ ਪ੍ਰਗਟ ਦਿਵਸ (ਯੂਬਾ ਸਿਟੀ ਅਤੇ ਕੈਲੇਫੋਰਨੀਆ ਵਿਖੇ) ਦੀਆਂ ਲੱਖ-ਲੱਖ ਵਧਾਈਆਂ








Mrs. Ashok Sidhu-Kewal Sidhu - Gurpal Singh -Sodhi Singh Nahar, Dr. Gurjit Singh Tracy and his wife



ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)


# ਵਲੇਹੋ 'ਚ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ ਗਿਆ










ਰਿਪੋਰਟ ਦੇਖੋ ਸਫਾ 1 'ਤੇ







ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)




# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਅਣਥੱਕ ਸੇਵਾਦਾਰਾਂ ਦਾ ਜਨਮ ਦਿਨ ਮਨਾਇਆ









**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 22 ਅਕਤੂਬਰ ਦਿਨ ਐਤਵਾਰ ਨੂੰ ਗੁਰੂ ਘਰ ਦੇ ਅਣਥੱਕ ਸੇਵਾਦਾਰ ਸ੍ਰੀ ਰਾਮ ਸੇਵਕ ਭਾਟੀਆ ਜੀ, ਬੀਬ ਸੰਧਿਆ ਕਮਲ ਭਾਟੀਆ ਜੀ ਵੱਲੋਂ ਆਪਣੇ ਬੱਚੇ ਕਾਕਾ ਬ੍ਰਹਮ ਨੂਰ ਭਾਟੀਆ, ਬੇਟੀ ਅਮੋਲ ਪ੍ਰੀਤ ਭਾਟੀਆ ਜੀ ਦੇ ਜਨਮ ਦਿਨ ਮਨਾਏ ਗਏ, ਜਿਸ ਵਿਚ ਐਤਵਾਰ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ, ਬੀਬੀ ਅਲੋਚਨਾ ਰਾਏ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸ੍ਰੀ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਟੀਆ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਇਹਨਾਂ ਸਮਾਗਮਾਂ ਵਿਚ ਗੁਰੂ ਘਰਦੇ ਚੇਅਰਮੈਨ ਸ੍ਰੀ ਪ੍ਰਸ਼ੋਤਮ ਸੂਦ ਜੀ ਦੇ ਰਿਸ਼ਤੇਦਾਰ ਸ੍ਰੀ ਰਣਜੋਧ ਸਿੰਘ ਬਾਸਲ, ਸ੍ਰੀ ਪ੍ਰੇਮ ਸੂਦ, ਮਨਿੰਦਰ ਰੱਤੂ, ਬਿੰਦਰ ਕੁਮਾਰ ਰੱਛੂ ਵਿਸ਼ੇਸ਼ ਤੌਰ ਤੇ ਕੈਨੇਡਾ (ਬੀ. ਸੀ.) ਤੋਂ ਅਮਰੀਕਾ ਗੁਰੂ ਘਰ ਵਿਖੇ ਆਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਕਨੇਡਾ ਤੋਂ ਆਏ ਸਾਰੇ ਮੈਂਬਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ।

ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

### ਦੀਵਾਲੀ ਅਤੇ ਬੰਦੀ ਛੋੜ ਦਿਵਸ ਮਨਾਇਆ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਮਿਤੀ 19 ਅਕਤੂਬਰ ਦਿਨ ਵੀਰਵਾਰ ਨੂੰ ਦੀਵਾਲੀਅਤੇ ਬੰਦੀ ਛੋੜ ਦਿਵਸ ਮਨਾਇਆ ਗਿਆ। ਜਿਸ ਵਿਚ ਵੀਰਵਾਰ 19 ਅਕਤੂਬਰ ਸ਼ਾਮ ਨੂੰ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਮਹਾਨ ਕੀਰਤਨ ਦਰਬਾਰਾ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਅਤੇ ਬੀਬੀ ਅਲੋਚਨਾ ਰਾਏ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਇਸੇ ਦਿਨ ਗੁਰੂ ਘਰ ਵੱਲੋਂ 108 ਸੰਤ ਭਗਵਾਨ ਦਾਸ ਜੀ (ਗੱਦੀ ਨਸ਼ੀਨ 108 ਸੰਤ ਮੇਲਾ ਰਾਮ ਜੀ ਨਗਰ ਵਾਲੇ) ਦਾ ਜਨਮ ਦਿਨ ਵੀ ਮਨਾਇਆ ਗਿਆ। ਸੰਗਤਾਂ ਵੱਲੋਂ ਮਹਾਂਪੁਰਸ਼ ਦੀ ਦੇਹ ਅਰੋਗਤਾ ਅਤੇ ਲੰਮੀ ਉਮਰ ਲਈ ਅਰਦਾਸ ਕੀਤੀ ਗਈ। ਲੰਗਰ ਦੀ ਸੇਵਾ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਪਰਿਵਾਰ ਵੱਲੋਂ ਕੀਤੀ ਗਈ।

ਸ੍ਰੀ ਰਾਮ ਸੇਵਕ ਭਾਟੀਆ ਜੀ ਵੱਲੋਂ ਸਟੇਜ ਸੈਕਟਰੀ ਦੀ ਸੇਵਾ ਨਿਭਾਈ ਗਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਮਾਣਯੋਗ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

### ਕਤਿਕ ਸੰਗਰਾਂਦ ਮਨਾਈ ਗਈ

ਕਤਿਕ ਕਰਮ ਕਮਾਵਣੇ ਦੋਸੁ ਨ ਕਾਹੂ ਜੋਗ।
ਪਰਮੇਸਰਿ ਤੇ ਭੁਲਿਆ ਵਿਆਪਨਿ ਸਭੇ ਰੋਗ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਦਿਨ ਮੰਗਲਵਾਰ 17 ਅਕਤੂਬਰ ਨੂੰ ਕਤਿਕ ਮਹੀਨੇ ਦੀ ਸੰਗਰਾਂਦ ਮਨਾਈ ਗਈ, ਜਿਸ ਵਿਚ ਸ਼ਾਮ ਵੇਲੇ ਕੀਰਤਨ ਦਰਬਾਰ ਸਜਾਏ ਗਏ।

ਜਿਸ ਵਿਚ ਮੰਗਲਵਾਰ ਸ਼ਾਮ 6 ਵਜੇ ਸ੍ਰੀ ਰਹਿਰਾਸ ਸਾਹਿਬ ਜੀ, ਬਾਰਹ ਮਾਹਾ ਮਾਝ ਮਹੱਲਾ 4 ਬਾਣੀਆਂ ਉਪਰੰਤ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਦੇ ਹਜ਼ੂਰੀ ਜਥੇ, ਬੀਬੀ ਲੋਚਨਾ ਰਾਏ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

TANDOOR
Indian Restaurant
27167 Mission Blvd. Hayward, CA 95544


ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
BUFFET LUNCH 11:00 AM To 3:00 PM
We are open seven days 11 AM to 10 PM
Contact Us:
Ph. 510-885-1212
Fax. 510-885-1532

L.A. MERCHANDISE
Whole Sale +Retail
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax
* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।

Baksho Kaur Bisla Hardev Singh Bisla
500 N. Palora Ave. Yuba City, CA 95991
530-671-0439, Fax 530-822-0439 Cell- 530-844-3250

# ਮਾਲਟਾ ਦੀ ਪਨਾਮਾ ਪੇਪਰ ਪੱਤਰਕਾਰ ਡੇਫੇਨੇ ਕਾਰੂਆਨਾ ਗਾਲੀਜੀਆ ਦੀ ਮੌਤ



ਹਰਦੀਪ ਸਿੰਘ ਚੁੰਬਰ
91-94636-01616

ਡੇਫੇਨੇ ਕਾਰੂਆਨਾ ਗਾਲੀਜੀਆ ਦੀ ਸੋਮਵਾਰ 17 ਅਕਤੂਬਰ 2017 ਦੀ ਦੁਪਹਿਰ ਮੌਤ ਹੋ ਗਈ ਜਦੋਂ ਉਸ ਦੀ ਕਾਰ ਪਊਜੀਓਟ 108, ਇੱਕ ਤਾਕਤਵਰ ਵਿਸਫੋਟਕ ਯੰਤਰ ਜੋ ਕਾਰ ਦੇ ਹੇਠਲੇ ਹਿਸੇ ਵਿੱਚ ਫਿੱਟ ਕੀਤਾ ਹੋਇਆ ਸੀ ਉਸ ਦੇ ਦੁਆਰਾ ਤਬਾਹ ਕਰ ਦਿੱਤੀ ਗਈ ਜਿਸ ਨਾਲ ਵਾਹਨ ਨੂੰ ਕਈ ਟੁੱਕੜਿਆਂ ਵਿੱਚ ਉਡਾ ਦਿੱਤਾ ਗਿਆ ਅਤੇ ਕਾਰ ਨੂੰ ਲਾਗੇ ਦੇ ਖੇਤ ਵਿੱਚ ਮਲਬੇ ਦੇ ਰੂਪ ਵਿਚ ਵਖੇਰ ਦਿਤਾ। ਸੋਮਵਾਰ ਸ਼ਾਮ ਜਦੋਂ ਕਿ ਇਕ ਪੱਤਰਕਾਰ ਨੂੰ ਮੋਮਬੱਤੀ ਲਈ ਸੜਕਾਂ ਆਏ ਅਤੇ ਗਾਲੀਜ਼ੀਆ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ,

ਇਕ ਬਲੌਗਰ ਜਿਸ ਦੀਆਂ ਭ੍ਰਿਸ਼ਟਾਚਾਰ ਵਿਰੋਧੀ ਪੋਸਟਾਂ ਆਮ ਲੋਕਾਂ ਵਿਚ ਬਹੁਤ ਜਿਆਦਾ ਪ੍ਰਭਾਵ ਪਾਉਂਦੀਆਂ ਸਨ, ਨੇ ਦੇਸ਼ ਦੇ ਅਖ਼ਬਾਰਾਂ ਦੇ ਸਮੂਹਕ ਰੂਪ ਵਿਚ ਪਾਠਕਾਂ ਨੂੰ ਜ਼ਿਆਦਾ ਆਕਰਸ਼ਤ ਕੀਤਾ। ਕਾਰੂਆਨਾ ਗਾਲੀਜ਼ੀਆ ਨੇ ਹਾਲ ਹੀ ਵਿਚ ਰਾਜਨੀਤੀ ਦੀ ਵੈੱਬਸਾਈਟ "ਇਕ ਔਰਤ ਵਿਕੀਲੀਕਸ" ਦੇ ਰੂਪ ਵਿਚ ਕੰਮ ਕੀਤਾ ਸੀ। ਉਸ ਦੇ ਬਲੌਗ ਰਾਜ਼ਨੀਤਿਕ ਅਤੇ ਅੰਡਰਵਰਲਡ ਦੋਹਾਂ ਸਥਾਪਨਾਂ ਸਥਾਪਿਤ ਹੋ ਚੁੱਕੇ ਸਨ, ਜੋ ਯੂਰਪ ਦੇ ਸਭ ਤੋਂ ਛੋਟੇ ਮੈਂਬਰ ਰਾਜ ਦੇ ਵਿੱਚ ਪ੍ਰਭਾਵ ਪਾਉਂਦੇ ਸਨ।

ਉਸ ਦਾ ਸਭ ਤੋਂ ਤਾਜ਼ਾ ਖੁਲਾਸਾ ਉਸ ਸਮੇ ਹੋਇਆ ਜਦੋਂ ਮਾਲਟਾ ਦੇ ਪ੍ਰਧਾਨ ਮੰਤਰੀ, ਜੋਸਫ ਮਸਕੈਟ ਅਤੇ ਉਸ ਦੇ ਦੋ ਨੇੜਲੇ ਸਹਿਯੋਗੀ, ਉਸ ਦੇ ਸਾਥੀ ਮਾਲਟਾ ਦੇ ਪਾਸਪੋਰਟਾਂ ਦੇ ਵੇਚਣ ਅਤੇ ਅਜ਼ਰਬਾਈਜ਼ਾਨ ਸਰਕਾਰ ਤੋ ਅਦਾਇਗੀ ਲੈਣਵਾਬਤ ਤਿੰਨ ਬੰਦੇ ਜੋ ਸਬੰਧਿਤ ਸੰਮੁਦਰੀ ਕੰਪਨੀਆਂ ਨਾਲ ਜੁੜੇ ਹੋਣ ਦੇ ਖੁਲਾਸੇ ਹੋਏ।

ਮਸਕੈਟ ਨੇ ਇਕ ਜਲਦਬਾਜੀ ਨਾਲ ਬੁਲਾਈ ਹੋਈ ਪ੍ਰੈਸ ਕਾਨਫਰੰਸ ਵਿਚ ਕਿਹਾ, ਪਰ ਕੋਈ ਵੀ ਇਸ ਬੇਰਹਿਮ ਕੰਮ ਨੂੰ ਕਿਸੇ ਵੀ ਤਰੀਕੇ ਨਾਲ ਜਾਇਜ਼ ਨਹੀ ਠਹਿਰਾ ਸਕਦਾ ਹੈ."ਮਸਕੈਟ ਨੇ ਬਾਅਦ ਵਿਚ ਸੰਸਦ ਵਿਚ ਐਲਾਨ ਕੀਤਾ ਕਿ ਐਫਬੀਆਈ ਅਫ਼ਸਰਾਂ ਨੇਬਾਹਰੋਂ ਅਮਰੀਕੀ ਸਰਕਾਰ ਤੋਂ ਮਦਦ ਲਈ ਬੇਨਤੀ ਕਰਨ ਤੋਂ ਬਾਅਦ ਜਾਂਚ ਵਿਚ ਸਹਾਇਤਾ ਲਈ ਮਾਲਟਾ ਬੁਲਾਏ ਜਾ ਰਹੇ ਹਨ।

ਨੈਸ਼ਨਲਿਸਟ ਪਾਰਟੀ ਦੇ ਨੇਤਾ ਅਡਰੀਅਨ ਡੈਲਿਆ - ਡੇਫੇਨੇ ਕਾਰੂਆਨਾ ਗਾਲੀਜੀਆ ਦੁਆਰਾ ਖੁਦ ਨੈਗੇਟਿਵ ਕਹਾਣੀਆਂ ਦਾ ਜਿਕਰ ਕਰਦੇ ਹੋਏ ਦਾਅਵਾ ਕੀਤਾ ਕਿ ਹੱਤਿਆ ਉਸ ਦੀ ਰਿਪੋਰਟਿੰਗ ਨਾਲ ਜੁੜੀ ਹੋਈ ਦਸਿਆ. ਡੇਲੀਆ ਨੇ ਇਕ ਬਿਆਨ ਵਿਚ ਕਿਹਾ, "ਅੱਜ ਇਕ ਸਿਆਸੀ ਕਤਲ ਹੋਇਆ, ਇਕ ਆਮ ਹੱਤਿਆ ਨਹੀਂ ਹੈ. ਇਹ ਪਿਛਲੇ ਚਾਰ ਸਾਲਾਂ ਤੋਂ ਚੱਲ ਰਹੇ ਕਾਨੂੰਨ ਦੇ ਸ਼ਾਸਨ ਦੀ ਸਾਰੀ ਢਿੱਲ ਦਾ ਨਤੀਜਾ ਹੈ।"

ਕਤਲ ਕੀਤੇ ਖੋਜੀ ਪੱਤਰਕਾਰ ਅਤੇ ਬਲੌਗਰ ਡੇਫਨੇ ਕਾਰੂਆਨਾ ਗਾਲੀਜੀਆ ਦੇ ਪੁੱਤਰ ਨੇ ਉਸ ਦੀ ਮਾਂ ਦੇ ਸਰੀਰ ਦੇ ਟੁੱਕੜੇ ਕਾਰ ਦੇ ਆਲੇ ਦੁਆਲੇ ਲੱਭਣ ਦਾ ਵਰਣਨ ਕੀਤਾ ਹੈ, ਜਿਸ ਕਾਰ ਵਿੱਚ ਉਸ ਦੀ ਮੌਤ ਹੋ ਗਈ ਸੀ ਅਤੇ "ਚੌਕਸ" ਅਪਰਾਧੀਆਂ ਦੁਆਰਾ ਚਲਾਏ ਗਏ "ਮਾਫੀਆ ਰਾਜ" ਦੇ ਤੌਰ ਤੇ ਇਸ ਟਾਪੂ ਉੱਤੇ ਹਮਲਾ ਕੀਤਾ ਗਿਆ,ਜਿਸ ਵਿੱਚ ਉਸ ਦੀ ਮੌਤ ਹੋ ਗਈ। ਮੈਥਿਊ ਕਾਰੂਆਨਾ ਗਾਲੀਜ਼ੀਆ, ਜੋ ਇਕ ਖੋਜੀ ਰਿਪੋਰਟਰ ਵੀ ਸਨ, ਨੇ ਲਿਖਿਆ ਕਿ "ਮੇਰੇ ਮਾਤਾ ਜੀ ਨੂੰ ਕਤਲ ਕਰ ਦਿੱਤਾ ਗਿਆ, ਕਿਉਂਕਿ ਉਹ ਕਾਨੂੰਨ ਦੇ ਸ਼ਾਸਨਕਾਲ ਅਤੇ ਭਰਿਸ਼ਟਾਚਾਰੀ ਜਿਨ੍ਹਾਂ ਨੇ ਕਾਨੂੰਨ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕੀਤੀ ਸੀ ਦੇ ਵਿਚਕਾਰ ਖੜੇ ਸਨ, ਉਨ੍ਹਾਂ ਨੇ ਫੇਸਬੁੱਕ ਉਤੇ ਵੀਮੇਰੇ ਮਾਤਾ ਜੀ ਨੂੰ ਨਿਸ਼ਾਨਾ ਵੀ ਬਣਾਇਆ ਸੀ, ਕਿਉਂਕਿ ਉਹ ਇਕੋ ਇਕ ਅਜਿਹੇ ਸਖਸ਼ ਸੀ ਜਿਸ ਨੇ ਅਜਿਹਾ ਕੀਤਾ। ਇਹ ਉਦੋਂ ਹੁੰਦਾ ਹੈ ਜਦੋਂ ਰਾਜ ਦੀਆਂ ਕਾਨੂੰਨ ਦੇ ਸ਼ਾਸਨ ਚਲਾਣ ਵਾਲੀਆਂ ਸੰਸਥਾਵਾਂ ਕਾਨੂੰਨ ਦੀ ਵਿਵਸਥਾ ਬਨਾਣ ਵਿਚ ਅਸਮਰੱਥ ਹੁੰਦੀਆਂ ਹਨ। ਕਿਸੇ ਵੀ ਢਾਂਚੇ ਵਿਚਅਕਸਰ ਆਖਰੀ ਵਿਅਕਤੀ ਪੱਤਰਕਾਰ ਖੜ੍ਹਾ ਹੁੰਦਾ ਹੈ, ਜਿਸ ਦੇ ਕਾਰਨ ਪਹਿਲਾ ਦੋਸ਼ੀ ਵਿਅਕਤੀ ਮਰ ਰਿਹਾ ਹੁੰਦਾ ਹੈ. "ਡਚ ਫਾਰੈਂਸਿਕ ਮਾਹਿਰ ਅਤੇ ਐਫਬੀਆਈ ਦੀ ਇਕ ਟੀਮ ਕਾਰਾਆਨਾ ਗਾਲੀਜ਼ੀਆ ਦੀ ਹੱਤਿਆ ਦੀ ਜਾਂਚ ਕਰਨ ਲਈ ਯੂਰਪੀ ਸੰਘ ਦੇ ਛੋਟੀ ਜਿਹੇ ਰਾਜ ਵਿਚ ਪੁਲਿਸ ਦੀ ਮਦਦ ਕਰਨ ਲਈ ਮਾਲਟਾ ਪਹੁੰਚ ਰਹੀ ਹੈ, ਜਿਸ ਨੇ ਇਸ ਟਾਪੂ ਤੇ ਪਨਾਮਾ ਪੇਪਰ ਭ੍ਰਿਸ਼ਟਾਚਾਰ ਦੀ ਜਾਂਚ ਦੀ ਅਗਵਾਈ ਕੀਤੀ ਸੀ।

ਸੋਮਵਾਰ ਦੁਪਹਿਰ ਨੂੰ ਉਸ ਦੀ ਮੌਤ ਹੋ ਗਈ, ਜਦੋਂ ਉਸ ਦੇ ਪਊਜੀਓਟ ਨੂੰ ਇਕ ਵਿਸਫੋਟਕ ਯੰਤਰ ਦੁਆਰਾ ਤਬਾਹ ਕਰ ਦਿੱਤਾ ਗਿਆ. ਇੰਨੀ ਪ੍ਰਭਾਵਸ਼ਾਲੀ ਵਿਸਫੋਟ ਨੇ ਇਸ ਕਾਰ ਨੂੰ ਨੇੜੇ ਦੇ ਖੇਤਰ ਵਿਚ ਉਡਾ ਦਿੱਤਾ। ਇਕ ਗਵਾਹ ਨੇ ਕਿਹਾ, "ਮੈਂ ਕਾਰ ਚੋਂ ਹੋਣ ਵਾਲਾ ਇਕ ਨਿਕਾ ਜਿਹਾ ਧਮਾਕਾ ਦੇਖਿਆ ਅਤੇ ਮੈਂ ਘਬਰਾ ਗਿਆ, "ਫਰਾਂਸ ਸੰਤ ਨੇ ਕਿਹਾ ਜੋ ਉਲਟ ਦਿਸ਼ਾ ਵਲੋਂ ਡ੍ਰਾਈਵ ਕਰਦਾ ਆ ਰਿਹਾ ਸੀ।"ਕੁਝ ਸੈਕਿੰਡ ਬਾਅਦ, ਤਕਰੀਬਨ ਤਿੰਨ ਤੋਂ ਚਾਰ ਸਕਿੰਟਾਂ ਵਿਚ ਇਕ ਹੋਰ ਵੱਡਾ ਧਮਾਕਾ ਹੋਇਆ. ਕਾਰ ਹੌਲੀ-ਹੌਲੀ ਘਿਸਟਦੀ ਹੋਈ ਪਹਾੜੀ ਦੇ ਹੇਠਾਂ ਆ ਰਹੀ ਸੀ, ਉੱਚੇ ਥਾਂ ਤੇ ਤੇਜ਼ ਦੌੜਦੀ, ਅੱਗ ਦਾ ਗੋਲਾ ਬਣੀ ਹੋਈ, ਕਾਰ ਮੇਰੇ ਕੋਲੋ ਲਗਭਗ 10 ਫੁੱਟ ਦੂਰੀ ਤੇ ਆ ਕੇ ਰੁੱਕ ਗਈ। ਮੈਂ ਮਦਦ ਕਰਨ ਦੀ ਕੋਸ਼ਿਸ਼ ਕੀਤੀ, ਪਰ ਅੱਗ ਬਹੁਤ ਜ਼ਿਆਦਾ ਸੀ ਅਤੇ ਕਾਰ ਪੂਰੀ ਤਰਾਂ ਖਤਮ ਹੋ ਗਈ, "ਉਸ ਨੇ ਕਿਹਾ:

ਮੰਗਲਵਾਰ ਦੁੱਪਹਿਰ ਨੂੰ ਟਾਪੂ ਦੀ ਰਾਜਧਾਨੀ, ਵਾਲੈਟਟਾ (Valletta) ਵਿਚ ਮੁੱਖ ਅਦਾਲਤਾਂ ਦੇ ਬਾਹਰ ਪ੍ਰਦਰਸ਼ਨ ਕੀਤਾ ਗਿਆ ਸੀ, ਜਿਸ ਨੇ 53 ਸਾਲਾ ਪੱਤਰਕਾਰ ਦੇ ਲਈ ਨਿਆਂ ਮੰਗ ਕੀਤੀ ਸੀ, ਜਿਸ ਪੱਤਰਕਾਰ ਦਾ ਵਰਣਨ "ਇਕ ਔਰਤ ਵਿਕੀਲੀਕਸ" ਦੇ ਰੂਪ ਵਿਚ ਕੀਤਾ ਗਿਆ ਸੀ, ਜਿਸਦੇ ਲਿਖੇਤਿੱਖੇ ਆਲੋਚਕ ਬਲੌਗ ਟਾਪੂ ਦੇ ਸਿਆਸਤਦਾਨਾਂ ਦੇ ਬਹੁਤ ਰੜਕਦੇ ਸਨ। ਕਿਉਂਕਿ ਉਹ ਹੀ ਇਸ ਸੰਗਠਿਤ ਅਪਰਾਧ ਸਮੂਹ ਦੇ ਹਿਸਾ ਸਨ।

ਪੱਤਰਕਾਰ ਦੇ ਪਤੀ ਨਾਲ ਕੰਮ ਕਰਨ ਵਾਲੇ ਇਕ ਪ੍ਰਸਿੱਧ ਵਕੀਲ ਐਂਡਰੂ ਬੋਰਗ-ਕਾਰਡੋਨਾ ਨੇ ਕਿਹਾ, "ਰਾਜ ਨੇ ਡੇਫੇਨ ਦਾ ਬਚਾਅ ਨਹੀਂ ਕੀਤਾ" ਮਾਈਕਲ ਬ੍ਰਿਗੁੱਲੀਓ, ਜੋ ਕਿ ਟਾਪੂ ਦੀ ਗ੍ਰੀਨ ਪਾਰਟੀ ਦੇ ਇਕ ਪ੍ਰਮੁੱਖ ਮੈਂਬਰ ਸਨ, ਨੇ ਕਿਹਾ ਸੀ: "ਇਹ ਇਕ ਸਿਆਸੀ ਕਤਲ ਹੈ ਕਿਉਂਕਿ ਇਸ ਦੀ ਪਿੱਠ ਭੂਮੀ ਸਾਫ਼-ਸਾਫ਼ ਇਕ ਸਿਆਸੀ ਸੰਦਰਭ ਹੈ ਅਤੇ ਰਾਜ ਨੇ ਇਕ ਪੱਤਰਕਾਰ ਦੀ ਰੱਖਿਆ ਨਹੀਂ ਕੀਤੀ ਜੋ ਖ਼ਤਰੇ ਵਿਚ ਸੀ."ਯੂਰਪੀ ਕਮਿਸ਼ਨ ਨੇ ਕਿਹਾ ਕਿ ਇਹ ਕਤਲ ਦਾ ਖ਼ਦਸ਼ਾ ਹੈ।


ਇਹ ਪੁੱਛੇ ਜਾਣ 'ਤੇ ਕਿ ਕੀ ਇਹ ਪਤਾ ਕਰਨ ਲਈ ਕਿ ਕੀ ਮਾਲਟਾ ਕਾਨੂੰਨ ਦੇ ਯੂਰਪੀ ਸ਼ਾਸਨ ਦੇ ਨਿਯਮਾਂ ਦੀ ਪਾਲਣਾ ਕਰ ਰਿਹਾ ਹੈ, ਇਕ ਬੁਲਾਰੇ ਮਾਰਗਰਾਈਟਿਸ ਸ਼ੀਨਸ ਨੇ ਕਿਹਾ ਕਿ ਇਕ ਘਿਨਾਉਣੀ ਕਾਰਵਾਈ ਹੋਈ ਹੈ ਅਤੇ ਹੁਣ ਇਸ ਮਾਮਲੇ ਵਿੱਚ ਕੀ ਨਿਆਂ ਕੀਤਾ ਜਾਵੇਗਾ? ਇਹ ਸਾਨੂੰ ਵੇਖਣ ਦੀ ਜ਼ਰੂਰਤ ਹੈ. "ਮਾਲਟਾ ਕਾਰ ਬੰਬ ਪਨਾਮਾ ਪੇਪਰਜ਼ ਪੱਤਰਕਾਰ ਨੂੰ ਮਾਰ ਦਿਤਾ ਹੈ।

ਮੈਥਿਊ ਨੇ ਕਿਹਾ ਕਿ ਉਹ ਕਦੇ ਨਹੀਂ ਭੁੱਲਣਗੇ ਕਿ "ਕਾਰ ਦੇ ਦਰਵਾਜ਼ੇ ਨੂੰ ਖੋਲ੍ਹਣ ਦਾ ਰਸਤਾ ਲੱਭਣ ਲਈ ਖੇਤਾਂ ਵਿਚ ਬਣ ਚੁੱਕੇ ਨਰਕ ਦੇ ਦੁਆਲੇ ਭੱਜ ਰਹੇ ਸਨ, ਕਾਰ ਦਾ ਹੌਰਨ ਅਜੇ ਵੀ ਅਵਾਜ ਕਰ ਰਿਹਾ ਸੀ। ਦੋ ਪੁਲਿਸ ਵਾਲੇ ਆਇਸਨ ਅਤੇ ਉਹ ਸਿਰਫ ਇਕ ਹੀ ਛੋਟਾ ਅੱਗ ਬੁਝਾਊ ਯੰਤਰ ਲੈਕੇ ਆਏ ".ਇਕ ਪੁਲਿਸ ਕਰਮਚਾਰੀ ਨੇ ਕਿਹਾ: "ਮਾਫ਼ ਕਰਨਾ, ਇੱਥੇ ਸਾਡੇ ਕੋਲ ਕਰਨ ਲਈ ਕੁੱਝ ਨਹੀਂ ਹੈ ਜੋ ਅਸੀਂ ਖਾਸ ਨਹੀ ਕਰ ਸਕਦੇ ਹਾਂ," ਉਸ ਦੇ ਪੁੱਤਰ ਨੇ ਲਿਖਿਆ. "ਮੈਂ ਹੇਠਾਂ ਦੇਖਿਆ ਅਤੇ ਮੇਰੇ ਆਲੇ ਦੁਆਲੇ ਮੇਰੇ ਮਾਤਾ ਜੀ ਦੇ ਸਰੀਰ ਦੇ ਟੁੱਕੜੇ ਪਏ ਸਨ। ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਉਹ ਸਹੀ ਸਨ, ਇਹ ਮੇਰੇ ਲਈ ਬਹੁਤ ਨਿਰਾਸਾ ਦਾ ਸਮਾਂ ਸੀ। ਉਨ੍ਹਾਂ ਪੁਲਿਸ ਕਰਮਚਾਰੀਆਂ ਨੇ ਮੈਨੂੰ ਪੁੱਛਿਆ, 'ਕਾਰ ਵਿਚ ਕੌਣ ਕੌਣ ਸਨ?' ਮੈ ਕਿਹਾ, ਮੇਰੀ ਮਾਂ ਕਾਰ ਵਿਚ ਸੀ, ਉਹ ਮਰ ਗਈ ਹੈ ਉਹ ਤੁਹਾਡੀ ਅਯੋਗਤਾ ਕਾਰਣ ਮਰ ਗਈ ਹੈ'।


"ਡੇਫੇਨੇ ਕਾਰੂਆਨਾ ਗਾਲੀਜੀਆ ਨੇ ਆਪਣੇ ਬਹੁਤ ਹੀ ਮਸ਼ਹੂਰ ਬਲਾਗ ਵਿਚ ਮਾਲਟਾ ਦੀ ਪਾਰਟੀ ਲਾਈਨ ਵਿਚ ਸਿਆਸਤਦਾਨਾਂ ਵਿਚ ਕਥਿਤ ਉੱਚ ਪੱਧਰੀ ਭ੍ਰਿਸ਼ਟਾਚਾਰ ਦੇ ਕੇਸਾਂ ਨੂੰ ਉਜਾਗਰ ਕੀਤਾ, "ਹੁਣ ਤੁਸੀਂ ਦੇਖ ਰਹੇ ਹੋ ਹਰ ਥਾਂ ਭ੍ਰਿਸ਼ਟਾਚਾਰ ਹੈ. ਸਥਿਤੀ ਬੇਹੱਦ ਮਾੜੀ ਹੈ, "ਉਸਨੇ ਬੰਬ ਧਮਾਕੇ ਤੋਂ ਅੱਧੇ ਘੰਟੇ ਪਹਿਲਾਂ ਆਪਣੀ ਇੱਕ ਪ੍ਰਕਾਸ਼ਿਤ ਕੀਤੀ ਪੋਸਟ ਵਿਚ ਲਿਖਿਆ ਸੀ।

ਪੁਲੀਸ ਨੇ ਕਿਹਾ ਕਿ ਪੱਤਰਕਾਰ ਨੇ ਆਪਣਾ ਘਰ ਛੱਡਿਆ ਹੀ ਸੀ ਅਤੇ ਉੱਤਰੀ ਮਾਲਟਾ ਦੇ ਪਿੰਡ ਬਿਦਨੀਜੇ ਨੇੜੇ ਉਹ ਇਕ ਸੜਕ 'ਤੇ ਸੀ, ਜਦੋਂ ਬੰਬ ਧਮਾਕਾ ਹੋ ਗਿਆ ਸੀ। ਸਥਾਨਕ ਮੀਡੀਆ ਨੇ ਕਿਹਾ ਕਿ ਉਸ ਨੂੰ ਦੋ ਹਫਤੇ ਪਹਿਲਾਂ ਤੋਂ ਧਮਕੀਆਂ ਮਿਲ ਰਹੀਆਂ ਸਨ, ਹਾਲਾਂਕਿ ਪੁਲਿਸ ਅਧਿਕਾਰੀਆਂ ਨੇ ਇਸ ਸਬੰਧੀ ਕੋਈ ਵੀ ਸ਼ਿਕਾਇਤ ਮਿਲਣ ਤੋਂ ਇਨਕਾਰ ਕੀਤਾ।ਸਭ ਤੋਂ ਤਾਜ਼ਾ ਖੁਲਾਸੇ ਚ ਮਾਲਟਾ ਦੇ ਪ੍ਰਧਾਨ ਮੰਤਰੀ, ਜੋਸਫ ਮਸਕੈਟ ਅਤੇ ਉਸ ਦੇ ਦੋ ਨੇੜਲੇ ਸਹਿਯੋਗੀਆਂ ਦੀ ਉਂਗਲ 'ਤੇ ਤਿੰਨ ਵਿਅਕਤੀਆਂ ਨਾਲ ਮਾਲਟੀਜ਼ ਪਾਸਪੋਰਟਾਂ ਦੀ ਵਿਕਰੀ ਅਤੇ ਅਜ਼ਰਬਾਈਜ਼ਾਨ ਸਰਕਾਰ ਦੀ ਅਦਾਇਗੀ ਅਤੇ ਕੰਪਨੀਆਂ ਦੇ ਨਾਲ ਜੁੜੇ ਹੋਏ ਲਗਦੇ ਹਨ। ਮਸਕੈਟ ਨੇ ਸੋਮਵਾਰ ਨੂੰ ਪੱਤਰਕਾਰ ਦੀ ਹੱਤਿਆ ਦੀ ਨਿੰਦਾ ਕੀਤੀ, ਜਿਸਨੂੰ ਇਸਨੂੰ "ਪ੍ਰੈਸ ਅਜ਼ਾਦੀ 'ਤੇ ਇੱਕ" ਬੇਰਹਿਮ ਹਮਲੇ "ਕਿਹਾ ਗਿਆ। ਮਸਕੈਟ, ਜਿਸ ਨੇ ਪੱਤਰਕਾਰ ਦਾ ਮੁਕੱਦਮਾ ਲਾਇਆ ਸੀ ਅਤੇ ਆਪਣੇ ਦੋਸ਼ਾਂ ਦਾ ਵਿਰੋਧ ਕਰਨ ਲਈ ਭਰੋਸੇ ਦੇ ਵੋਟ ਦੇ ਤੌਰ ਤੇ ਜੂਨ ਵਿੱਚ ਇੱਕ ਝਟਕੇ ਦਾ ਚੋਣ ਜਿੱਤਿਆ ਸੀ, ਨੇ ਕਿਹਾ ਕਿ ਉਹ "ਉਸ ਸਮੇ ਤਕ ਅਰਾਮ ਨਹੀ ਕਰਨਗੇ ਜਦੋਂ ਤਕ ਇਸ ਮਾਮਲੇ ਵਿੱਚ ਕੀਤੇ ਗਏ ਨਿਆਂ ਹੋਇਆ ਦੇਖ ਨਹੀਂ ਲੈਂਦੇ।"

ਕਾਰੂਆਨਾ ਗਾਲੀਜ਼ੀਆ ਦੇ ਨਿਸ਼ਾਨੇ ਮੁੱਖ ਤੌਰ 'ਤੇ ਸੱਤਾਧਾਰੀ ਕਿਰਤ ਪਾਰਟੀ ਅਤੇ ਇਸਦੇ ਸਮਰਥਕ ਸਨ, ਜਦੋਂ ਉਨ੍ਹਾਂ ਨੇ ਮਾਲਟਾ ਦੇ ਵਿਰੋਧੀ ਵਿਰੋਧ ਨੂੰ ਲੈ ਕੇ ਹਾਲ ਹੀ ਵਿਚ ਉਨ੍ਹਾਂ ਨੇ ਨਿਸਾਨਾ ਸੇਧਿਆ, ਜਿਸ ਦੇ ਨੇਤਾ ਐਡਰੀਅਨ ਡਾਲੀਆ ਨੇ ਮੰਗਲਵਾਰ ਨੂੰ ਪ੍ਰਧਾਨ ਮੰਤਰੀ ਨੂੰ ਅਸਤੀਫਾ ਦੇਣ ਲਈ ਕਿਹਾ ਅਤੇ ਪੁਲਿਸ ਮੁਖੀ ਅਤੇ ਅਟਾਰਨੀ ਜਨਰਲ ਨੂੰ ਬਰਖਾਸਤ ਕਰਨ ਦੀ ਮੰਗ ਕੀਤੀ. "ਉਸ ਦੀ ਮੌਤ ਦੀ ਰਾਜਨੀਤਿਕ ਜ਼ਿੰਮੇਵਾਰੀ ਮਸਕੈਟ ਦੀ ਖੋਜੀ ਟੀਮ ਦੇ ਸਾਹਮਣੇ ਸਪੱਸ਼ਟ ਰੂਪ ਵਿਚ ਹੈ ਅਤੇ ਹੁਣ ਉਸ ਨੂੰ ਇਸ ਲਈ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ," ਡੇਲੀਆ ਨੇ ਕਿਹਾ "ਇਸ ਦੇਸ਼ ਵਿਚ ਹਰ ਚੀਜ਼ ਦੀ ਕੀਮਤ ਹੁਣ ਹੈ, ਪਰ ... ਤੁਸੀਂ ਨਿਸ਼ਚਤ ਹੋ ਸਕਦੇ ਹੋ ਕਿ ਕਿਸੇ ਨੂੰ ਇਸ ਮੌਤ ਲਈ ਪੈਸੇ ਦੇਣੇ ਪੈਣਗੇ।" ਕਾਰੂਆਨਾ ਗਾਲੀਜ਼ੀਆ ਦਾ ਨਿਸ਼ਾਨਾ ਕਥਿਤ ਤੌਰ 'ਤੇ ਭ੍ਰਿਸ਼ਟ ਸਿਆਸਤਦਾਨਾਂ ਤੋਂ ਲੈ ਕੇ ਬੈਂਕਾਂ ਤੱਕ ਸੀਮਿਤ ਕਾਲੇ ਧਨ ਨੂੰ ਸਫੈਦ ਕਰਨ ਅਤੇ ਮਾਲਟਾ ਦੇ ਔਨਲਾਈਨ ਗੇਮਿੰਗ ਉਦਯੋਗ ਅਤੇ ਮਾਫੀਆ ਦੇ ਵਿਚਕਾਰ ਸਬੰਧਾਂ ਤੋਂ ਸੀ। ਉਸ ਦਾ ਹਾਲ ਹੀ ਵਿਚ ਕੰਮ ਪਨਾਮਾ ਪੇਪਰ ਦੇ ਖੁਲਾਸਿਆਂ 'ਤੇ ਕੇਂਦਰਤ ਸੀ, ਜੋ ਪ੍ਰਮੁੱਖ ਆਫਸ਼ੋਰ ਲਾਅ ਫਰਮ ਮੋਸੈਕ ਫੋਨੇਸਾ (off shore law firm Mossack Fonseca) ਦੇ ਲੀਕ ਕੀਤੇ ਦਸਤਾਵੇਜ਼ਾਂ ਦਾ ਵੱਡਾ ਪੁਲੰਦਾ ਹੈ।



ਪੱਤਰਕਾਰ ਡੇਫਨੇ ਕਾਰੂਆਨਾ ਗਲਸੀਆ ਜਿਸ ਨੇ ਮਾਲਟਾ ਦੇ ਸਿਆਸਤਦਾਨਾਂ ਵਿਚ ਕਥਿਤ ਭ੍ਰਿਸ਼ਟਾਚਾਰ ਨੂੰ ਉਜਾਗਰ ਕੀਤਾ।









ਮਿਸਟਰ ਮਸਕੈਟ, ਗਾਲੀਜੀਆ ਦੀ ਰਿਪੋਰਟਿੰਗ ਦਾ ਮਹੱਤਵਪੂਰਨ ਟੀਚਾ ਸੀ. ਲੀਕ ਪਨਾਮਾ ਪੇਪਰ ਦਸਤਾਵੇਜ਼ਾਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ, ਉਸਨੇ ਮਸਕੈਟ ਦੀ ਪਤਨੀ ਨੂੰ ਸੈਂਟਰਲ ਅਮਰੀਕਨ ਦੇਸ਼ ਵਿੱਚ ਇੱਕ ਕੰਪਨੀ ਦੇ ਇੱਕ ਸ਼ੱਕੀ ਸੰਮੁਦਰੀ ਮਾਲਕ ਦੇ ਮਾਲਕ ਹੋਣ ਦਾ ਦੋਸ਼ ਲਗਾਇਆ।ਦੋਵੇਂ ਮਸਕੈਟ ਅਤੇ ਉਨ੍ਹਾਂ ਦੀ ਪਤਨੀ ਨੇ ਦੋਸ਼ਾਂ ਤੋਂ ਇਨਕਾਰ ਕੀਤਾ ਅਤੇ ਇਸ ਸਾਲ ਦੇ ਸ਼ੁਰੂ ਵਿਚ ਗਾਲੀਸੀਆ ਉੱਤੇ ਮੁਕੱਦਮਾ ਚਲਾਇਆ।

ਫਿਲਹਾਲ ਕਾਰੂਆਨਾ ਗਾਲੀਜ਼ੀਆ ਹਮਲੇ ਦੀ ਜ਼ਿੰਮੇਵਾਰੀ ਲਈ ਕੋਈ ਸਮੂਹ ਜਾਂ ਵਿਅਕਤੀ ਅੱਗੇ ਨਹੀਂ ਆਇਆ। ਕਤਲ ਨੇ ਪੂਰੇ ਯੂਰਪ ਅਤੇ ਸਿਆਸਤਦਾਨਾਂ ਵਿੱਚ ਝਟਕਾ ਦਿੱਤਾ ਅਤੇ ਪੱਤਰਕਾਰਾਂ ਨੇ ਉਨ੍ਹਾਂ ਦੇ ਸੰਤਾਪ ਪੱਤਰ ਭੇਜੇ।

ਯੂਰੋਪੀ ਪਾਰਲੀਮੈਂਟ ਦੇ ਪ੍ਰਧਾਨ ਐਂਟੋਨੀ ਤਾਜਾਨੀ ਨੇ ਇਸ ਕਤਲ ਨੂੰ "ਬੇਰਹਿਮੀ" ਕਿਹਾ ਅਤੇ ਕਿਹਾ: "ਪੱਤਰਕਾਰ ਦੀ ਇੱਕ ਦੁਖਦਾਈ ਉਦਾਹਰਨ ਜਿਸਨੇ ਸੱਚਾਈ ਨੂੰ ਖੋਜਣ ਲਈ ਆਪਣੀ ਜਾਨ ਦੀ ਬਲੀ ਦਿੱਤੀ. ਉਹ ਭੁੱਲ ਨਹੀਂ ਜਾਵੇਗੀ. "ਯੂਰਪੀਅਨ ਕਮਿਸ਼ਨ ਦੇ ਵਾਈਸ ਪ੍ਰੈਜ਼ੀਡੈਂਟ ਫ੍ਰਾਂਸ ਟਿੰਮਰਮੈਨ ਨੇ ਟਵੀਟ ਕੀਤਾ: "ਪੱਤਰਕਾਰ ਡੇਫੇਨੇ ਕਾਰੂਆਨਾ ਗਾਲੀਜੀਆ ਦੀ ਹੱਤਿਆ ਕਰਕੇ ਸਦਮੇ ਅਤੇ ਨਾਰਾਜ਼ਗੀ ਦਾ ਜਿਕਰ ਕੀਤਾ ਅਤੇ ਕਿਹਾ ਕਿ ਜੇਕਰ ਪੱਤਰਕਾਰਾਂ ਨੂੰ ਖਾਮੋਸ਼ ਕਰ ਦਿੱਤਾ ਜਾਂਦਾ ਹੈ, ਤਾਂ ਸਾਡੀ ਆਜ਼ਾਦੀ ਖਤਰੇ ਵਿਚ ਪੈ ਜਾਵੇਗੀ।

ਮਾਲਟਾ ਦੇ ਪ੍ਰਧਾਨ ਮੈਰੀ-ਲਈਸ ਕੋਲੇਰੋ ਪ੍ਰੀਸਾ ਨੇ ਰਾਜ ਵਿਚ ਸ਼ਾਂਤੀ ਬਣਾਈ ਰਖਣ ਲਈ ਸਦਾ ਦਿਤਾ। ਉਸ ਨੇ ਕਿਹਾ, ਕਿ ਇਸ ਸਮੇ ਜਦੋਂ ਦੇਸ਼ ਅਜਿਹੇ ਘਾਤਕ ਹਮਲਾ ਕਰਕੇ ਦੁੱਖ ਦੀ ਸਥਿਤੀ ਵਿਚੋਂ ਲੰਘ ਰਿਹਾ ਹੈ, ਤਾਂ ਮੈਂ ਹਰ ਕਿਸੇ ਨੂੰ ਆਪਣੇ ਸ਼ਬਦਾਂ ਨੂੰ ਮਾਪ ਤੋਲ ਕੇ ਬੋਲਣ ਲਈ ਕਹਿੰਦਾ ਹਾਂ, ਕਿਸੇ ਵੀ ਤਰਾਂ ਦਾ ਆਪਣੇ ਤੌਰ ਤੇਫੈਸਲਾ ਨਾ ਕਰੋ ਅਤੇ ਇਕਜੁੱਟਤਾ ਵਿਖਾਉ।"ਇਹਨਾਂ ਗਰਮੀਆਂ ਵਿੱਚ ਇੱਕ ਆਮ ਚੋਣਾਂ ਤੋਂ ਬਾਅਦ, ਟਿੱਪਣੀਕਾਰ ਸਿਆਸੀ ਹਿੰਸਾ ਵਿੱਚ ਵਾਪਸੀ ਦਾ ਡਰ ਦੇ ਰਹੇ ਸਨ, ਜਿਸ ਨੇ ਪਹਿਲਾਂ ਵੀ ਇਕ ਵਾਰ 1980 ਦੇ ਦਹਾਕੇ ਦੌਰਾਨ ਮਾਲਟਾ ਨੂੰ ਹਿਲਾਕੇ ਰੱਖ ਦਿੱਤਾ ਸੀ।

ਇਕ ਬਿਆਨ ਵਿਚ ਮਸਕੈਟ ਨੇ "ਬੇਰਹਿਮ ਹਮਲੇ" ਦੀ ਨਿੰਦਾ ਕੀਤੀ, ਜਿਸ ਵਿਚ ਕਿਹਾ ਗਿਆ ਸੀ ਕਿ ਉਸ ਨੇ ਪੁਲਿਸ ਨੂੰ ਅਪਰਾਧੀਆਂ ਦੀ ਪਛਾਣ ਕਰਨ ਵਿਚ ਮਦਦ ਲਈ ਦੂਜੇ ਦੇਸ਼ਾਂ ਦੀ ਸੁਰੱਖਿਆ ਸੇਵਾਵਾਂ ਤਕ ਪਹੁੰਚ ਕਰਨ ਲਈ ਕਿਹਾ ਸੀ।

ਮਸਕੈਟ ਨੇ ਕਿਹਾ ਕਿ "ਹਰ ਕੋਈ ਜਾਣਦਾ ਹੈ ਕਿ ਡੇਫੇਨੇ ਕਾਰੂਆਨਾ ਗਾਲੀਜੀਆ ਮੇਰੀ ਕਠੋਰ ਆਲੋਚਕ ਸੀ, "ਸਿਆਸੀ ਤੌਰ ਤੇ ਅਤੇ ਵਿਅਕਤੀਗਤ ਤੌਰ 'ਤੇ ਦੋਵੇਂ,"

ਮੈਥਿਊ ਕਾਰੂਆਨਾ ਗਾਲੀਜ਼ੀਆ ਨੇ ਆਪਣੇ ਫੇਸਬੁੱਕ 'ਤੇ ਕਿਹਾ ਕਿ ਉਸਦੀ ਮਾਂ ਦੀ ਹੱਤਿਆ "ਕੋਈ ਆਮ ਕਤਲ ਹੀ ਨਹੀਂ ਸੀ ਅਤੇ ਇਹ ਅਚਾਨਕ ਨਹੀਂ, ਦੁਖਦਾਈ ਇਹ ਹੈ ਕਿ ਕੋਈ ਬੱਸ ਦੇ ਦੌੜਨ ਦੇ ਨਾਲਤਬਾਹੀ ਕਰਦੇ ਹੋਏਵਹਗਾਹੈ। ਜਦੋਂ ਤੁਹਾਡੇ ਚਾਰੇ ਪਾਸੇ ਖ਼ੂਨ ਅਤੇ ਅੱਗ ਆਉਂਦੀ ਹੈ, ਤਾਂ ਇਹ ਇਕ ਜੰਗ ਹੀ ਹੁੰਦੀ ਹੈ। ਅਸੀਂ ਰਾਜ ਦੇ ਵਿਰੁੱਧ ਜੰਗ ਵਿਚ ਇਕ ਤਰਾਂ ਦੇ ਲੋਕ ਹਾਂ ਅਤੇ ਉਧਰ ਅਪਰਾਧ ਸੰਗਠਿਤ ਹੈ, ਜੋ ਅਸਪਸ਼ਟ ਹੈ, ਉਸਨੇ ਇੱਕ ਪ੍ਰਧਾਨ ਮੰਤਰੀ ਦੀ ਤਿੱਖੀ ਆਲੋਚਨਾ ਕੀਤੀ, ਜਿਸ ਨੇ ਸੰਸਦ ਨੂੰ "ਇੱਕ ਦਹਾਕੇ ਦੌਰਾਨ ਇੱਕ ਪੱਤਰਕਾਰ ਬਾਰੇ ਦੁਰਵਿਹਾਰ ਕਰਨ ਅਤੇ ਪਰੇਸ਼ਾਨ ਕਰਨ ਵਾਲੇ ਬਿਆਨ ਦਿੱਤਾ, ਅਤੇ ਇੱਕ ਪੁਲਿਸ ਸਰਜੈਂਟ ਦੁਆਰਾ ਇੱਕ ਫੇਸਬੁੱਕ ਦੀ ਪੋਸਟ ਨੂੰ ਉਜਾਗਰ ਕੀਤਾ, ਜੋ ਕਤਲ ਦੇ ਕੁਝ ਹੀ ਸਮੇਂ ਬਾਅਦ ਹੀ ਲਿਖਿਆ ਸੀ: ਜਿਸ ਨਾਲ ਕੋਈ ਖੁਸ਼ੀ ਮਹਿਸੂਸ ਕਰਦਾ ਹੈ ਤੇ ਜਿਸ ਦਾ ਉਹ ਹੱਕਦਾਰ ਹੈ, "ਹਰ ਕੋਈ ਇਸਨੂੰ ਪ੍ਰਾਪਤ ਕਰਦਾ ਹੈ, ਗਊ ਦਾ ਗੋਬਰ!

"ਕਾਰੂਆਨਾ ਗਾਲੀਜ਼ਿਆ ਨੇ ਸਿੱਟਾ ਕੱਢਿਆ: "ਹਾਂ, ਇਹ ਉਹ ਜਗ੍ਹਾ ਹੈ ਜਿੱਥੇ ਅਸੀਂ ਹਾਂ: ਇਕ ਮਾਫੀਆ ਰਾਜ ਹੈ... ਜਿੱਥੇ ਤੁਸੀਂ ਆਪਣੀਆਂ ਮੁਢਲੀਆਂ ਆਜ਼ਾਦੀਆਂ ਦਾ ਇਸਤੇਮਾਲ ਕਰਨ ਲਈ ਟੁਕੜੇ ਟੁਕੜੇ ਹੋਏ ਪਾਏ ਹੋ, ਸਿਰਫ ਉਹਨਾਂ ਲੋਕਾਂ ਲਈ ਜਿਨ੍ਹਾਂ ਨੇ ਤੁਹਾਨੂੰ ਬਚਾਇਆ ਹੈ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ "ਦੰਡ ਨਾ ਦੇ ਸਕਣ ਦੀ ਸੰਸਕ੍ਰਿਤੀ" ਨੂੰ ਟਾਪੂ ਉੱਤੇ ਫੈਲਣ ਦੀ ਇਜਾਜ਼ਤ ਦਿੱਤੀ ਸੀ। ਉਸ ਨੇ ਆਪਣੇ ਦੁਰਵਿਹਾਰ ਨੂੰ ਬੇਵਕੂਫੀਆਂ ਨਾਲ ਭਰ ਦਿੱਤਾ, ਫਿਰ ਪੁਲਿਸ ਨੂੰ ਅਪਰਾਧੀਆਂ ਅਤੇ ਗੈਰਸਮਾਜਿਕ ਤੱਤਾਂ ਨਾਲ ਭਰ ਦਿੱਤਾ, ਫਿਰ ਅਦਾਲਤਾਂ ਨੂੰ ਬੇਈਮਾਨੀ ਅਤੇ ਨਾਕਾਬਲੀਅਤਾਂ ਦੇ ਨਾਲ। "ਜੇ ਸੰਸਥਾਵਾਂ ਪਹਿਲਾਂ ਹੀ ਕੰਮ ਕਰ ਰਹੀਆਂ ਸਨ ਤਾਂ ਕਿ ਕੋਈ ਕਤਲ ਨਹੀਂ ਸੀ ਹੋ ਸਕਦਾ ਤਾਂ ਹੁਣ ਵੀ ਜਾਂਚ ਕਰਨ ਲਈ ਉਹਨਾਂ ਕੋਲ- ਮੇਰੇ ਭਰਾ ਅਤੇ ਇਕ ਮੇਰੀ ਮਾਂ ਹੈ।"

ਮਰਹੂਮ ਪੱਤਰਕਾਰ ਦੇ ਪਰਿਵਾਰ ਦੁਆਰਾ ਅਰਜ਼ੀ ਦੇਣ ਤੋਂ ਬਾਅਦ, ਜਾਂਚ ਮੈਜਿਸਟਰੇਟ ਕੌਨਸਵੇਲੋ ਸਕੈਰੀ ਹੇਰੇਰਾ- ਜਿਸ ਨੇ ਆਪਣੇ ਬਲਾਗ ਵਿਚ ਕਾਰੂਆਨਾ ਗਾਲੀਜ਼ੀਆ ਦੀ ਆਲੋਚਨਾ ਕੀਤੀ ਸੀ ਅਤੇ ਬਾਅਦ ਵਿਚ ਉਸ ਨੂੰ ਮੁਅੱਤਲ ਕਰ ਦਿੱਤਾ- ਮੰਗਲਵਾਰ ਨੂੰ ਕੇਸ ਉਸ ਤੋਂ ਵਾਪਸ ਲੈ ਲਿਆ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਭਾਰਤ ਨੂੰ ਮੈਕਸੀਕੋ ਵਿੱਚ ਆਏ ਭੂਚਾਲਾਂ ਤੋਂ ਸਬਕ ਸਿੱਖਣ ਦੀ ਲੋੜ



ਡਾ. ਗੁਰਿੰਦਰ ਕੌਰ
001-609-721-0950

ਮੈਕਸੀਕੋ ਨੂੰ ਇਸ ਮਹੀਨੇ ਸਿਰਫ਼ 12 ਦਿਨਾਂ ਦੇ ਵਖਫ਼ੇ ਨਾਲ ਆਏ ਦੋ ਸਕਤੀਸ਼ਾਲੀ ਭੂਚਾਲਾਂ ਨੇ ਹਿਲਾ ਕੇ ਰੱਖ ਦਿੱਤਾ ਹੈ। ਮੈਕਸੀਕੋ ਵਿੱਚ ਪਹਿਲਾ ਭੂਚਾਲ 4 ਸਤੰਬਰ ਨੂੰ 8.1 ਤੀਬਰਤਾ ਦਾ ਦੇਸ ਦੇ ਦੱਖਣੀ ਖਤੇਰ ਵਿੱਚ ਆਇਆ ਸੀ ਜਿਸ ਨਾਲ ਲਗਭਗ 100 ਵਿਅਕਤੀਆਂ ਦੀ ਮੌਤ ਹੋ ਗਈ ਸੀ। ਇਸ ਸਦਮੇ ਨਾਲ ਹਾਲੇ ਦੇਸ ਸੰਭਾਲਿਆ ਵੀ ਨਹੀਂ ਸੀ ਕਿ ਦੂਜਾ ਭੂਚਾਲ ਮੈਕਸੀਕੋ ਦੀ ਰਾਜਧਾਨੀ ਮੈਕਸੀਕੋ ਸ਼ਹਿਰ ਦੇ ਨੇੜੇ 19 ਸਤੰਬਰ ਨੂੰ ਦੁਪਹਿਰ ਦੇ ਇੱਕ ਵੱਜ ਕੇ ਚੌਦਾ ਮਿੰਟਾਂ ਉੱਤੇ ਆ ਗਿਆ। ਦੂਜੇ ਭੂਚਾਲ ਦੀ ਤੀਬਰਤਾ ਭੂ-ਵਿਗਿਆਨੀਆਂ ਨੇ ਰਿਕਟਰ ਪੈਮਾਨੇ ਉੱਤੇ 7.1 ਮਾਪੀ ਹੈ। ਇਸ ਭੂਚਾਲ ਨਾਲ 250 ਵਿਅਕਤੀਆਂ ਦੀ ਹੁਣ ਤੱਕ ਮੌਤ ਹੋ ਚੁੱਕੀ ਹੈ ਜਿਨ੍ਹਾਂ ਵਿੱਚ 20 ਤੋਂ ਵੱਧ ਸਕੂਲੀ ਬੱਚੇ ਵੀ ਸ਼ਾਮਲ ਹਨ। ਸ਼ਹਿਰ ਦੀਆਂ ਲਗਭਗ 44 ਥਾਵਾਂ ਉੱਤੇ ਇਮਾਰਤਾਂ ਬੁਰੀ ਤਰ੍ਹਾਂ ਢਹਿ ਢੇਰੀ ਹੋ ਗਈਆਂ ਜਿਨ੍ਹਾਂ ਵਿੱਚ ਇੱਕ ਸਕੂਲ ਅਤੇ ਇੱਕ ਗਿਰਜਾਘਰ ਵੀ ਸ਼ਾਮਲ ਹਨ। 19 ਸਤੰਬਰ ਨੂੰ ਆਏ ਭਿਆਨਕ ਭੂਚਾਲ ਨੇ 32 ਸਾਲ ਪਹਿਲਾਂ ਇਸੇ ਦਿਨ ਸਾਲ 1985 ਵਿੱਚ ਆਏ ਭੂਚਾਲ ਦੀਆਂ ਦੁਖਦਾਈ ਯਾਦਾਂ ਇੱਕ ਵਾਰ ਫ਼ਿਰ ਸ਼ਹਿਰ ਵਾਸੀਆਂ ਨੂੰ ਚੇਤੇ ਕਰਵਾ ਦਿੱਤੀਆਂ ਹਨ। ਸਾਲ 1985 ਵਿੱਚ ਆਏ ਭੂਚਾਲ ਵਿੱਚ 10,000 ਵਿਅਕਤੀਆਂ ਦੀ ਮੌਤ ਹੋ ਗਈ ਸੀ। ਹੁਣ ਵਾਲੇ ਭੂਚਾਲ ਦਾ ਕੇਂਦਰ ਬਿੰਦੂ ਮੈਕਸੀਕੋ ਸ਼ਹਿਰ ਤੋਂ 120 ਕਿਲੋਮੀਟਰ ਦੂਰ ਪੁਏਬਲਾ ਸੂਬੇ ਦੇ ਇਟੇਂਸਿਗੋਨਾਂ ਦੀ ਥਾਂ ਉੱਤੇ 51 ਕਿਲੋਮੀਟਰ ਦੀ ਡੂੰਘਾਈ ਉੱਤੇ ਸੀ। ਇਸ ਭੂਚਾਲ ਨੇ ਮੈਕਸੀਕੋ ਸਿਟੀ, ਮੋਰਲਯੋਂਸ, ਪੁਏਬਲਾ ਅਤੇ ਗੋਈਰੀਰੋ ਪ੍ਰਾਤਾਂ ਵਿੱਚ ਭਾਰੀ ਤਬਾਹੀ ਮਚਾਈ ਹੈ।



ਮੈਕਸੀਕੋ ਵਿੱਚ ਇੰਨੇ ਥੋੜ੍ਹੇ ਵਖਫ਼ੇ ਨਾਲ ਆਏ ਦੋ ਸ਼ਕਤੀਸ਼ਾਲੀ ਭੂਚਾਲਾਂ ਨੇ ਲੋਕਾਂ ਦੇ ਮਨਾਂ ਵਿੱਚ ਕਈ ਸ਼ੰਕੇ ਪੈਦਾ ਕਰ ਦਿੱਤੇ ਹਨ। ਭੂ-ਵਿਗਿਆਨੀਆਂ ਅਨੁਸਾਰ ਇੰਨੇ ਥੋੜ੍ਹੇ ਵਖਫ਼ੇ ਨਾਲ ਦੋ ਵੱਡੇ ਭੂਚਾਲਾਂ ਦਾ ਆਉਣਾ ਮੈਕਸੀਕੋ ਵਰਗੇ ਭੂਚਾਲ-ਸੰਵੇਦਨਸ਼ੀਲ ਦੇਸ ਲਈ ਕੋਈ ਬਹੁਤੇ ਅਚੰਭੇ ਵਾਲੀ ਗੱਲ ਨਹੀਂ ਹੈ, ਪਰ ਅਜਿਹਾ ਵਰਤਾਰਾ ਆਮਤੌਰ ਉੱਤੇ ਘੱਟ ਹੀ ਦੇਖਣ ਵਿੱਚ ਮਿਲਦਾ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਹਰ ਇੱਕ ਵੱਡੇ ਭੂਚਾਲ ਆਉਣ ਤੋਂ ਬਾਅਦ ਘੱਟ ਤੀਬਰਤਾ ਵਾਲੇ ਭੂਚਾਲ ਉਸੇ ਥਾਂ ਉੱਤੇ ਮਿੰਟਾਂ, ਘੰਟਿਆਂ, ਦਿਨਾਂ, ਹਫ਼ਤਿਆਂ ਅਤੇ ਕਈ ਵਾਰੀ ਮਹੀਨਿਆਂ-ਬੱਧੀ ਆਉਂਦੇ ਰਹਿੰਦੇ ਹਨ, ਪਰ ਜ਼ਿਆਦਾ ਤੀਬਰਤਾ ਵਾਲੇ ਭੂਚਾਲ ਘੱਟ ਹੀ ਆਉਂਦੇ ਹਨ।

ਮੈਕਸੀਕੋ ਵਿੱਚ ਜ਼ਿਆਦਾ ਭੂਚਾਲ ਆਉਣ ਦਾ ਮੁੱਖ ਕਾਰਨ ਇਸ ਦੀ ਭੂਗੋਲਿਕ ਸਥਿਤੀ ਹੈ। ਇਹਾ ਦੇਸ ਉਸ ਖਿੱਤੇ ਵਿੱਚ ਸਥਿਤ ਹੈ ਜਿੱਥੇ ਦੁਨੀਆ ਦੇ 80 ਫ਼ੀਸਦ ਭੂਚਾਲ ਆਉਂਦੇ ਹਨ। ਇਸ ਖਿੱਤੇ ਨੂੰ ਪੈਸੇਫ਼ਿਕ ਰਿੰਗ ਆਫ਼ ਫ਼ਾਇਰ (ਫਅਚਗਿਚਿ ੍ਨਿਗ ਾ ਂਰਿਇ) ਵੀ ਕਿਹਾ ਜਾਂਦਾ ਹੈ। ਸਾਡੀ ਧਰਤੀ ਅਸਲ ਵਿੱਚ ਟੈਕਟੋਨਿਕ ਪਲੇਟਾਂ ਉੱਤੇ ਟਿੱਕੀ ਹੋਈ ਹੈ। ਜਦੋਂ ਇਹ ਪਲੇਟਾਂ ਹਿਲਦੀਆਂ ਜਾਂ ਸਰਕਦੀਆਂ ਹਨ ਤਾਂ ਉਸ ਨਾਲ ਧਰਤੀ ਉੱਪਰ ਭੂਚਾਲ ਆ ਜਾਂਦੇ ਹਨ। ਮੈਕਸੀਕੋ ਦੇਸ ਤਾਂ ਪੰਜ ਟੈਕਟੋਨਿਕ ਪਲੇਟਾਂ ਕੋਕੋਸ, ਪੈਸਫ਼ਿਕ, ਕਰੇਬੀਅਨ, ਪਨਾਮਾਂ ਅਤੇ ਨਾਰਥ ਅਮਰੀਕਨ ਉੱਤੇ ਟਿਕਿਆ ਹੋਇਆ ਹੈ। ਯੂ.ਐੱਸ.ਏ. ਜੋਆਲੋਜ਼ੀਕਲ ਸਰਵੇ ਅਨੁਸਾਰ ਕੋਕੋਸ ਪਲੇਟ ਹਰ ਸਾਲ 76 ਮਿਲੀਮੀਟਰ ਦੀ ਰਫ਼ਤਾਰ ਨਾਲ ਨਾਰਥ ਅਮਰੀਕਨ ਨੂੰ ਧੱਕਦੀ ਹੋਈ ਉਸ ਦੇ ਹੇਠਾਂ ਨੂੰ ਸਰਕਦੀ ਜਾਂ ਰਹੀ ਹੈ।

ਮੈਕਸੀਕੋ ਦੇਸ ਦੁਨੀਆ ਦੇ ਸੱਭ ਤੋਂ ਵੱਧ ਭੂਚਾਲ-ਸੰਵੇਦਨਸ਼ੀਲ ਦੇਸ਼ਾਂ ਵਿੱਚੋਂ ਇੱਕ ਹੈ। ਇਸ ਗੱਲ ਦਾ ਅੰਦਾਜ਼ਾ ਤੁਸੀਂ ਸਹਿਜੇ ਹੀ ਇਸ ਗੱਲ ਤੋਂ ਲਗਾ ਸਕਦੇ ਹੋ ਕਿ ਜਦੋਂ 19 ਸਤੰਬਰ ਨੂੰ ਭੂਚਾਲ ਆਇਆ ਹੈ ਤਾਂ ਮੈਕਸੀਕੋ ਦੇ ਲੋਕ ਭੂਚਾਲ ਤੋਂ ਬਚਾਅ ਸੰਬੰਧੀ ਅਭਿਆਸ ਕਰ ਰਹੇ ਸਨ।

ਇਨ੍ਹਾਂ ਕਾਰਨਾਂ ਤੋਂ ਇਲਾਵਾ ਮੈਕਸੀਕੋ ਸ਼ਹਿਰ ਵਿੱਚ ਭੂਚਾਲ ਦਾ ਆਉਣਾ ਅਤੇ ਉਸ ਤੋਂ ਹੋਣ ਵਾਲੇ ਭਾਰੀ ਨੁਕਸਾਨ ਦਾ ਹੋਣਾ ਸ਼ਹਿਰ ਦਾ ਇੱਕ ਸੁੱਕੀ ਹੋਈ ਝੀਲ ਦੀ ਜ਼ਮੀਨ ਉੱਤੇ ਵੱਸਿਆ ਹੋਣਾ ਹੈ। ਸ਼ਹਿਰ ਦੀ ਥੱਲੇ ਵਾਲੀ ਜ਼ਮੀਨ ਬਹੁਤ ਪੋਲੀ ਹੈ, ਪਰ ਸ਼ਹਿਰ ਤੇਜ਼ੀ ਨਾਲ ਉੱਪਰ ਵੱਲ ਨੂੰ ਵਧ ਰਿਹਾ ਹੈ। ਇਸ ਸ਼ਹਿਰ ਥੱਲੜੀ ਪੋਲੀ ਜ਼ਮੀਨ ਕੰਕਰੀਟ ਅਤੇ ਲੋਹੇ ਨਾਲ ਬਣੀਆਂ ਇਮਾਰਤਾਂ ਦਾ ਬੋਝ ਝੱਲਣ ਤੋਂ ਅਸਮਰੱਥ ਹੈ ਅਤੇ ਭੂਚਾਲ ਆਉਣ ਦੀ ਸੂਰਤ ਵਿੱਚ ਸ਼ਹਿਰ ਵਿੱਚ ਭਾਰੀ ਤਬਾਹੀ ਹੁੰਦੀ ਹੈ। ਸਾਲ 1985 ਵਿੱਚ ਆਏ ਭੂਚਾਲ ਤੋਂ ਮੈਕਸੀਕੋ ਦੀ ਸਰਕਾਰ ਨੇ ਭੂ-ਵਿਗਿਆਨੀਆਂ ਦੀ ਰਾਇ ਲੈ ਕੇ ਭੂਚਾਲ-ਨਿਰੋਧਕ ਇਮਾਰਤਾਂ ਬਣਾਉਣੀਆਂ ਸ਼ੁਰੂ ਕੀਤੀਆਂ ਹਨ ਤਾਂਕਿ ਜਾਨੀ-ਮਾਲੀ ਨੁਕਸਾਨ ਘੱਟ ਤੋਂ ਘੱਟ ਹੋਵੇ। ਇਸੇ ਕਰਕੇ ਇਸ ਸਾਲ ਆਏ ਭੂਚਾਲ ਵਿੱਚ ਭਾਵੇਂ 250 ਤੋਂ ਵਧੇਰੇ ਵਿਅਕਤੀਆਂ ਦੀ ਮੌਤ ਹੋ ਗਈ ਹੈ, ਪਰ ਇਹ ਗਿਣਤੀ ਸਾਲ 1985 ਵਿੱਚ ਹੋਈਆਂ ਮੌਤਾਂ ਦੀ ਗਿਣਤੀ ਤੋਂ ਬਹੁਤ ਘੱਟ ਹੈ।

ਮੈਕਸੀਕੋ ਵਿੱਚ ਆਏ ਤਾਜ਼ੇ ਭੂਚਾਲ ਤੋਂ ਭਾਰਤ ਨੂੰ ਸਬਕ ਲੈਣ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ ਕਿਉਂਕਿ ਭਾਰਤ ਦਾ ਲਗਭਗ 54 ਫ਼ੀਸਦ ਰਕਬਾ ਭੂਚਾਲ-ਸੰਵੇਦਨਸ਼ੀਲ ਖੇਤਰ ਵਿੱਚ ਆਉਂਦਾ ਹੈ ਅਤੇ ਇੰਡੀਅਨ ਟੈਕਟੋਨਿਕ ਪਲੇਟ ਵੀ ਹਰ ਸਾਲ 47 ਮਿਲੀਮੀਟਰ ਦੀ ਦਰ ਨਾਲ ਹਿਮਾਲਿਆ ਵੱਲ ਲਗਾਤਾਰ ਸਰਕਦੀ ਜਾ ਰਹੀ ਹੈ ਜਿਸ ਨਾਲ ਭੂਚਾਲ ਆਉਣ ਦੀ ਸੰਭਾਵਨਾ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਵਰਲਡ ਬੈਂਕ ਅਤੇ ਯੂਨਾਈਟਡ ਨੇਸ਼ਨਜ਼ ਦੀ ਇੱਕ ਰਿਪੋਰਟ ਅਨੁਸਾਰ ਸਾਲ 2050 ਤੱਕ ਭਾਰਤ ਦੀ 200 ਮਿਲੀਅਨ ਸ਼ਹਿਰੀ ਆਬਾਦੀ ਭੂਚਾਲਾਂ ਅਤੇ ਤੂਫ਼ਾਨਾਂ ਵਰਗੀਆਂ ਕੁਦਰਤੀ ਆਫ਼ਤਾਂ ਦੀ ਮਾਰ ਥੱਲੇ ਆ ਸਕਦੀ ਹੈ। ਇਸ ਕਥਨ ਦੀ ਸੱਚਾਈ ਨੂੰ ਇਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਸਾਡੇ ਦੇਸ ਵਿੱਚ ਇਮਾਰਤਾਂ ਬਣਾਉਣ ਵੇਲੇ ਭੂ-ਵਿਗਿਆਨੀਆਂ ਦੀ ਰਾਇ ਨਹੀਂ ਲਈ ਜਾਂਦੀ।

ਸਾਡੇ ਦੇਸ ਦੇ ਗੁਹਾਟੀ, ਸ੍ਰੀਨਗਰ, ਜੰਮੂ, ਸ਼ਿਮਲਾ, ਦੇਹਰਾਦੂਨ, ਪਟਨਾ, ਮੇਰਠ, ਜਲੰਧਰ, ਲੁਧਿਆਣਾ ਅਤੇ ਦਿੱਲੀ ਸਮੇਤ ਕਈ ਵੱਡੇ ਸ਼ਹਿਰ ਅੱਤ-ਦਰਜੇ ਭਾਵ ਪੰਜਵੇਂ ਦਰਜੇ ਦੇ ਭੂਚਾਲ-ਸੰਵੇਦਨਸ਼ੀਲ ਖੇਤਰ ਵਿੱਚ ਪੈਂਦੇ ਹਨ। ਹੁਣ ਸੋਚਣ ਵਾਲੀ ਗੱਲ ਹੈ ਕਿ ਜੇਕਰ ਸਾਡੇ ਦੇਸ ਦੀ ਰਾਜਧਾਨੀ ਦਿੱਲੀ ਵਿੱਚ ਮੈਕਸੀਕੋ ਸ਼ਹਿਰ ਜਿੰਨੀ ਤੀਬਰਤਾ ਦਾ ਭੂਚਾਲ ਆ ਜਾਂਦਾ ਹੈ ਤਾਂ ਮੌਤਾਂ ਦੀ ਗਿਣਤੀ ਸੈਂਕੜਿਆਂ ਵਿੱਚ ਨਹੀਂ, ਲੱਖਾਂ ਵਿੱਚ ਹੋ ਸਕਦੀ ਹੈ ਕਿਉਂਕਿ ਇੱਥੇ ਇੱਕ ਵਰਗ ਕਿਲੋਮੀਟਰ ਵਿੱਚ ਲਗਭਗ 13000 ਲੋਕ ਰਹਿੰਦੇ ਹਨ ਅਤੇ ਇੱਥੋਂ ਦੀਆਂ 80 ਫ਼ੀਸਦ ਤੋਂ ਵੀ ਵੱਧ ਇਮਾਰਤਾ ਭੂਚਾਲ ਦੀ ਮਾਰ ਸਹਿਣ ਤੋਂ ਅਸਮਰੱਥ ਹਨ ਭਾਵ ਭੂਚਾਲ ਨਿਰੋਧਕ ਮਾਪ-ਦੰਡਾਂ ਉੱਤੇ ਪੂਰੀਆਂ ਨਹੀਂ ਉਤਰਦੀਆਂ ਹਨ।



ਗੁਹਾਟੀ, ਸ਼ਿਮਲਾ, ਦੇਹਰਾਦੂਨ ਅਤੇ ਸ੍ਰੀਨਗਰ ਵਰਗੇ ਪਹਾੜੀ ਸ਼ਹਿਰ ਵੀ ਭੂਚਾਲ-ਸੰਵੇਦਨਸ਼ੀਲ ਖੇਤਰ ਵਿੱਚ ਆਉਂਦੇ ਹਨ। ਸ਼ਿਮਲਾ ਵਿੱਚ ਤਾਂ ਸਿਰਫ਼ 2 ਫ਼ੀਸਦ ਇਮਾਰਤਾਂ ਹੀ ਭੂਚਾਲ-ਨਿਰੋਧਕ ਹਨ, ਹਾਲੇ ਵੀ ਉੱਥੇ ਕੋਈ ਵੀ ਇਮਾਰਤ ਬਣਾਉਂਦੇ ਸਮੇਂ ਨਾ ਤਾਂ ਭੂਚਾਲ-ਨਿਰੋਧਕ ਤਕਨੀਕ ਅਪਣਾਈ ਜਾਂਦੀ ਹੈ ਅਤੇ ਨਾ ਹੀ ਭੂ-ਵਿਗਿਆਨੀਆਂ ਦੀ ਰਾਇ ਲਈ ਜਾਂਦੀ ਹੈ ਜੋ ਆਉਣ ਵਾਲੇ ਸਮੇਂ ਵਿੱਚ ਬਹੁਤ ਵਿਨਾਸ਼ਕਾਰੀ ਸਾਬਤ ਹੋ ਸਕਦੀ ਹੈ। ਗੱਲ ਕੀ ਸਾਡੇ ਦੇਸ ਵਿੱਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਵੇਲੇ ਭੂਚਾਲ-ਸੰਵੇਦਨਸ਼ੀਲਤਾ ਦੇ ਨਿਯਮਾਂ ਦਾ ਧਿਆਨ ਨਹੀਂ ਰੱਖਿਆ ਜਾਂਦਾ ਹੈ। ਇਸੇ ਕਰਕੇ ਸਾਲ 2001 ਵਿੱਚ ਗੁਜਰਾਤ ਦੇ ਭੁਜ ਖੇਤਰ ਵਿੱਚ ਆਏ 7.7 ਤੀਬਰਤਾ ਦੇ ਭੂਚਾਲ ਨਾਲ 20,000 ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ ਦੋ ਲੱਖ ਤੋਂ ਵੱਧ ਵਿਅਕਤੀ ਜਖ਼ਮੀ ਹੋ ਗਏ ਅਤੇ 4 ਲੱਖ ਘਰ ਮਿੱਟੀ ਦੇ ਢੇਰ ਵਿੱਚ ਬਦਲ ਗਏ ਸਨ। ਇਸੇ ਤਰ੍ਹਾਂ ਹੀ ਸਾਲ 1993 ਵਿੱਚ ਮਹਾਰਾਸ਼ਟਰ ਦੇ ਲਟੂਰ ਖੇਤਰ ਵਿੱਚ ਆਏ 6.4 ਤੀਬਰਤਾ ਦੇ ਭੂਚਾਲ ਨਾਲ ਵੀ 10,000 ਵਿਅਕਤੀ ਮਰ ਗਏ ਸਨ, ਜਦਕਿ ਦੋਵੇਂ ਖੇਤਰ ਘਣੀ ਆਬਾਦੀ ਵਾਲੇ ਨਹੀਂ ਸਨ।

ਸਾਡੇ ਦੇਸ ਦੀ ਹਾਲਤ ਦਾ ਇਸ ਮਾਮਲੇ ਵਿੱਚ ਇੰਨੀ ਪਤਲੀ ਹੈ ਕਿ ਜੇਕਰ ਗੁਆਂਢੀ ਦੇਸ ਵਿੱਚ ਭੂਚਾਲ ਆਉਂਦਾ ਹੈ ਤਾਂ ਵੀ ਸਾਡੇ ਦੇਸ ਲੋਕ ਮਾਰੇ ਜਾਂਦੇ ਹਨ ਕਿਉਂਕਿ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਹੀ ਨਹੀਂ ਹੁੰਦੀ ਕਿ ਉਹ ਭੂਚਾਲ-ਸੰਵੇਦਨਸ਼ੀਲ ਖੇਤਰ ਵਿੱਚ ਰਹਿੰਦੇ ਹਨ। ਸਾਲ 2015 ਵਿੱਚ ਨੇਪਾਲ ਵਿੱਚ ਆਏ ਭੂਚਾਲ ਨਾਲ 70 ਦੇ ਕਰੀਬ ਲੋਕ ਬਿਹਾਰ ਅਤੇ ਉੱਤਰ ਪ੍ਰਦੇਸ਼ ਵਿੱਚ ਮਰ ਗਏ ਸਨ।

ਇਸ ਕਰਕੇ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਵੱਡੇ ਸ਼ਹਿਰਾਂ ਵਿੱਚ ਜੋ ਭੂਚਾਲ-ਸੰਵੇਦਨਸ਼ੀਲ ਖੇਤਰ ਵਿੱਚ ਆਉਂਦੇ ਹਨ ਅਸਮਾਨ ਨੂੰ ਛੂਹਣ ਵਾਲੀਆਂ ਇਮਾਰਤਾਂ ਬਣਾਉਣ ਦੀ ਬਜਾਇ ਭੂਚਾਲ-ਨਿਰੋਧਕ ਨਵੀਆਂ ਤਕਨੀਕਾਂ ਨੂੰ ਅਪਣਾ ਕੇ ਜਾਂ ਵਾਤਾਵਰਨ ਨਾਲ ਰਾਬਤਾ ਰੱਖਣ ਵਾਲੀਆਂ ਪੁਰਾਣੀਆਂ ਤਕਨੀਕਾਂ ਨਾਲ ਇਮਾਰਤਾਂ ਬਣਾਵੇ ਤਾਂ ਜੋ ਲੋਕਾਂ ਦੀਆਂ ਕੀਮਤੀ ਜਾਨਾਂ ਭੰਗ ਦੇ ਭਾੜੇ ਨਾ ਚਲੀਆਂ ਜਾਣ ਕਿਉਂਕਿ ਲੋਕ ਭੂਚਾਲ ਨਾਲ ਨਹੀਂ ਮਰਦੇ, ਸਗੋਂ ਇਮਾਰਤਾਂ ਦੇ ਥੱਲੇ ਆ ਕੇ ਮਰ ਜਾਂਦੇ ਹਨ। ਜੇਕਰ ਇਮਾਰਤ ਲਕੜੀ, ਬਾਂਸ ਅਤੇ ਮਿੱਟੀ ਦੀ ਬਣੀ ਹੈ ਤਾਂ ਲੋਕ ਜਖ਼ਮੀ ਹੁੰਦੇ ਹਨ, ਪਰ ਜੇ ਉਹ ਇੱਟਾਂ, ਪੱਥਰ ਅਤੇ ਲੋਹੇ ਦੀ ਬਣੀ ਹੈ ਤਾਂ ਲੋਕ ਉਨ੍ਹਾਂ ਥੱਲੇ ਦੱਬ ਕੇ ਮਰ ਜਾਂਦੇ ਹਨ।

ਪਹਾੜੀ ਇਲਾਕਿਆਂ ਵਿੱਚ ਵੱਸੇ ਸ਼ਹਿਰਾਂ ਨੂੰ ਵੱਡੀਆਂ ਅਤੇ ਚੌੜੀਆਂ ਸੜਕਾਂ ਬਣਾ ਕੇ ਦੇਸ ਦੇ ਬਾਕੀ ਹਿੱਸਿਆ ਨਾਲ ਜੋੜਨ ਦੀ ਥਾਂ ਉੱਤੇ ਉਨ੍ਹਾਂ ਦੀ ਕੁਦਰਤੀ ਸੁੰਦਰਤਾ ਕਾਇਮ ਰੱਖਦੇ ਹੋਏ ਪੁਰਾਣੇ ਸਮਿਆ ਦੇ ਇਮਾਰਤੀ ਢਾਂਚੇ ਨੂੰ ਤਰਜੀਹ ਦੇਣੀ ਚਾਹੀਦੀ ਹੈ, ਨਹੀਂ ਤਾਂ ਪੈਸਾ ਬਣਾਉਣ ਦੇ ਚੱਕਰ ਵਿੱਚ ਉਤਰਾਖੰਡ ਦੇ ਚਾਰ ਧਾਮਾਂ ਦੇ ਸ਼ਹਿਰਾਂ ਵਾਂਗ ਬਾਕੀ ਪਹਾੜੀ ਸ਼ਹਿਰ ਵੀ ਤਬਾਹ ਹੋ ਜਾਣਗੇ।

ਇਸ ਦੇ ਨਾਲ-ਨਾਲ ਸਾਡੀ ਸਰਕਾਰ ਨੂੰ ਇਹ ਵੀ ਚਾਹੀਦਾ ਹੈ ਕਿ ਜਾਪਾਨ ਜਾਂ ਅਮਰੀਕਾ ਵਰਗੇ ਉੱਨਤ ਦੇਸ਼ਾਂ ਤੋਂ ਨਵੀਂ ਭੂਚਾਲ-ਨਿਰੋਧਕ ਇਮਾਰਤੀ ਉਸਾਰੀ ਦੀਆਂ ਤਕਨੀਕਾਂ ਦੀ ਜਾਣਕਾਰੀ ਲੈ ਕੇ ਇਮਾਰਤਾਂ ਬਣਾਉਣ ਦੀ ਇਜਾਜਤ ਦੇਵੇ ਤਾਂਕਿ ਭੂਚਾਲ ਵਰਗੀ ਕੁਦਰਤੀ ਆਫ਼ਤ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ।

ਸਰਕਾਰ ਇਮਾਰਤਾਂ ਬਣਾਉਣ ਦੇ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰੇ। ਸਰਕਾਰ ਨੂੰ ਬਿਪਤਾ-ਪ੍ਰਬੰਧਨ ਨੂੰ ਚੁਸਤ-ਦਰੁਸਤ ਕਰਨਾ ਚਾਹੀਦਾ ਹੈ ਤਾਂ ਕਿ ਭੂਚਾਲ ਜਾਂ ਹੋਰ ਕਿਸੇ ਵੀ ਕੁਦਰਤੀ ਬਿਪਤਾ ਆਉਣ ਦੀ ਸੂਰਤ ਵਿੱਚ ਲੋਕਾਂ ਨੂੰ ਸਮੇਂ ਸਿਰ ਸਹਾਇਤਾ ਮਿਲ ਸਕੇ।

# ਫਰਿਜ਼ਨੋ ’ਚ 4 ਮਾਰਚ 2018 ਨੂੰ ਮਨਾਇਆ ਜਾਵੇਗਾ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ



ਸ੍ਰੀ ਗੁਰੂ ਰਵਿਦਸ ਸਭਾ ਦੇ ਮੈਂਬਰ ਅਤੇ ਸੰਗਤ

ਫਾਇਲ ਚਿੱਤਰ

**ਸੈਕਰਾਮੈਂਟੋ (ਡੀ. ਡੀ.ਬੀ.)-** ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੇਫੋਰਨੀਆ ਦੇ ਚੇਅਰਮੈਨ ਸ੍ਰੀ ਰਾਜਿੰਦਰ ਮੋਮੀ ਅਤੇ ਸਟੇਜ ਸਕੱਤਰ ਸ੍ਰੀ ਅਮਰ ਦੜੌਚ ਨੇ ’ਦੇਸ਼ ਦੁਆਬਾ’ ਨੂੰ ਫੋਨ ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਤੇ ਸੰਗਤਾਂ ਨੇ ਸਰਬ ਸੰਮਤੀ ਨਾਲ ਫੈਸਲਾ ਲਿਆ ਕਿ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ ਅਗਲੇ 4 ਮਾਰਚ 2018 ਦਿਨ ਐਤਵਾਰ ਨੂੰ ਬੜੀ ਸ਼ਰਧਾ ਪੂਰਵਕ ਮਨਾਇਆ ਜਾਵੇਗਾ। ਜਿਸ ਵਾਸਤੇ ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਹੈ ਕਿ ਗੁਰੂ ਘਰ ਦੇ ਸਾਰੇ ਕਾਰਜ ਸਮੂਹ ਸੰਗਤਾਂ ਦੇ ਸਾਂਝੇ ਹਨ ਤੇ ਆਪ ਜੀ ਦੇ ਸਹਿਯੋਗ ਅਤੇ ਅਕਾਲ ਪੁਰਖ ਦੀ ਮਿਹਰ ਸਦਕਾ ਹੀ ਸੰਪੂਰਨ ਹੋ ਸਕਦੇ ਹਨ। ਸੋ ਆਪ ਜੀ ਗੁਰਪੁਰਬ ਦੀ ਖੁਸ਼ੀ ’ਚ ਅਤੇ ਗੁਰੂ ਘਰ ਦੀ ਡਿਵੈਲਪਮੈਂਟ ਲਈ ਵੱਧ ਤੋਂ ਵੱਧ ਗੁਰੂ ਘਰ ਲਈ ਮਾਇਆ ਨਾਲ ਸਹਿਯੋਗ ਕਰਕੇ ਸਤਿਗੁਰੂ ਸਾਹਿਬਾਨ ਜੀ ਦੀਆਂ ਖੁਸ਼ੀਆ ਪ੍ਰਾਪਤ ਕਰੋ ਜੀ।

ਇਸ ਦੇ ਨਾਲ ਹੀ ਇਹ ਵੀ ਫੈਸਲਾ ਲਿਆ ਗਿਆ ਕਿ ਹਰ ਸਾਲ ਗੁਰੂ ਘਰ ਵੱਲੋਂ ਸਮੂਹ ਸੰਗਤਾਂ ਦੇ ਸੰਪੂਰਨ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਦਾ ਗੁਰਪੁਰਬ ਦਿਹਾੜਾ ਹਰ ਸਾਲ ਮਾਰਚ ਮਹੀਨੇ ਦੇ ਪਹਿਲੇ ਐਤਵਾਰ ਨੂੰ ਮਨਾਇਆ ਜਾਵੇਗਾ। ਸੋ ਸਮੂਹ ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਸਨਿਮਰ ਬੇਨਤੀ ਹੈ ਕਿ ਇਹ ਆਪਣੇ ਹਿਰਦਿਆਂ ’ਚ ਵਸਾ ਲਵੋ ਕਿ ਹਰ ਸਾਲ ਮਾਰਚ ਦੇ ਪਹਿਲੇ ਐਤਵਾਰ ਸਤਿਗੁਰੂ ਰਵਿਦਾਸ ਜੀ ਦੇ ਗੁਰਪੁਰਬ ਦਿਹਾੜੇ ਦੇ ਸ਼ੁਭ ਅਵਸਰ ’ਤੇ ਸ੍ਰੀ ਗੁਰੂ ਰਵਿਦਾਸ ਟੈਂਪਲ 5025 ਐਸ. ਚੈਰੀ ਐਵੀਨਿਊ ਫਰਿਜ਼ਨੋ ਵਿਖੇ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨੀਆਂ ਹਨ।

## ਭਾਖੜਾ ਡੈਮ ਦੇ ਸਥਾਪਨਾ ਦਿਵਸ ਸਬੰਧੀ ਵਿਸ਼ੇਸ਼

# ਭਾਖੜਾ ਬੰਨ ਦੇ ਪਿੱਛੇ ਬਣੀ ਝੀਲ ਦਾ ਨਾਮਕਰਨ ਸਿੱਖ ਧਰਮ ਦੇ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਹੀ ਗੋਬਿੰਦ ਸਾਗਰ ਝੀਲ ਰੱਖਿਆ ਗਿਆ



ਕੁਲਦੀਪ ਚੰਦ
91-9417563054

ਸਾਡੇ ਦੇਸ਼ ਦਾ ਗੌਰਵ ਮੰਨੇ ਜਾਂਦੇ ਅਤੇ ਉਤਰੀ ਭਾਰਤ ਦੇ ਵਿਕਾਸ ਦੀ ਰੀੜ੍ਹ ਦੀ ਹੱਡੀ ਸਮਝੇ ਜਾਂਦੇ ਭਾਖੜਾ ਬੰਨ ਨੂੰ ਅੱਜ 54 ਸਾਲ ਪੂਰੇ ਹੋ ਰਹੇ ਹਨ। ਇਹ ਉੱਤਰੀ ਭਾਰਤ ਦਾ ਇੱਕ ਪ੍ਰਭਾਵਸ਼ਾਲੀ ਅਤੇ ਬਹੁਤ ਵੱਡਾ ਡੈਮ ਹੈ ਜੋ ਸਿੰਚਾਈ ਲਈ ਪਾਣੀ, ਉਦਯੋਗਾਂ ਨੂੰ ਚਲਾਉਣ ਲਈ ਬਿਜਲੀ, ਸ਼ਹਿਰਾਂ ਦਾ ਬਿਜਲੀਕਰਨ, ਪਿੰਡਾਂ ਵਿੱਚ ਬਿਜਲੀ ਅਤੇ ਟਿਊਬਵੈੱਲਾਂ ਨੂੰ ਚਲਾਉਣ ਲਈ ਊਰਜਾ ਪ੍ਰਦਾਨ ਕਰਦਾ ਹੈ। ਇਸ ਪ੍ਰੋਜੈਕਟ ਨੂੰ ਬਣਾਉਣ ਦਾ ਖਿਆਲ ਬੇਸ਼ੱਕ ਅਜ਼ਾਦੀ ਤੋਂ ਪਹਿਲਾਂ ਹੀ ਆਇਆ ਸੀ ਪਰੰਤੂ ਇਸ ਪ੍ਰੋਜੈਕਟ ਦਾ ਨਿਰਮਾਣ ਅਜ਼ਾਦੀ ਤੋਂ ਬਾਦ ਹੀ ਸ਼ੁਰੂ ਹੋਇਆ ਸੀ। ਮੌਜੂਦਾ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜਿਲ੍ਹੇ ਵਿੱਚ ਸਥਿਤ ਭਾਖੜ੍ਹਾ ਡੈਮ ਪ੍ਰੋਜੈਕਟ ਨੂੰ ਬਣਾਉਣ ਦਾ ਵਿਚਾਰ ਸਭਤੋਂ ਪਹਿਲਾਂ ਸਰ ਲੂਈਸ ਡੈਨੇ ਦੁਆਰਾ 8 ਨਵੰਬਰ, 1908 ਨੂੰ ਦਿਤਾ ਗਿਆ ਸੀ ਅਤੇ ਇਸ ਸਬੰਧੀ ਵਿਸਥਾਰ ਰਿਪੋਰਟ ਮਾਰਚ 1919 ਵਿੱਚ ਪੇਸ਼ ਕੀਤੀ ਗਈ। 1920 ਤੋਂ ਲੈਕੇ 1938 ਤੱਕ ਇਸ ਸਬੰਧੀ ਵੱਖ ਵੱਖ ਤਰਾਂ ਦੇ ਸਰਵੇਖਣ ਹੋਏ ਅਤੇ 1939 ਤੋਂ 1942 ਤੱਕ ਇਸ ਪ੍ਰੋਜੈਕਟ ਸਬੰਧੀ ਰਿਪੋਰਟਾਂ ਤਿਆਰ ਕੀਤੀਆਂ ਗਈਆਂ। ਸ਼ੁਰੂਆਤ ਵਿੱਚ ਇਸ ਪ੍ਰੋਜੈਕਟ ਦਾ ਉਦੇਸ਼ ਸਿਰਫ ਸਿੰਚਾਈ ਲਈ ਪਾਣੀ ਇਕੱਠਾ ਕਰਨਾ ਹੀ ਸੀ ਅਤੇ ਇਸ ਪ੍ਰੋਜੈਕਟ ਵਿੱਚ ਭਾਖੜਾ ਬੰਨ, ਅਪਰ ਸਰਹਿੰਦ ਨਹਿਰ, ਹੇਠਲੀ ਸਰਹਿੰਦ ਨਹਿਰ ਅਤੇ ਪੱਛਮੀ ਜਮੁਨਾ ਨਹਿਰ ਦਾ ਵਿਸਥਾਰ ਸ਼ਾਮਿਲ ਸਨ। ਉਸ ਵੇਲੇ ਪ੍ਰਸਤਾਵਿਤ ਭਾਖੜਾ ਬੰਨ ਦੀ ਉਚਾਈ 395 ਫੁੱਟ ਹੋਣੀ ਸੀ ਅਤੇ ਵੱਧ ਤੋਂ ਵੱਧ 2.58 ਮਿਲੀਅਨ ਏਕੜ ਫੁੱਟ ਪਾਣੀ ਭੰਡਾਰਨ ਦੀ ਵਿਵਸਥਾ ਹੋਣੀ ਸੀ। 1944 ਵਿੱਚ ਡਾਕਟਰ ਜੇ. ਐਲ. ਸੈਵੇਜ ਜੋ ਅਮਰੀਕਾ ਦੀ ਬਿਉਰੋ ਫਾਰ ਰੈਕਲੇਮੇਸ਼ਨ ਦਾ ਚੀਫ਼ ਇੰਜੀਨੀਅਰ ਸੀ ਨੇ 1600 ਫੁੱਟ ਉਚਾਈ ਤੱਕ ਪਾਣੀ ਭੰਡਾਰਣ ਦੀ ਸਮੱਰਥਾ ਵਾਲਾ ਡੈਮ ਬਣਾਉਣ ਦਾ ਸੁਝਾਅ ਦਿਤਾ। ਯੂ.ਐਸ.ਏ. ਦੀ ਇੱਕ ਅੰਤਰਰਾਸ਼ਟਰੀ ਡੈਨਵਰ ਨਾਂਅ ਦੀ ਕੰਪਨੀ ਨੇ ਇਹ ਉਚਾਈ 1580 ਫੁੱਟ ਰੱਖਣ ਦੀ ਤਜਵੀਜ਼ ਰੱਖੀ ਜਿਸਦਾ ਮੁੱਖ ਕਾਰਨ ਇਹ ਸੀ ਕਿ ਉਚਾਈ ਵਧਾਉਣ ਕਾਰਨ ਰਾਜਾ ਬਿਲਾਸਪੁਰ ਦੇ ਮਹਿਲ ਤੇ ਕੁਝ ਮੰਦਿਰ ਡੈਮ ਦੀ ਝੀਲ ਵਿੱਚ ਡੁਬਦੇ ਸਨ ਅਤੇ ਰਾਜਾ ਬਿਲਾਸਪੁਰ ਨੇ ਇਸ ਸਬੰਧੀ ਇਤਰਾਜ਼ ਕੀਤਾ ਸੀ। ਆਜ਼ਾਦੀ ਤੋਂ ਬਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਸ ਮਾਮਲੇ ਵਿੱਚ ਨਿੱਜੀ ਤੌਰ ਤੇ ਦਖਲ ਤੋਂ ਬਾਦ ਬਿਲਾਸਪੁਰ ਦੇ ਰਾਜਾ ਨੇ ਆਪਣੇ ਇਤਰਾਜ਼ਾਂ ਨੂੰ ਵਾਪਸ ਲੈ ਲਿਆ ਅਤੇ ਡੈਮ ਦੇ ਪਾਣੀ ਦਾ ਵੱਧ ਤੋਂ ਵੱਧ ਪੱਧਰ 1680 ਫੁੱਟ ਤੱਕ ਰੱਖਿਆ ਗਿਆ। 1948 ਤੋਂ 1951 ਦੌਰਾਨ ਇਸ ਪ੍ਰੋਜੈਕਟ ਨੂੰ ਪਾਸ ਕੀਤਾ ਗਿਆ। ਪੰਜਾਬ ਦੇ ਲੋਕ ਨਿਰਮਾਣ ਵਿਭਾਗ ਦੀ ਸਿੰਚਾਈ ਸ਼ਾਖਾ ਅਤੇ ਅੰਤਰਰਾਸ਼ਟਰੀ ਕੰਪਨੀ ਆਈਐਨਸੀ ਯੂ ਐਸ ਏ ਵਿੱਚ 14 ਨਵੰਬਰ, 1948 ਨੂੰ ਹੋਏ ਸਮਝੋਤੇ ਅਨੁਸਾਰ ਇਸ ਪ੍ਰੋਜੈਕਟ ਸਬੰਧੀ ਦਸਤਾਵੇਜ਼ ਅਤੇ ਡਿਜਾਇਨ ਸਮੇਤ ਦਿਸ਼ਾ ਨਿਰਦੇਸ਼ ਕੰਪਨੀ ਨੂੰ ਸੋਂਪੇ ਗਏ। ਅਪ੍ਰੈਲ 1952 ਵਿੱਚ ਐਮ ਹਾਰਵੇ ਸਲੋਕਮ ਅਮਰੀਕਾ ਤੋਂ ਅਪਣੇ ਤਕਨੀਕੀ ਮਾਹਿਰਾਂ ਅਤੇ ਇੰਜਨੀਅਰਾਂ ਦੀ ਟੀਮ ਨਾਲ ਆਏ ਅਤੇ ਇਸ ਪ੍ਰੋਜੈਕਟ ਦਾ ਕੰਮ ਸ਼ੁਰੂ ਕਰਵਾਇਆ। ਇਸ ਪ੍ਰੋਜੈਕਟ ਦੇ ਨਿਰਿਖਣ ਅਤੇ ਪ੍ਰਗਤੀ ਸਬੰਧੀ ਭਾਖੜਾ ਨਿਯੰਤਰਣ ਬੌਰਡ ਦਾ ਗਠਨ ਕੀਤਾ ਗਿਆ ਜਿਸ ਵਿੱਚ ਕੇਂਦਰ ਸਰਕਾਰ, ਪੰਜਾਬ ਸਰਕਾਰ, ਰਾਜਸਥਾਨ ਅਤੇ ਪੈਪਸੂ ਦੇ ਪ੍ਰਤੀਨਿਧੀ ਸ਼ਾਮਿਲ ਸਨ।

ਇਸ ਵਿੱਚ ਪੰਜਾਬ ਦੇ ਰਾਜਪਾਲ ਨੂੰ ਕਮੇਟੀ ਦਾ ਚੇਅਰਮੈਨ, ਭਾਰਤ ਸਰਕਾਰ ਦੇ ਵਿੱਤ ਮੰਤਰਾਲਿਆ ਦੇ ਸਕੱਤਰ ਨੂੰ ਉਪੱ ਚੇਅਰਮੈਨ, ਕੇਂਦਰੀ ਜਲ ਅਤੇ ਊਰਜਾ ਆਯੋਗ ਭਾਰਤ ਸਰਕਾਰ ਦੇ ਚੇਅਰਮੈਨ ਨੂੰ ਮੈਂਬਰ, ਵੱਖ ਵੱਖ ਰਾਜ ਸਰਕਾਰਾਂ ਦੇ ਸਿੰਚਾਈ ਵਿਭਾਗ ਦੇ ਸਕੱਤਰਾਂ ਅਤੇ ਊਰਜਾ ਵਿਭਾਗ ਦੇ ਇੰਚਾਰਜਾਂ ਨੂੰ ਵਿੱਤੀ ਮੈਂਬਰ, ਭਾਖੜਾ ਡੈਮ ਦੇ ਨਿਰਮਾਣ ਵਿਚ ਲੱਗੇ ਹੋਏ ਸਾਰੇ ਮੁੱਖ ਇੰਜਨੀਅਰਾਂ ਨੂੰ ਮੈਂਬਰ ਅਤੇ ਸੰਯੁਕਤ ਸਕੱਤਰ ਵਿੱਤ ਮੰਤਰਾਲਿਆ ਭਾਰਤ ਸਰਕਾਰ ਨੂੰ ਮੈਂਬਰ ਬਣਾਇਆ ਗਿਆ ਸੀ। 1952 ਵਿੱਚ ਡਾਕਟਰ ਏ ਐਨ ਖੋਸਲਾ ਦੀ ਚੇਅਰਮੈਨਸ਼ਿਪ ਅਧੀਨ ਬੌਰਡ ਆਫ ਕਾਂਸਿਉਲੇਟਸ ਦੀ ਸਥਾਪਨਾ ਵੀ ਕੀਤੀ ਗਈ। 18 ਨਵੰਬਰ, 1955 ਨੂੰ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕੰਕਰੀਟ ਦੀ ਪਹਿਲੀ ਟੋਕਰੀ ਪਾਕੇ ਪ੍ਰੋਜੈਕਟ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕੀਤੀ। ਇਸ ਪ੍ਰੋਜੈਕਟ ਦੇ ਨਿਰਮਾਣ ਵਿੱਚ ਮੁੱਖ ਤੋਰ ਤੇ ਭਾਖੜ੍ਹਾ ਬੰਨ ਅਤੇ ਊਰਜਾ ਸੰਚਾਲਣ ਯੰਤਰ, ਨੰਗਲ ਬੰਨ, ਨੰਗਲ ਹਾਇਡਲ ਚੈਨਲ, ਗੰਗੂਵਾਲ ਅਤੇ ਕੋਟਲਾ ਪਾਵਰ ਹਾਊਸਿਜ਼, ਰੋਪੜ੍ਹ ਹੈਡ ਵਰਕਸ ਦਾ ਪੁਨਰ-ਨਿਰਮਾਣ, ਸਰਹੰਦ ਨਹਿਰ ਦਾ ਪੁਨਰ- ਨਿਰਮਾਣ, ਭਾਖੜ੍ਹਾ ਨਹਿਰ, ਬਿਸਤ-ਦੋਆਬ ਨਹਿਰ, ਬਿਜਲੀ ਦੀ ਪੈਦਾਵਰ ਅਤੇ ਵਿਤਰਣ ਪ੍ਰਣਾਲੀ, ਭਾਖੜ੍ਹਾ ਖੇਤਰ ਦੀ ਮਾਰਕੀਟ ਅਤੇ ਸੰਚਾਰ ਦਾ ਵਿਕਾਸ ਆਦਿ ਯੂਨਿਟ ਸ਼ਾਮਲ ਸਨ। ਭਾਖੜਾ ਬੰਨ ਦੀ ਉਚਾਈ ਦਿੱਲੀ ਵਿੱਚ ਸਥਿਤ ਕੁਤਬਮੀਨਾਰ ਦੀ ਉਚਾਈ ਤੋਂ ਵੀ 3 ਗੁਣਾ ਵੱਧ ਹੈ। ਇਸ ਡੈਮ ਦੀ ਉਸਾਰੀ ਲਈ ਵੱਖ ਵੱਖ ਤਰਾਂ ਦੀ ਮਸ਼ੀਨਰੀ ਤੋਂ ਇਲਾਵਾ ਲੱਗਭੱਗ 13000 ਕਾਮੇ, 300 ਇੰਜੀਨੀਅਰ, 30 ਅਮਰੀਕਨ ਮਾਹਿਰ ਲਗਾਏ ਗਏ ਜਿਨ੍ਹਾਂ ਨੇ ਦਿਨ-ਰਾਤ ਕੰਮ ਕੀਤਾ। ਭਾਖੜਾ ਬੰਨ ਦੇ ਨਿਰਮਾਣ ਵਿੱਚ ਵਰਤੀ ਗਈ ਸੀਮੇਂਟ, ਕੰਕਰੀਟ ਦੀ ਮਾਤਰਾ ਧਰਤੀ ਦੇ ਭੂ-ਮੱਧ ਰੇਖਾ ਤੇ 2.44 ਮੀਟਰ ਚੋੜੀ ਸੜਕ ਬਣਾਉਣ ਵਿੱਚ ਸਮਰੱਥ ਸੀ।



ਇਸਦੇ ਨਿਰਮਾਣ ਵਿੱਚ ਕੁੱਲ ਇੱਕ ਲੱਖ ਟਨ ਸਰੀਏ ਦਾ ਇਸਤੇਮਾਲ ਕੀਤਾ ਗਿਆ ਸੀ। ਉਸ ਵੇਲੇ ਦੇ ਇੰਜਨੀਅਰਾਂ ਦੀ ਤਕਨੀਕ ਦਾ ਹੀ ਕਮਾਲ ਹੈ ਕਿ ਪਾਣੀ ਦਾ ਪੱਧਰ 1680 ਫੁੱਟ ਪਹੁੰਚਣ ਤੇ ਭਾਖੜਾ ਬੰਨ 2 ਇੰਚ ਤੱਕ ਝੁਕਣ ਦੀ ਸਮਰੱਥਾ ਰੱਖਦਾ ਹੈ ਅਤੇ ਪਾਣੀ ਦਾ ਪੱਧਰ ਘੱਟਣ ਤੋਂ ਬਾਅਦ ਡੈਮ ਆਪਣੀ ਪਹਿਲਾਂ ਵਾਲੀ ਸਥਿਤੀ ਵਿੱਚ ਆ ਜਾਂਦਾ ਹੈ। ਸਾਬਕਾ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਇਸ ਪ੍ਰੋਜੈਕਟ ਦੇ ਨਿਰਮਾਣ ਦੌਰਾਨ 10 ਵਾਰ ਦੌਰਾ ਕੀਤਾ। ਵਰਣਨਯੋਗ ਹੈ ਕਿ ਉਨ੍ਹਾਂ ਨੇ ਇਸ ਪਰਿਯੋਜਨਾ ਦੀ ਸਾਈਟ ਤੇ ਹੀ ਪੰਚਸ਼ੀਲ ਸਮਝੌਤੇ ਤੇ ਚੀਨ ਦੇ ਪ੍ਰਧਾਨਮੰਤਰੀ ਚਾਓ ਇਨ ਲਾਈ ਦੇ ਨਾਲ ਗੱਲਬਾਤ ਕੀਤੀ ਸੀ। ਇਸ ਪ੍ਰੋਜੈਕਟ ਦਾ ਦੇਸ਼ ਦੇ ਮਹਿਮਾਨਾਂ ਤੋਂ ਇਲਾਵਾ ਬਹੁਤ ਸਾਰੇ ਵਿਦੇਸ਼ੀ ਮਹਿਮਾਨਾਂ ਜਿਵੇਂ ਕਿ ਮਿਸਰ ਦੇ ਰਾਸ਼ਟਰਪਤੀ ਕਰਨਲ ਨਾਸਰ, ਯੂਗੋਸਲਾਵੀਆ ਦੇ ਰਾਸ਼ਟਰਪਤੀ ਜੋਸਫ਼ ਟੀਟੋ, ਚੀਨ ਦੇ ਪ੍ਰਧਾਨ ਮੰਤਰੀ ਚੂਇਨ ਲਾਈ, ਉੱਤਰੀ ਵੀਅਤਨਾਮ ਦੇ ਰਾਸ਼ਟਰਪਤੀ ਹੋਚੀ ਮਿਨ, ਕਲੈਮੈਂਟ ਐਂਟਲੀ, ਇੰਗਲੈਂਡ ਦੇ ਪ੍ਰਧਾਨ ਮੰਤਰੀ, ਸੋਵੀਅਤ ਰੂਸ ਦੇ ਪ੍ਰਧਾਨ ਮੰਤਰੀ ਖੁਰਸ਼ਚੇਵ, ਸੋਵੀਅਤ ਰੂਸ ਦੇ ਪ੍ਰਿੰਸ ਫਿਲਪ ਡਯੂਕ ਆਫ਼ ਐਡਨਸਰਾ, ਬੋਧ ਗੁਰੂ ਦਲਾਈਲਾਮਾ, ਪੰਚਨਲਾਮਾ, ਈਰਾਨ ਦੇ ਬਾਦਸ਼ਾਹ ਰਜ਼ਾ ਸ਼ਾਹ ਪਹਿਲਵੀ ਆਦਿ ਕਈ ਮਹਾਨ ਵਿਅਕਤੀ ਇਸ ਡੈਮ ਦਾ ਦੌਰਾ ਕਰ ਚੁੱਕੇ ਹਨ। ਭਾਖੜਾ ਬੰਨ ਦੇ ਪਿੱਛੇ ਬਣੀ ਝੀਲ ਦਾ ਨਾਮਕਰਨ ਸਿੱਖਾਂ ਦੇ ਮਹਾਨ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਹੀ ਗੋਬਿੰਦ ਸਾਗਰ ਝੀਲ ਰੱਖਿਆ ਗਿਆ ਹੈ। ਇਹ ਝੀਲ 96.56 ਕਿਲੋਮੀਟਰ ਲੰਬੀ ਹੈ ਅਤੇ 168.35 ਵਰਗ ਕਿਲੋਮੀਟਰ ਖੇਤਰ ਵਿੱਚ ਫੈਲੀ ਹੋਈ ਹੈ। ਬੰਨ ਤੱਕ ਸਤਲੁਜ ਦਰਿਆ ਦਾ ਕੁੱਲ ਕੈਚਮੈਂਟ ਏਰੀਆਂ 56980 ਵਰਗ ਕਿਲੋਮੀਟਰ ਹੈ ਜਿਸ ਵਿੱਚ 37050 ਵਰਗ ਕਿਲੋਮੀਟਰ ਖੇਤਰ ਤਿੱਬਤ ਅਤੇ ਬਾਕੀ 19930 ਵਰਗ ਕਿਲੋਮੀਟਰ ਭਾਰਤ ਵਿੱਚ ਹੈ। ਗਰਮੀਆਂ ਦੇ ਮੌਸਮ ਵਿੱਚ ਮਾਨ ਸਰੋਵਰ ਝੀਲ ਅਤੇ ਰਸਤੇ ਦੀ ਬਰਫ ਦਾ ਪਿਘਲਿਆ ਹੋਇਆ ਪਾਣੀ ਅਤੇ ਬਾਰਿਸ਼ ਦੀ ਰੁੱਤ ਵਿੱਚ ਕੈਚਮੈਂਟ ਏਰੀਆਂ ਤੋਂ ਆਉਣ ਵਾਲਾ ਵਰਖਾ ਦਾ ਪਾਣੀ ਬੰਨ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਬੰਨ ਵਿੱਚ 50 ਤੋਂ 60 ਫੀਸਦੀ ਪਾਣੀ ਬਰਫ ਦੇ ਪਿਘਲਣ ਕਾਰਨ ਆਉਂਦਾ ਹੈ ਅਤੇ ਬਾਕੀ ਬਾਰਿਸ਼ ਤੋਂ।

ਝੀਲ ਵਿੱਚ 1680 ਫੁੱਟ ਤੱਕ 93400 ਲੱਖ ਘਣਮੀਟਰ ਪਾਣੀ ਇਕੱਠਾ ਕੀਤਾ ਜਾਂਦਾ ਹੈ। ਇਸ ਝੀਲ ਤੋਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੀ 65 ਲੱਖ ਹੈਕਟੇਅਰ ਭੂਮੀ ਦੀ ਸਿੰਚਾਈ ਹੁੰਦੀ ਹੈ। ਭਾਖੜਾ ਬੰਨ ਤੋਂ ਪੰਜਾਬ, ਹਰਿਆਣਾ, ਪੱਛਮੀ ਰਾਜਸਥਾਨ, ਚੰਡੀਗੜ ਅਤੇ ਦਿੱਲੀ ਦੇ ਮੁੱਖ ਸ਼ਹਿਰਾਂ ਦੇ ਲਈ ਪੀਣ ਦੇ ਪਾਣੀ ਦੀ ਪੂਰਤੀ ਵੀ ਕੀਤੀ ਜਾਂਦੀ ਹੈ। ਭਾਖੜਾ ਡੈਮ ਤੋਂ ਬਾਦ ਪੰਜਾਬ ਦੇ ਰੂਪਨਗਰ ਜਿਲ੍ਹੇ ਵਿੱਚ ਇੱਕ ਹੋਰ ਡੈਮ ਨੰਗਲ ਡੈਮ ਬਣਾਇਆ ਗਿਆ ਜਿਸ ਵਿੱਚ ਭਾਖੜਾ ਡੈਮ ਤੋਂ ਆਣ ਵਾਲੇ ਪਾਣੀ ਨੂੰ ਰੋਕਕੇ ਅੱਗੇ ਵੱਖ ਵੱਖ ਨਹਿਰਾਂ ਵਿੱਚ ਛੱਡਿਆ ਜਾਂਦਾ ਹੈ। ਭਾਖੜਾ ਬੰਨ ਕਾਰਨ ਰਾਸ਼ਟਰ ਵਿੱਚ ਹਰੀ ਕ੍ਰਾਂਤੀ ਦਾ ਸੁਪਨਾ ਸਾਕਾਰ ਹੋ ਸਕਿਆ ਹੈ। 283.90 ਕਰੋੜ ਰੁਪਏ ਦੀ ਲਾਗਤ ਨਾਲ ਸਾਲ 1962 ਵਿੱਚ ਬਣ ਕੇ ਤਿਆਰ ਹੋਇਆ ਭਾਖੜਾ ਬੰਨ ਉਸ ਵੇਲੇ ਏਸ਼ੀਆਂ ਵਿੱਚ ਸਭ ਤੋਂ ਉਚਾ ਅਤੇ ਵਿਸ਼ਵ ਵਿੱਚ ਦੂਜੇ ਨੰਬਰ ਤੇ ਸੀ। ਭਾਖੜਾ ਡੈਮ ਦੇ ਦੋਨੋਂ ਪਾਸੇ ਪਾਵਰ ਪਲਾਂਟ ਬਣਾਏ ਗਏ ਹਨ ਜਿੱਥੇ ਟਰਵਾਇਨਾਂ ਰਾਹੀਂ ਬਿਜ਼ਲੀ ਪੈਦਾ ਕੀਤੀ ਜਾਂਦੀ ਹੈ ਅਤੇ ਦੇਸ਼ ਦੇ ਵੱਖ ਵੱਖ ਭਾਗਾਂ ਨੂੰ ਸਪਲਾਈ ਕੀਤੀ ਜਾਂਦੀ ਹੈ। ਅੱਜ ਦੇ ਦਿਨ 22 ਅਕਤੂਬਰ 1963 ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਵੱਲੋਂ ਇਸ ਡੈਮ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਗਿਆ ਸੀ। ਪਿਛਲੇ ਕਈ ਸਾਲਾਂ ਤੋਂ ਭਾਖੜਾ ਬਿਆਸ ਪ੍ਰਬੰਧਕੀ ਬੌਰਡ ਦਾ ਬਿਜਲੀ ਉਦਪਾਦਨ ਕੇਂਦਰੀ ਬਿਜਲੀ ਅਥਾਰਟੀ (ਸੀਈਏ) ਦੁਆਰਾ ਨਿਰਧਾਰਤ ਟੀਚਿਆਂ ਤੋਂ ਲਗਾਤਾਰ ਵੱਧ ਰਿਹਾ ਹੈ। ਇਸਦਾ ਜਲ ਭੰਡਾਰਨ ਦੇਸ਼ ਦੇ ਸਭ ਤੋਂ ਵੱਡੇ ਜਲ ਭੰਡਾਰਾ ਵਿੱਚੋਂ ਇੱਕ ਹੈ। ਜਿਸਦੀ ਸਮਰੱਥਾ 9620 ਅਤੇ 8570 ਮਿਲੀਅਨ ਘਣਮੀਟਰ ਹੈ। ਭਾਖੜਾ ਡੈਮ ਦੇ ਦੋਨਾਂ ਪਾਸੇ ਬਿਜਲੀ ਪੈਦਾ ਕਰਨ ਲਈ ਮਸ਼ੀਨਾਂ ਲਗਾਈਆਂ ਗਈਆਂ ਹਨ ਜਿੱਥੇ ਟਰਬਾਇਨਾਂ ਰਾਹੀਂ ਸਿਰਫ 20 ਪੈਸੇ ਪ੍ਰਤੀ ਯੂਨਿਟ ਦੀ ਲਾਗਤ ਨਾਲ 1325 ਮੈਗਾਵਾਟ ਬਿਜਲੀ ਦਾ ਉਤਪਾਦਨ ਕੀਤਾ ਜਾਂਦਾ ਹੈ। ਭਾਖੜਾ ਬੰਨ ਅਜ਼ਾਦੀ ਤੋਂ ਬਾਅਦ ਅਜਿਹਾ ਪ੍ਰੋਜੈਕਟ ਹੈ ਜਿਸਨੂੰ ਡਾਕ ਵਿਭਾਗ ਵਲੋਂ ਦੂਸਰੇ ਸਮਾਰਕ ਟਿਕਟ ਦੇਣ ਦਾ ਸਨਮਾਨ ਦਿੱਤਾ ਗਿਆ ਹੈ।

## 1 ਨਵੰਬਰ ਤੇ ਵਿਸ਼ੇਸ਼

# ਪੰਜਾਬ ਦਿਵਸ ਤੇ ਪੰਜਾਬੀਅਤ



ਨਵਜੋਂਤ ਬਜਾਜ (ਗੱਗੂ)
91-98721-02614

ਪੰਜਾਬ 1 ਨਵੰਬਰ 1966 ਨੂੰ ਹੋਂਦ ਵਿੱਚ ਆਇਆ ਸੀ। ਇਸ ਕਰਕੇ 1 ਨਵੰਬਰ ਨੂੰ ਪੰਜਾਬ ਦਿਵਸ ਵਜੋਂ ਜਾਣਿਆ ਜਾਂਦਾ ਹੈ। ਪੁਰਾਣੇ ਪੰਜਾਬ ਨੂੰ ਵੱਖਰਾ ਹਰਿਆਣਾ ਬਣਾ ਦਿੱਤਾ ਗਿਆ ਸੀ। ਪੰਜਾਬੀ ਭਾਸ਼ਾ ਦੇ ਆਧਾਰ ਉੱਤੇ ਸੂਬਾ ਬਣਾਏ ਜਾਣ ਦੀ ਮੰਗ ਲਈ ਵੱਡਾ ਅੰਦੋਲਨ ਕੀਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਜੇਲ੍ਹ ਗਏ ਤੇ ਅਨੇਕਾਂ ਨੇ ਕੁਰਬਾਨੀਆਂ ਦਿੱਤੀਆਂ। ਉਸ ਸਮੇਂ ਇਸ 'ਚ 17 ਜਿਲੇ ਤੇ 83 ਤਹਿਸੀਲਾਂ ਸਨ ਜਦ ਕਿ ਮੌਜੂਦਾ ਸਮੇਂ ਦੌਰਾਨ ਅਜੋਕੇ ਪੰਜਾਬ 'ਚ 22 ਜਿਲੇ, 22 ਤਹਿਸੀਲਾਂ ਤੇ 87 ਸਬ ਤਹਿਸੀਲਾਂ ਹਨ। ਪੰਜਾਬ ਅਤੇ ਹਰਿਆਣੇ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਹੈ। ਪੰਜਾਬੀ ਇੰਗਲੈਂਡ 'ਚ ਦੂਜੀ, ਕੈਨੇਡਾ ਵਿੱਚ ਤੀਜੀ, ਏਸ਼ੀਆ ਦੀ ਚੌਥੀ ਅਤੇ ਦੁਨੀਆ ਦੀ ਦਸਵੀਂ ਸਭ ਤੋ ਜਿਆਦਾ ਬੋਲੀ ਜਾਣ ਵਾਲੀ ਭਾਸ਼ਾ ਹੈ। ਭਾਰਤੀ ਪੰਜਾਬ ਦੀਆਂ ਉਪ ਬੋਲੀਆਂ ਮਾਝੀ, ਮਲਵਈ, ਦੋਆਬੀ ਅਤੇ ਪੁਆਧੀ ਹਨ। ਆਧੁਨਿਕ ਪੰਜਾਬ ਜਨ-ਸੰਖਿਆ ਪੱਖੋਂ 16ਵੇਂ ਸਥਾਨ ਅਤੇ ਖੇਤਰ ਫਲ ਪੱਖੋਂ 20ਵੇਂ ਸਥਾਨ 'ਤੇ ਹੈ। ਪੰਜਾਬ ਦਾ ਰਾਜਸੀ ਜਾਨਵਰ ਕਾਲਾ ਹਿਰਨ, ਪੰਛੀ ਬਾਜ, ਦਰਖ਼ਤ ਟਾਹਲੀ, ਰਾਜ ਖੇਡ ਸਰਕਲ ਸਟਾਈਲ ਕਬੱਡੀ ਅਤੇ ਰਾਜ ਭਾਸ਼ਾ ਪੰਜਾਬੀ ਹੈ। ਪੰਜਾਬ ਵਿੱਚ ਜਿਆਦਾਤਰ ਦੋ ਹੀ ਰਾਜਸੀ ਪਾਰਟੀਆਂ ਦਾ ਬੋਲਬਾਲਾ ਰਿਹਾ, ਕਾਂਗਰਸ ਜਾਂ ਫਿਰ ਅਕਾਲੀ। ਮੌਜੂਦਾ ਸਮੇਂ ਵਿੱਚ ਪੰਜਾਬ ਦੇ ਰਾਜ ਪਾਲ ਵੀ.ਪੀ. ਸਿੰਘ ਬਦਨੌਰ ਹਨ ਅਤੇ ਮੁੱਖ਼ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੋ ਹੁਣ ਤੱਕ ਦੂਜੀ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ ਹਨ।

ਪੰਜਾਬ ਦੇ ਇਤਿਹਾਸ ਤੇ ਬੜੇ ਦਰਦਨਾਕ ਝੱਖੜ ਝੁੱਲੇ ਹਨ, ਜਿਨ੍ਹਾਂ ਦਾ ਜਿਕਰ ਹੁੰਦਿਆਂ ਹੀ ਅੱਖਾਂ ਨਮ ਹੋ ਜਾਦੀਆਂ ਹਨ। ਪੰਜਾਬ ਦੇ ਲੋਕਾਂ ਨੂੰ ਕਈ ਦਹਾਕੇ ਦਹਿਸ਼ਤ ਦੇ ਸਾਏ ਅੰਦਰ ਜਿੰਦਗੀ ਗੁਜ਼ਾਰਨੀ ਪਈ।

ਪੰਜਾਬ ਨੂੰ ਯੂਨਾਨੀਆਂ, ਮੱਧ ਏਸ਼ੀਆਈਆ, ਅਫਗਾਨੀਆਂ ਅਤੇ ਈਰਾਨੀਆਂ ਲਈ ਭਾਰਤੀ ਉਪ-ਮਹਾਦੀਪ ਦਾ ਪ੍ਰਵੇਸ਼ ਦੁਆਰ ਦੇ ਰੂਪ 'ਚ ਜਾਣਿਆ ਜਾਂਦਾ ਰਿਹਾ ਹੈ। ਇਸੇ ਰਸਤੇ ਬਹੁਤੇ ਹਮਲਾਵਰ ਭਾਰਤ ਵਿੱਚ ਦਾਖਲ ਹੋਏ। ਭਾਰਤ ਦੀ ਵੰਡ ਨੇ ਪੰਜਾਬ ਦੀ ਹਿੱਕ ਚੀਰ ਕੇ ਰੱਖ ਦਿੱਤੀ ਕਿਉਂਕਿ ਪੰਜਾਬ ਦੇ ਦੋ ਟੋਟੇ ਹੋ ਗਏ। ਪੰਜਾਬ ਦਾ ਇੱਕ ਹਿੱਸਾ ਭਾਵ ਲਹਿੰਦਾ ਪੰਜਾਬ ਪਾਕਿਸਤਾਨ 'ਚ ਅਤੇ ਦੂਜਾ ਹਿੱਸਾ ਚੜ੍ਹਦਾ ਪੰਜਾਬ ਭਾਰਤ 'ਚ ਵੰਡਿਆ ਗਿਆ।ਪੰਜਾਬ ਫਾਰਸੀ ਭਾਸ਼ਾ ਦੇ ਦੋ ਸ਼ਬਦਾਂ ਪੰਜ ਅਤੇ ਆਬ ਦੇ ਸੁਮੇਲ ਨਾਲ ਬਣਿਆ, ਜਿਸ ਤੋ ਭਾਵ ਹੈ ਪੰਜ ਪਾਣੀ। ਇਸ ਦਾ ਸ਼ਾਬਦਿਕ ਅਰਥ ਹੈ ਪੰਜ ਪਾਣੀਆਂ ਜਾ ਦਰਿਆਵਾਂ ਦੀ ਧਰਤੀ। ਇਨ੍ਹਾਂ ਪੰਜ ਦਰਿਆਵਾਂ 'ਚ ਸਤਲੁਜ, ਬਿਆਸ, ਰਾਵੀ, ਚਨਾਬ ਅਤੇ ਜਿਹਲਮ ਸ਼ਾਮਲ ਹਨ। ਭਾਰਤ ਵੰਡ ਸਮੇਂ ਚਨਾਬ ਅਤੇ ਜਿਹਲਮ ਪਾਕਿਸਤਾਨੀ ਪੰਜਾਬ ਕੋਲ ਅਤੇ ਭਾਰਤੀ ਪੰਜਾਬ ਕੋਲ ਸਤਲੁਜ, ਬਿਆਸ ਅਤੇ ਰਾਵੀ ਰਹਿ ਗਏ। ਪੰਜਾਬ ਸ਼ਬਦ ਦੀ ਪਹਿਲੀ ਵਰਤੋ ਇਬਨ ਬਤੂਤਾ ਦੀਆਂ ਲਿਖਤਾਂ ਵਿੱਚ ਮਿਲਦੀ ਹੈ ਜੋ 14ਵੀਂ ਸਦੀ 'ਚ ਇਸ ਇਲਾਕੇ ਵਿੱਚ ਆਇਆ ਸੀ।ਰਿਗਵੇਦ ਵਿੱਚ ਪੰਜਾਬ ਲਈ ਪੇਟਾ ਪੋਟਾਮੀਆਂ ਸ਼ਬਦ ਵਰਤਿਆ ਹੈ।




1849 ਚ' ਪੰਜਾਬ ਨੂੰ ਅੰਗਰੇਜ਼ੀ ਰਿਆਸਤ ਵਿੱਚ ਮਿਲਾਇਆ ਗਿਆ ਸੀ। 1950 ਵਿੱਚ, ਭਾਰਤ ਭਰ ਦੇ ਭਾਸ਼ਾਈ ਸਮੂਹਾਂ ਨੇ ਵੱਖਰੇ-ਵੱਖਰੇ ਰਾਜਾ ਦੀ ਮੰਗ ਕੀਤੀ ਜਿਸ ਦਾ ਨਤੀਜਾ ਦਸੰਬਰ 1953 ਰਾਜ ਪੁਨਰ ਗਠਨ ਕਮਿਸ਼ਨ ਦੀ ਸਥਾਪਨਾ ਦੇ ਰੂਪ ਵਿੱਚ ਨਿਕਲਿਆ। 1 ਨਵੰਬਰ 1956 ਨੂੰ ਪੰਜਾਬ ਤੇ ਪੈਪਸੂ ਸੂਬਿਆਂ ਨੂੰ ਮਿਲਾ ਕੇ ਇੱਕ ਸੂਬਾ ਬਣਾ ਦਿੱਤਾ ਗਿਆ। ਪੈਪਸੂ ਭਾਵ ਪਟਿਆਲਾ ਐਂਡ ਈਸਟ ਪੰਜਾਬ ਸਟੇਟ ਯੂਨੀਅਨ। ਪੈਪਸੂ ਵਿੱਚ ਅੱਠ ਪ੍ਰਿਸਲੀ ਪ੍ਰਾਂਤ ਪਟਿਆਲਾ, ਜੀਂਦ, ਨਾਭਾ, ਫਰੀਦਕੋਟ, ਕਲਸੀਆ, ਮਲੇਰਕੋਟਲਾ, ਕਪੂਰਥਲਾ ਅਤੇ ਨਾਲਾਗੜ੍ਹ ਸੀ। ਪੈਪਸੂ 1948 ਤੋ 1956 ਤਕ ਭਾਰਤ ਦਾ ਪ੍ਰਾਂਤ ਰਿਹਾ। ਅਕਾਲੀ ਦਲ ਵੱਲੋਂ ਚਲਾਈ ਪੰਜਾਬੀ ਸੂਬਾ ਲਹਿਰ ਦੇ ਨਤੀਜੇ ਵਜੋਂ ਇੱਕ ਨਵੰਬਰ 1966 ਨੂੰ ਪੰਜਾਬੀ ਬਹੁ ਗਿਣਤੀ ਪੰਜਾਬ ਰਾਜ, ਹਿੰਦੀ ਬਹੁ ਗਿਣਤੀ ਹਰਿਆਣਾ ਰਾਜ ਅਤੇ ਸੰਘੀ ਖੇਤਰ ਚੰਡੀਗੜ੍ਹ ਦਾ ਗਠਨ ਹੋਇਆ ਅਤੇ ਪੂਰਬੀ ਪੰਜਾਬ ਦੇ ਕੁਝ ਪਹਾੜੀ ਬਹੁ ਗਿਣਤੀ ਹਿੱਸੇ ਹਿਮਾਚਲ ਪ੍ਰਦੇਸ ਨਾਲ ਮਿਲਾ ਦਿੱਤੇ ਗਏ।

ਇਹ ਨਾ ਭਰਨ ਵਾਲੇ ਜ਼ਖਮ ਹਮੇਸ਼ਾ ਚੀਸ ਬਣ ਕੇ ਰੜਕਦੇ ਰਹਿਣਗੇ। ਪਰ ਸੂਬੇ ਦਾ ਗਠਨ ਹੋਣ ਉਪਰੰਤ ਇਸ ਦੀ ਰਾਜਧਾਨੀ ਚੰਡੀਗੜ੍ਹ, ਕੁਝ ਪੰਜਾਬੀ ਬੋਲਦੇ ਇਲਾਕੇ, ਦਰਿਆਈ ਪਾਣੀ ਅਤੇ ਇਨ੍ਹਾਂ ਨਾਲ ਸਬੰਧਿਤ ਡੈਮਾਂ ਦਾ ਪ੍ਰਬੰਧ ਪੰਜਾਬ ਦੇ ਸਪੁਰਦ ਹੋਣ ਜਿਹੀਆਂ ਮੰਗਾ ਅਜੇ ਲਟਕ ਰਹੀਆਂ ਹਨ। ਹਰਿਆਣਾ ਨਾਲ ਸਬੰਧਿਤ ਮੱਦਾਂ ਤੋ ਇਲਾਵਾ ਪੰਜਾਬੀ ਭਾਸ਼ਾ ਨੂੰ ਬਣਦਾ ਸਥਾਨ, ਪੰਜਾਬ ਵਿੱਚ ਪੰਜਾਹ ਸਾਲਾਂ ਵਿੱਚ ਨਹੀਂ ਦਿੱਤਾ ਗਿਆ ਵਿੱਦਿਆ ਦੇ ਪਸਾਰ ਦਾ ਕੰਮ ਹੁਣ ਨਿੱਜੀ ਸਕੂਲਾਂ ਦੇ ਹੱਥ ਹੈ ਜੋ ਆਪਣੇ ਸਕੂਲਾਂ ਵਿੱਚ ਪੰਜਾਬੀ ਪੜ੍ਹਾਉਣੀ ਤਾਂ ਦੂਰ ਉੱਤੇ ਪੰਜਾਬੀ ਬੋਲੇ ਜਾਣ ਤੋ ਮਨਾਹੀ ਕਰਦੇ ਹਨ। ਇਸ ਤਰ੍ਹਾਂ ਮਾਤ-ਭਾਸ਼ਾ ਪੰਜਾਬੀ ਦੀ ਹੋ ਰਹੀ ਅਣਦੇਖੀ ਇੱਕ ਭਖਦਾ ਮੁੱਦਾ ਹੈ ਜਿਸ ਵੱਲ ਪੰਜਾਬ ਸਰਕਾਰ ਤੇ ਸਿੱਖਿਆ ਮੰਤਰੀ ਨੂੰ ਵਿਸੇ ਧਿਆਨ ਦੇਣ ਦੀ ਲੋੜ ਹੈ। ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਪੁਸਤਕਾਂ ਦਾ ਵੱਡਾ ਯੋਗਦਾਨ ਹੁੰਦਾ ਹੈ, ਪਰ ਪੰਜਾਬ ਸਰਕਾਰ ਦੀ ਲਾਇਬਰੇਰੀ ਲਈ ਕੋਈ ਨੀਤੀ ਨਹੀਂ ਹੈ। ਪੰਜਾਬ ਦੀਆ ਕਈ ਲਾਇਬਰੇਰੀਆਂ ਤਾਂ ਬੰਦ ਹੋਣ ਦੀ ਕਗਾਰ ਤੇ ਹਨ। ਪੰਜਾਬੀਅਤ ਦੇ ਹਿਤੈਸ਼ੀਆਂ ਨੂੰ ਅੱਜ ਵੀ ਆਸ ਹੈ ਕਿ ਸ਼ਾਇਦ ਸਰਕਾਰ ਪੰਜਾਬ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਕੋਈ ਠੋਸ ਨੀਤੀ ਬਣਾਏਗੀ, ਜਿਸ ਨਾਲ ਪੰਜਾਬ ਦੀ ਹਿੱਕ ਤੇ ਰੜਕਦੀ ਚੀਸ ਦਾ ਬੋਝ ਕੁਝ ਘਟ ਸਕੇਗਾ।

# 24 ਸਤੰਬਰ 1932 ਨੂੰ ਕੀ ਹੋਇਆ



ਕੇਵਲ ਸਿੰਘ ਹੀਰ
ਰਾਸ਼ਟਰੀ ਜਨਰਲ ਸਕੱਤਰ ਇਨਸਾਫ
91-75298-74945

ਜਦੋਂ ਤੋਂ ਦੁਨੀਆਂ ਹੋਂਦ ਵਿੱਚ ਆਈ ਉਸ ਸਮੇਂ ਤੋਂ ਹੀ ਇਨਸਾਨ ਦੀ ਇਹ ਆਦਤ ਹੈ ਕਿ ਮੇਰੇ ਤੋਂ ਅੱਗੇ ਹੋਰ ਕੋਈ ਨਾ ਹੋ ਜਾਵੇ ਸ਼ਾਇਦ ਇਸੇ ਕਰਕੇ ਹੀ ਮੰਨੂ ਮਹਾਰਾਜ ਨੇ ਇਸ ਨੂੰ ਹੋਰ ਪੱਕਾ ਕਰਦੇ ਹੋਏ ਇਨਸਾਨਾਂ ਨੂੰ ਚਾਰ ਵਰਣਾਂ (ਸ਼੍ਰੇਣੀਆਂ) ਵਿੱਚ ਵੰਡ ਦਿੱਤਾ। ਇਸ ਵੰਡ ਨੂੰ ਸਹੀ ਠਹਿਰਾਉਣ ਲਈ ਮੰਨੂ ਦੇ ਚੇਲੇ ਕਹਿੰਦੇ ਹਨ ਕਿ ਇਹ ਕੰਮਾਂ ਦੀ ਵੰਡ ਸੀ ਪਰ ਮੇਰਾ ਮੰਨਣਾ ਹੈ ਕਿ ਇਹ ਕੰਮਾਂ ਦੀ ਵੰਡ ਨਹੀਂ ਸੀ ਇਹ ਇਨਸਾਨਾਂ ਦੀ ਵੰਡ ਸੀ ਜੇਕਰ ਕੰਮਾਂ ਦੀ ਵੰਡ ਹੁੰਦੀ ਤਾਂ ਕੋਈ ਵੀ ਵਰਣ ਆਪਣਾ ਕੰਮ ਬਦਲ ਕੇ ਦੂਜੇ ਹੋਰ ਕਿਸੇ ਵਰਣ ਵਿੱਚ ਜਾ ਸਕਦਾ ਸੀ ਪਰ ਇਸ ਤਰ੍ਹਾਂ ਨਹੀਂ ਹੈ। ਮੰਨੂ ਦੇ ਮਤਾਬਿਕ ਜੋ ਚੌਥਾ ਵਰਣ ਹੈ ਜਿਸ ਨੂੰ ਸ਼ੁਦਰ ਦਾ ਦਰਜਾ ਦਿੱਤਾ ਗਿਆ ਹੈ ਉਸ ਦੇ ਕੰਮ ਬਾਰੇ ਮਨੂੰਸਿਮ੍ਰਤੀ ਦੇ ਪਹਿਲੇ ਅਧਿਆਏ ਦੇ ਸ਼ਲੋਕ 91 ਵਿੱਚ ਕਿਹਾ ਗਿਆ ਹੈ ਕਿ ਉਪਰੋਕਤ ਤਿੰਨਾਂ ਵਰਣਾਂ ਦੀ ਸੇਵਾ ਕਰਨਾ ਹੀ ਨਿਸ਼ਚਿਤ ਕੀਤਾ ਗਿਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਕੰਮ ਦੀ ਵੰਡ ਨਹੀਂ ਹੈ, ਇਹ ਤਾਂ ਇਨਸਾਨਾਂ ਦੀ ਵੰਡ ਬੜੀ ਚਲਾਕੀ ਨਾਲ ਕੀਤੀ ਗਈ ਹੈ। ਜੋ ਸਦੀਆਂ ਤੋਂ ਚਲਦੀ ਆ ਰਹੀ ਹੈ ਕਿਉਂਕਿ ਇਸ ਵਰਣ ਦੇ ਲੋਕਾਂ ਨੂੰ ਕੋਈ ਇਨਸਾਨੀ ਹੱਕ ਨਹੀਂ ਸਨ ਇਸੇ ਕਰਕੇ ਇਹ ਕਦੇ ਵੀ ਆਪਣੇ ਉਪਰ ਹੋ ਰਹੇ ਅਤਿਆਚਾਰਾਂ ਤੋਂ ਛੁਟਕਾਰਾ ਪਾਉਣ ਲਈ ਸੋਚ ਵੀ ਨਹੀਂ ਸਕੇ ਕਿਉਂਕਿ ਇਹਨਾਂ ਨੂੰ ਕਿਹਾ ਗਿਆ ਸੀ ਕਿ ਇਹ ਜੀਵਨ ਤੁਹਾਨੂੰ ਪ੍ਰਮਾਤਮਾ ਨੇ ਦਿੱਤਾ ਹੈ ਜੇਕਰ ਇੱਸ ਵਿੱਚ ਰਹਿ ਕੇ ਤੁਸੀਂ ਮਨ ਚਿਤ ਲਾ ਕੇ ਸੇਵਾ ਕਰੋ ਤਾਂ ਹੀ ਅਗਲੇ ਜਨਮ ਵਿੱਚ ਤੁਹਾਨੂੰ ਸੁੱਖ ਮਿਲੇਗਾ।

ਪਰ ਜਦੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬਡੇਕਰ ਨੇ ਇਹਨਾਂ ਦੇ ਇਸ ਤਰ੍ਹਾਂ ਦੇ ਪਾਖੰਡੀ ਗ੍ਰੰਥਾ ਦਾ ਅਧਿਐਨ ਕੀਤਾ ਤਾਂ ਫਿਰ ਉਸ ਨੇ ਇਸ ਸਮਾਜ ਨੂੰ ਮਨੂੰਵਾਦੀ ਲੋਕਾਂ ਦੀ ਗੁਲਾਮੀ ਤੋਂ ਅਜ਼ਾਦ ਕਰਾਉਣ ਲਈ ਸੰਘਰਸ਼ ਸ਼ੁਰੂ ਕੀਤਾ ਜਿਸ ਦੇ ਸਿਟੇ ਵਜੋਂ ਅੰਗਰੇਜ਼ ਸਰਕਾਰ ਨੂੰ ਵਲੈਤ ਤੋਂ ਇਕ ਕਮਿਸ਼ਨ ਜਿਸਦਾ ਨਾਂ ਸਾਈਮਨ ਕਮਿਸ਼ਨ ਸੀ ਭਾਰਤ ਭੇਜਿਆ ਤਾਂ ਜੋ ਇਥੇ ਦੇ ਅਦਿਵਾਸੀ ਲੋਕਾਂ ਨਾਲ ਮਨੂੰਵਾਦੀ ਆਰੀਅਨ ਲੋਕ ਕੀ ਸੱਚਮੁੱਚ ਹੀ ਗੈਰ ਮਨੁੱਖੀ ਵਰਤਾਓ ਕਰਦੇ ਹਨ ਇਸ ਗੱਲ ਦਾ ਜਾਇਜਾ ਲੈਣ ਲਈ ਆਇਆ। ਜਿਸ ਦੀ ਕਾਂਗਰਸ ਅਤੇ ਲਾਲਾ ਲਾਜਪਤ ਰਾਏ ਨੇ ਵਿਰੋਧ ਕੀਤਾ ਕਿਉਂਕਿ ਇਹ ਨਹੀਂ ਚਾਹੁੰਦੇ ਸੀ ਕਿ ਅੰਗਰੇਜ਼ ਸਰਕਾਰ ਨੂੰ ਅਛੂਤਾਂ ਦੀ ਅਸਲੀ ਹਾਲਤ ਦਾ ਪਤਾ ਲੱਗ ਸਕੇ। ਪਰ ਬਾਬਾ ਸਾਹਿਬ ਦੇ ਅਣਥਕ ਯਤਨਾਂ ਸਦਕਾ ਉਹ ਆਪਣੇ ਮਿਸ਼ਨ ਵਿੱਚ ਕਾਮਯਾਬ ਹੋ ਗਏ। ਜਿਸ ਦੇ ਸਿੱਟੇ ਵਲੋਂ ਅੰਗਰੇਜ਼ ਸਰਕਾਰ ਨੂੰ ਲੰਡਨ ਵਿੱਚ 1930-31, 1932 ਵਿੱਚ ਤਿੰਨ ਗੋਲ ਮੇਜ ਕਾਨਫਰੰਸਾਂ ਕੀਤੀਆਂ ਜਿਸ ਵਿੱਚ ਜਿਥੇ ਬਾਕੀ ਭਾਰਤੀਆਂ ਨੂੰ ਅਧਿਕਾਰ ਦੇਣ ਲਈ ਗੱਲਬਾਤ ਹੋਈ ਉਤੇ ਹੀ ਬਾਬਾ ਸਾਹਿਬ ਵਲੋਂ ਵੀ ਪੂਰੀ ਤਾਕਤ ਅਤੇ ਦਲੀਲ ਨਾਲ ਆਪਣੇ ਸਮਾਜ ਦੀਆਂ ਮੁਸ਼ਕਿਲਾਂ ਹਾਉਸ ਵਿੱਚ ਰੱਖੀਆਂ ਜਿਸ ਦੇ ਸਿੱਟੇ ਵਜੋਂ ਅੰਗਰੇਜ਼ ਸਰਕਾਰ ਨੇ ਸ਼ੁਦਰ ਕਹੇ ਜਾਣ ਵਾਲੇ ਲੋਕਾਂ ਨੂੰ ਜਿਥੇ ਵੋਟ ਦਾ ਹੱਕ ਦਿੱਤਾ ਉਥੇ ਨਾਲ ਹੀ ਦੇਸ਼ ਵਿੱਚ ਕੁਝ ਹਲਕੇ ਰਾਖਵੇਂ ਕਰਨ ਦਾ ਵੀ ਐਲਾਨ ਕੀਤਾ। ਇਹ ਜੋ ਕੁਝ ਹਲਕੇ ਰਾਖਵੇਂ ਕੀਤੇ ਗਏ ਸਨ ਇਹਨਾਂ ਵਿੱਚ ਰਹਿੰਦੇ ਸ਼ੁਦਰ ਵਰਗ ਦੇ ਲੋਕਾਂ ਨੂੰ ਦੋ ਵੋਟਾਂ ਪਾਉਣ ਦਾ ਅਧਿਕਾਰ ਪ੍ਰਾਪਤ ਹੋਇਆ। ਜਿਸ ਨੂੰ ਵੱਖਰੀ ਚੋਣ ਪ੍ਰਣਾਲੀ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ। ਇਹ ਇੱਕ ਬਹੁਤ ਵੱਡੀ ਪ੍ਰਾਪਤੀ ਸੀ। ਜਿਸ ਨਾਲ ਸ਼ੁਦਰ ਵਰਗ ਦੀ ਤਰੱਕੀ ਦੇ ਰਸਤੇ ਖੁੱਲ ਜਾਣੇ ਸਨ।

ਇਹ ਖਬਰ ਭਾਰਤ ਵਿੱਚ ਜੰਗਲ ਦੇ ਅੱਗ ਵਾਂਗ ਫੈਲ ਗਈ ਅਤੇ ਗਾਂਧੀਵਾਦੀਆਂ ਵਲੋਂ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿਤਾ ਇਥੋਂ ਤੱਕ ਕਿ ਗਾਂਧੀ ਜੀ ਨੇ ਪੂਨੇ ਦੀ ਜਰਵਦਾ ਜੇਲ ਵਿੱਚ ਹੀ ਮਰਨ ਵਕਤ ਰੱਖ ਦਿੱਤਾ ਅਤੇ ਐਲਾਨ ਕੀਤਾ ਕਿ ਜਦੋਂ ਤੱਕ ਸ਼ੁਦਰਾਂ ਨੂੰ ਦਿੱਤਾ ਗਿਆ ਦੋਹਰੀ ਵੋਟ ਦਾ ਹੱਕ ਵਾਪਿਸ ਨਹੀਂ ਲਿਆ ਜਾਂਦਾ ਮੈਂ ਕੁਝ ਨਹੀਂ ਖਾਵਾਂਗਾ ਅਤੇ ਇਹ ਸਾਡੇ ਰਾਸ਼ਟਰ ਪਿਤਾ ਗਾਂਧੀ ਜੀ ਦਾ ਸ਼ੁਦਰ ਵਰਗ ਨਾਲ ਪਿਆਰ ਸੀ। ਸਾਰੇ ਪਾਸਿਆਂ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਤੇ ਦਬਾਅ ਪੈਣ ਕਰਕੇ ਅੰਤ 24 ਸੰਤਬਰ 1932 ਨੂੰ ਇਕ ਸਮਝੌਤਾ ਹੋਇਆ ਜਿਸ ਨੂੰ ਪੂਨਾ ਪੈਕਟ ਦਾ ਨਾਂ ਦਿੱਤਾ ਗਿਆ ਜਿਸ ਦੇ ਤਹਿਤ ਅੱਜ ਵਾਲਾ ਰਾਜਨੀਤਿਕ ਰਾਖਵਾਂਕਰਨ ਮਿਲਿਆ ਜਿਸ ਨਾਲ ਸ਼ੁਦਰ ਸਮਾਜ ਵਿਚੋਂ ਬਣੇ ਰਾਜਨੇਤਾ ਸਿਰਫ ਆਪਣੇ ਤੱਕ ਅਤੇ ਆਪਣੀ ਪਾਰਟੀ ਦੇ ਹੀ ਵਫਾਦਾਰ ਬਣ ਕੇ ਕੰਮ ਕਰ ਰਹੇ ਹਨ ਪਰ ਸ਼ੁਦਰ ਸਮਾਜ ਜਿਸ ਵਿਚੋਂ ਉਹ ਗਏ ਹਨ ਉਸ ਵੱਲ ਮੁੜ ਕੇ ਵੀ ਨਹੀਂ ਦੇਖਦੇ।

ਆਓ ਵਿਚਾਰ ਕਰੀਏ ਕਿ ਬਾਬਾ ਸਾਹਿਬ ਨੇ ਤਾਂ ਸਾਰੀ ਜ਼ਿੰਦਗੀ ਸਮਾਜ ਲਈ ਦਿੱਤੀ ਕੀ ਅੱਜ ਸਾਡਾ ਵੀ ਸਮਾਜ ਪ੍ਰਤੀ ਕੋਈ ਫਰਜ਼ ਬਨਦਾ ਹੈ। ਦੇਸ਼ ਵਿੱਚ ਲੋਕਤੰਤਰ ਹੈ ਲੋਕਤੰਤਰ ਦਾ ਮਤਲਬ ਹੁੰਦਾ ਹੈ ਕਿ ਜਿਸ ਦੀ ਗਿਣਤੀ ਜ਼ਿਆਦਾ ਉਸ ਦਾ ਰਾਜ ਪ੍ਰਬੰਧ ਹੋਣਾ ਚਾਹੀਦਾ ਹੈ ਪਰ ਭਾਰਤ ਵਿੱਚ ਇਸ ਦੇ ਉਲਟ ਹੈ ਇਥੇ 15 ਪ੍ਰਤੀਸ਼ਤ ਵਾਲੇ ਰਾਜ ਕਰ ਰਹੇ ਹਨ ਅਤੇ 85 ਪ੍ਰਤੀਸ਼ਤ ਸਮਾਜ ਅੱਜ ਵੀ ਭਿਖਾਰੀ ਬਣਿਆ ਬੈਠਾ ਹੈ। ਆਓ ਜੇ ਬਾਬਾ ਸਾਹਿਬ ਦੇ ਸੁਪਨਿਆਂ ਦਾ ਭਾਰਤ ਬਣਾਉਣਾ ਹੈ ਤਾਂ 24 ਸਤੰਬਰ 1932 ਨੂੰ ਗਾਂਧੀ ਜੀ ਨੇ ਮਰਨ ਵਰਤ ਰੱਖ ਕੇ ਜੋ ਖੋਹ ਲਿਆ ਸੀ ਉਸ ਨੂੰ ਛੱਡ ਕੇ ਅੱਜ ਜੇਕਰ ਦਲਿਤ ਪਿਛੜੇ ਸਮਾਜ ਦੇ ਹੱਕਾਂ ਲਈ ਲੜਾਈ ਲੜਨੀ ਹੈ ਤਾਂ ਫਿਰ ਅੱਜ ਸਾਨੂੰ ਰਾਖਵਾਂਕਰਨ ਨਹੀਂ ਹਿੱਸੇਦਾਰੀ ਪ੍ਰਾਪਤ ਕਰਨ ਲਈ ਸੰਘਰਸ਼ ਲਈ ਤਿਆਰ ਹੋਣਾ ਪਵੇਗਾ। ਦੇਸ਼ ਵਿੱਚ ਜਾਤੀ ਅਧਾਰਿਤ ਜਨ ਗਣਨਾ ਕਰਵਾਈ ਜਾਵੇ ਅਤੇ ਹਰ ਜਾਤੀ ਨੂੰ ਉਸ ਦੀ ਅਬਾਦੀ ਦੇ ਅਨੁਪਾਤ ਵਿੱਚ ਰਾਜਨੀਤੀ, ਕੱਲ-ਕਾਰਖਾਨੇ, ਧੰਨ ਦੌਲਤ, ਉਦਯੋਗ, ਵਿਉਪਾਰ ਅਤੇ ਨੌਕਰੀਆਂ ਵਿੱਚ ਉਪਰ ਤੋਂ ਹੇਠਾਂ ਤੱਕ ਬਣਦਾ ਹਿੱਸਾ ਦਿੱਤਾ ਜਾਵੇ ਤਾਂ ਹੀ ਦੇਸ਼ ਖੁਸ਼ਹਾਲ ਹੋ ਸਕੇਗਾ। ਕਿਉਂਕਿ ਬਾਬਾ ਸਾਹਿਬ ਵੀ ਰਾਖਵੇਂਕਰਨ ਦੇ ਹੱਕ ਵਿੱਚ ਨਹੀਂ ਸਨ ਉਹ ਵੀ ਹਿੱਸੇਦਾਰੀ ਹੀ ਚਾਹੁੰਦੇ ਸਨ। ਪਰ ਗਾਂਧੀ ਨੇ ਧੋਖੇ ਨਾਲ ਰਾਖਵਾਂਕਰਨ ਦਿੱ

**ਦਸ਼ਾਹਿਰਾ ਜਾਂ ਵਿਜੇ ਦਸ਼ਮੀ**

ਸ਼ੂਦਰ ਸਮਾਜ ਜੋ ਵੱਖ ਵੱਖ ਧਰਮਾਂ ਵਿੱਚ ਵੰਡਿਆ ਹੋਣ ਕਰਕੇ ਆਪਸ ਵਿੱਚ ਕੋਈ ਨੇੜਤਾ ਜਾਂ ਸਬੰਧ ਇੱਕ ਦੂਜੇ ਨਾਲ ਨਹੀਂ ਰੱਖ ਰਿਹਾ। ਮਨੂਵਾਦੀਆਂ ਦੀ ਸਾਜ਼ਿਸ਼ ਕਾਮਯਾਬ ਹੋ ਰਹੀ ਹੈ। ਹਜ਼ਾਰਾਂ ਸਾਲਾਂ ਤੋਂ ਇਸੇ ਤਰ੍ਹਾਂ ਹੀ ਚਲਦਾ ਆ ਰਿਹਾ ਹੈ। ਸਾਰੇ ਜਾਤਾਂ ਤੇ ਧਰਮਾਂ ਦੇ ਲੋਕ ਆਪਣੇ ਆਪਣੇ ਫਿਰਕੇ ਨੂੰ ਇੱਕ ਦੂਜੇ ਤੋਂ ਉੱਚਾ ਮੰਨ ਰਹੇ ਹਨ। ਕਿਉਂਕਿ ਮਨੂਵਾਦੀ ਲੋਕਾਂ ਨੇ ਇਨ੍ਹਾਂ ਦੇ ਦਿਮਾਗ ਵਿੱਚ ਇਹੋ ਹੀ ਭਰਿਆ ਹੋਇਆ ਹੈ। ਪਰ ਬਾਬਾ ਸਾਹਿਬ ਦੀ ਕੋਸ਼ਿਸ਼ ਸੀ ਕਿ ਜੇਕਰ ਇਨ੍ਹਾਂ ਲੋਕਾਂ ਵਿੱਚ ਏਕਤਾ ਪੈਦਾ ਕਰਨੀ ਹੈ ਤਾਂ ਆਪਣਾਪਨ ਪੈਦਾ ਕਰਨਾ ਪਵੇਗਾ ਤਾਂ ਫਿਰ ਇਨ੍ਹਾਂ ਨੂੰ ਇਕ ਧਰਮ ਵਿੱਚ ਲਿਆਉਣਾ ਪਵੇਗਾ। ਪਰ ਇਸ ਤੋਂ ਪਹਿਲਾਂ ਇਨ੍ਹਾਂ ਵੱਖ ਵੱਖ ਫਿਰਕਿਆਂ ਨੂੰ ਇੱਕ ਕਰਨਾ ਹੋਵੇਗਾ ਜਿਸ ਨੂੰ ਅਮਲੀ ਰੂਪ ਦੇਣ ਲਈ ਜੋ 1932 ਵਿੱਚ ਪੂਨਾ ਪੈਕਟ ਹੋਇਆ ਉਸ ਨੂੰ ਲਾਗੂ ਕਰਨ ਲਈ ਅਛੂਤ ਕਹੀਆਂ ਜਾਣ ਵਾਲੀਆਂ ਜਾਤੀਆਂ ਦਾ ਇੱਕ ਸ਼ਡਿਊਲ 1934 ਵਿੱਚ ਅੰਗਰੇਜ਼ ਗੌਰਮਿੰਟ ਵਲੋਂ ਬਣਾਇਆ ਗਿਆ। ਇਹ ਅਛੂਤ ਜਾਤੀਆਂ ਨੂੰ ਇੱਕਠੇ ਕਰਨ ਦਾ ਬਾਵਾ ਸਾਹਿਬ ਦਾ ਇੱਕ ਉਪਰਾਲਾ ਸੀ।

ਬਾਬਾ ਸਾਹਿਬ ਵਲੋਂ 1935 ਵਿੱਚ ਇਹ ਐਲਾਨ ਕੀਤਾ ਗਿਆ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਇਹ ਮੇਰੀ ਵੱਸ ਦੀ ਗੱਲ ਨਹੀਂ ਪਰ ਮੈਂ ਹਿੰਦੂ ਮਰਾਂਗਾ ਨਹੀਂ। ਇਸ ਗੱਲ ਨੂੰ ਪੂਰਾ ਕਰਨ ਲਈ ਬਾਬਾ ਸਾਹਿਬ ਵਲੋਂ ਦੁਨੀਆਂ ਦੇ ਵੱਖ ਵੱਖ ਧਰਮਾਂ ਦੀ ਖੋਜ ਕੀਤੀ। ਆਪ ਇਕ ਇਹੋ ਜਿਹੇ ਧਰਮ ਨੂੰ ਅਪਨਾਉਣਾ ਚਾਹੁੰਦੇ ਸਨ ਜੋ ਕਰਾਮਾਤਾਂ, ਆਤਮਾ-ਪ੍ਰਮਾਤਮਾ ਅਤੇ ਪੂਨਰ ਜਨਮ ਵਿਚ ਵਿਸ਼ਵਾਸ ਨਾ ਰੱਖਦਾ ਹੋਵੇ ਅਤੇ ਸਿਰਫ ਤਾਂ ਸਿਰਫ ਇਨਸਾਨੀਅਤ ਦੇ ਭਲੇ ਹੀ ਕੰਮ ਕਰਦਾ ਹੋਵੇ। ਇਸੇ ਲੜੀ ਵਿੱਚ ਸਿੱਖ ਧਰਮ ਦੀ ਵੀ ਖੋਜ ਕੀਤੀ ਅਤੇ ਇਕ ਵਾਰ ਤਾਂ ਸਿੱਖ ਬਣਨ ਦਾ ਮਨ ਵੀ ਬਣਾ ਲਿਆ ਪਰ ਜਦੋਂ ਉਨ੍ਹਾਂ ਨੇ ਹੋਰ ਨੇੜੇ ਹੋ ਕੇ ਦੇਖਿਆ ਤਾਂ ਉਨ੍ਹਾਂ ਨੂੰ ਇਸ ਧਰਮ ਵਿੱਚ ਮਨੂਵਾਦੀ ਸੋਚ ਹੀ ਦਿਖਾਈ ਦਿੱਤੀ। ਜੋ ਅੱਜ ਪ੍ਰਚੰਡ ਧਾਰ ਗਈ ਹੈ। ਜਿਸ ਦੇ ਸਿੱਟੇ ਵਜੋਂ ਅੱਜ ਪਿੰਡਾਂ ਸ਼ਹਿਰਾਂ ਵਿੱਚ ਵੱਖ ਵੱਖ ਜਾਤਾਂ ਦੇ ਨਾਮ ਤੇ ਗੁਰੂ ਘਰ ਬਣਾਏ ਹੋਏ ਹਨ। ਕੀ ਇਹ ਬਾਬੇ ਨਾਨਕ ਦਾ ਧਰਮ ਹੈ। ਉਸ ਨੇ ਤਾਂ ਸਾਰੀ ਲੁਕਾਈ ਲਈ ਇੱਕੋ ਹੀ ਉਪਦੇਸ਼ ਦਿੱਤਾ ਸੀ ਕਿ -ਅੱਵਲ-ਅੱਲਾ-ਨੂਰ ਉਪਾਇਆ, ਕੁਦਰਤ ਕੇ ਸਬ ਬੰਦੇ, ਏਕ ਨੂਰ ਤੇ ਸਬ ਜੱਗ ਉਪਜਿਆ ਕੌਨ ਭਲੇ ਕੌ ਮੰਦੇ। ਕੀ ਅੱਜ ਸਿੱਖ ਧਰਮ ਦੇ ਠੇਕੇਦਾਰ ਉਸ ਗੱਲ ਨੂੰ ਭੁਲ ਗਏ ਹਨ? ਮੈਂ ਗੱਲ ਕਰ ਰਿਹਾ ਸੀ ਬਾਬਾ ਸਾਹਿਬ ਦੀ ਕਿ ਉਹ ਦੱਬੇ ਕੁਚਲੇ ਲੋਕਾਂ ਇੱਕ ਐਸੇ ਧਰਮ ਦੀ ਖੋਜ ਵਿੱਚ ਸਨ ਜੋ ਇਨਸਾਨੀਅਤ ਦੇ ਭਲੇ ਲਈ, ਜਿਸ ਵਿੱਚ ਅਡੰਬਰ ਨਾ ਹੋਵੇ ਅਤੇ ਇਸ ਦੀ ਵਿਸ਼ੇਸ਼ ਗੱਲ ਇਹ ਹੈ ਕਿ ਉਹ ਭਾਰਤ ਦਾ ਹੀ ਧਰਮ ਹੋਵੇ ਤਾਂ ਫਿਰ ਉਨ੍ਹਾਂ ਨੇ ਤਥਾਗਤ ਬੁੱਧ ਨੂੰ ਪੜ੍ਹਿਆ ਅਤੇ ਉਸ ਤੇ ਚੰਗੀ ਤਰ੍ਹਾਂ ਵਿਚਾਰ ਕੀਤਾ ਕਿ ਇਸ ਧਰਮ ਨੂੰ ਭਾਰਤ ਵਿਚੋਂ ਖਤਮ ਕਿਉਂ ਕੀਤਾ ਗਿਆ ਤਾਂ ਆਪ ਇਸ ਨਤੀਜੇ ਤੇ ਪਹੁੰਚੇ ਕਿ ਇਹੀ ਇੱਕ ਧਰਮ ਸੀ ਜਿਸ ਨੇ ਮਨੂਵਾਦੀ ਦੀ ਜੱੜ੍ਹ ਹਿੱਲਾ ਕੇ ਰੱਖ ਦਿੱਤੀਆਂ ਸਨ। ਇਸ ਧਰਮ ਦੀ ਆਪਣੀ ਵੱਖਰੀ ਅਤੇ ਵਿਗਿਆਨਕ ਸੋਚ ਕਰਕੇ ਹੀ ਇੱਹ ਧਰਮ ਦੁਨੀਆਂ ਦੇ ਹੋਰ ਦੇਸ਼ਾਂ ਨੇ ਵੀ ਅਪਨਾਇਆ। ਤਾਂ ਆਪ ਨੇ ਸੋਚਿਆ ਕਿ ਕਿਉਂ ਨਾ ਇਸ ਨੂੰ ਦੁਬਾਰਾ ਸੁਰਜੀਤ ਕੀਤਾ ਜਾਵੇ। 14 ਅਕਤੂਬਰ 1956 ਵਾਲੇ ਦਿਨ ਨਾਗਪੁਰ ਦੀ ਪਵਿੱਤਰ ਧਰਤੀ ਤੇ ਆਪ ਅਤੇ ਆਪਣੇ ਲੱਖਾਂ ਸ਼ਰਧਾਲੂਆਂ ਦੇ ਨਾਲ ਆਪ ਨੇ ਬੁੱਧ ਧਰਮ ਦੀ ਦਿਖਸ਼ਿਆ ਲਈ। ਇਸ ਮੌਕੇ ਤੇ ਬੋਲਦਿਆਂ ਬਾਬਾ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਇੱਛਾ ਪੂਰੀ ਕਰ ਲਈ ਹੈ।

ਆਪ ਨੇ ਕਿਹਾ ਕਿ ਅੱਜ ਮੇਰਾ ਦੂਸਰਾ ਜਨਮ ਹੋਇਆ ਹੈ। ਮੈਂ ਬੁੱਧ ਦੀ ਸ਼ਰਣ ਵਿੱਚ ਚਲਾ ਗਿਆ ਹਾਂ। ਇਸ ਦਿਨ ਨੂੰ ਵਿਜੇ ਦਸ਼ਮੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਲਈ ਦਲਿਤ ਸੋਸ਼ਿਤ ਸਮਾਜ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਮਹਾਨ ਦਿਨ ਦੀ ਮਹਾਨਤਾ ਨੂੰ ਸਮਝਦੇ ਹੋਏ ਦੁਸ਼ਹਰੇ ਨੂੰ ਛੱਡ ਕੇ ਵਿਜੇ ਦਸ਼ਮੀ ਦਾ ਤਿਉਹਾਰ ਮਨਾਉਣਾ ਚਾਹੀਦਾ ਹੈ।

# ਗੁਰਬਾਣੀ ਦੇ ਚਾਨਣ ਵਿੱਚ ਵਿਸ਼ਕਰਮਾਂ ਡੇ ਤੇ ਮਿਥਿਹਾਸਕ ਮਨੌਤਾਂ

**(ਸਫਾ 6 ਦੀ ਬਾਕੀ)**

ਵਿਸ਼ਕਰਮਾਂ ਨੂੰ ਮੰਨਦੇ ਹਨ। ਸਿੱਖਾਂ ਵਿੱਚ ਹਥਿਆਰ ਬਨਾਉਣ ਵਾਲੇ ਤਾਂ ਸਿਕਲੀਗਰ ਵਣਜਾਰੇ ਸਿੱਖ ਸਨ ਜੋ ਵਿਸ਼ਕਰਮਾਂ ਦੀ ਥਾਂ ਗੁਰੂ ਨਾਨਕ ਤੇ ਵਿਸ਼ਵਾਸ਼ ਕਰਦੇ ਹਨ। ਪਰ ਸਿੱਖ ਕਾਰੀਗਰ ਤੇ ਤਰਖਾਨ ਤਬਕਾ ਜੋ ਭਾਈ ਲਾਲੋ ਤੇ ਸ੍ਰ. ਜੱਸਾ ਸਿੰਘ ਰਾਮਗੜੀਏ ਦਾ ਵਾਰਸ ਹੈ ਅੱਜ ਅੱਡੀ-ਚੋਟੀ ਤੇ ਧੂੰਮ-ਧੜੱਕੇ ਨਾਲ ਅਖੌਤੀ ਵਿਸ਼ਕਰਮਾਂ, ਜਿਸ ਦੀਆਂ ਕਈ ਬਾਹਵਾਂ ਤੇ ਆਲੇ ਦੁਆਲੇ ਜਵਾਨ ਲੜਕੀਆਂ ਖੜੀਆਂ ਹਨ, ਦੇ ਵਿਸ਼ਕਰਮਾਂ ਡੇ (ਤੇ ਹੁਣ ਗੁਰ ਪੁਰਬ) ਕਹਿ ਵੀ ਮਨਾ ਰਿਹਾ ਹੈ। ਸਾਰੇ ਨਹੀਂ ਬਹੁਤੇ ਗੁਰਰਦੁਵਾਰਿਆਂ ਦੇ ਪ੍ਰਬੰਧਕ ਨੱਕ ਰਖਾਈ, ਗੋਲਕ ਭਰਾਈ ਅਤੇ ਚੌਧਰ ਖਾਤਰ ਆਪਣੀ ਪ੍ਰਬੰਧਕ ਤਾਕਤ ਨਾਲ ਐਸੇ ਕਰਮਕਾਂਡੀ, ਮਿਥਿਹਾਸਕ ਬ੍ਰਾਹਮਣੀ ਮਨੌਤਕ ਤਿਉਹਾਰ ਗੁਰਦਵਾਰਿਆਂ ਵਿੱਚ ਵਾੜੀ ਜਾ ਰਹੇ ਹਨ ਜਦ ਕਿ ਗੁਰਬਾਣੀ ਇਨ੍ਹਾਂ ਨੂੰ ਕਰਮ ਧਰਮ ਪਾਖੰਡ ਦਸਦੀ ਹੈ-ਕਰਮ ਧਰਮ ਪਾਖੰਡ ਜੋ ਦੀਸਹਿ ਤਿੰਨ ਜਮੁ ਜਾਗਾਤੀ ਲੂਟੈ॥(੭੪੮) ਭਲਿਓ ਸਤਿਕਾਰ ਸਾਰਿਆਂ ਦਾ ਕਰੋ ਜੇ ਉਹ ਆਪਣੇ ਮੰਦਰਾਂ ਮੱਠਾ ਅਤੇ ਡੇਰਿਆਂ ਵਿੱਚ ਮਨਾਉਂਦੇ ਹਨ ਉਨ੍ਹਾਂ ਨੂੰ ਮੁਬਾਰਕ। ਹਾਂ ਜੇ ਉਹ ਤੁਹਾਨੂੰ ਓਥੇ ਸੱਦਦੇ ਹਨ ਤਾਂ ਭਾਈਚਾਰਕ ਤੌਰਤੇ ਜਾ ਸਕਦੇ ਹੋ ਨਾ ਕਿ ਵਿਸ਼ਵਾਸ਼ ਕਰਕੇ। ਜੇ ਸਾਰੇ ਭਾਈ ਚਾਰੇ ਬਰਾਬਰ ਹਨ ਤਾਂ ਇਕੱਲੇ ਬ੍ਰਾਹਮਣੀ ਤਿਉਹਾਰ ਹੀ ਕਿਉਂ ਫਿਰ ਮੁਸਲਮਾਨੀ ਤਿਉਹਾਰ ਕਿਉਂ ਨਹੀ ਮਨਾਏ ਜਾਂਦੇ? ਕਦੇ ਤੁਸੀ ਹਿੰਦੂਆਂ ਨੂੰ ਮੁਸਲਮਾਨ ਤੇ ਮੁਸਲਮਾਨਾਂ ਨੂੰ ਹਿੰਦੂ ਤਿਉਹਾਰ ਮਨਾਉਂਦੇ ਦੇਖਦੇ ਹੋ?

ਸਿੱਖ ਇੱਕ ਵੱਖਰੀ, ਵਿਲੱਖਣ ਅਤੇ ਬਹਾਦਰ ਕੌਮ ਹੈ। ਇਸ ਦੇ ਗ੍ਰੰਥ, ਪੰਥ, ਰੀਤੀ ਰਵਾਜ, ਰਹਿਣ ਸਹਿਣ, ਬੋਲੀ, ਦਸਤਾਰ, ਗੁਫਤਾਰ ਅਤੇ ਤਿਉਹਾਰ ਵੀ ਵਿਲੱਖਨ ਹਨ। ਸਿੱਖਾਂ ਦਾ ਨਾਨਕਸ਼ਾਹੀ ਕਲੰਡਰ ਨਾਂ ਕਿ ਬ੍ਰਾਹਮਣਾ ਦਾ ਬਣਾਇਆ ਬਿਕਰਮੀ ਕਲੰਡਰ ਹੈ। ਸਿੱਖ ਨੇ ਤਾਂ ਬਾਕੀਆਂ ਨੂੰ ਗੁਰੂ ਗਿਆਨ ਨਾਲ ਅਗਿਆਨਤਾ ਚੋਂ ਕੱਢਣਾ ਸੀ ਜੋ ਆਪ ਹੀ ਉਨ੍ਹਾਂ ਨਾਲ ਰਲਦਾ ਜਾ ਰਿਹਾ ਹੈ। ਜੇ ਭਗਤ ਤੇ ਸਿੱਖ ਗੁਰੂ ਬ੍ਰਾਹਮਣੀ ਮੰਦਰਾਂ, ਮੱਠਾਂ ਅਤੇ ਮੁਸਲਮਾਨੀ ਮਸਜਿਦਾਂ ਵਿੱਚ ਗਏ ਵੀ ਤਾਂ ਓਥੇ ਜਾ ਕੇ ਸਰਬਸਾਂਝਾਂ ਰੱਬੀ ਉਪਦੇਸ਼ ਦਿੱਤਾ ਨਾਂ ਕਿ ਉਨ੍ਹਾਂ ਦੇ ਅਗਿਆਨਤਾ ਵਾਲੇ ਕਰਮਕਾਡਾਂ ਤੇ ਤਿਉਹਾਰਾਂ ਨੂੰ ਮਾਨਤਾ ਦਿੱਤੀ। ਫਿਰ ਕਹੁਗੇ ਕਿ ਬਾਕੀ ਧਰਮਾਂ ਦੇ ਲੋਕ ਗੁਰਦੁਆਰ ਕਿਉਂ ਆਉਂਦੇ ਹਨ? ਉਹ ਇਸ ਕਰਕੇ ਕਿ ਗੁਰੂ ਗ੍ਰੰਥ ਸਭ ਦਾ ਸਾਂਝਾ ਤੇ ਸਭ ਨੂੰ ਬਰਾਬਰਤਾ ਦਾ ਉਪਦੇਸ਼ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਖੇ ਸੱਚ ਦੇ ਪੁਜਾਰੀ ਹਿੰਦੂ ਭਗਤਾਂ ਅਤੇ ਸੂਫੀ ਮੁਸਲਮਾਨਾਂ ਦੀ ਬਾਣੀ ਸੁਭਾਇਮਾਨ ਹੈ। ਗੁਰੂ ਕਿਸੇ ਨਾਲ ਨਫਰਤ ਨਹੀਂ ਕਰਦਾ ਸਗੋਂ ਭੁਲਿਆਂ ਭਟਕਿਆਂ ਨੂੰ ਰੱਬੀ ਰਾਹੇ ਪਾਉਂਦਾ ਹੈ-ਭੂਲੇ ਮਾਰਗੁ ਜਿਨਹਿ ਬਤਾਇਆ॥ ਐਸਾ ਗੁਰੁ ਵਡਭਾਗੀ ਪਾਇਆ॥ ਅਤੇ ਭੂਲੇ ਕਉ ਗੁਰਿ ਮਾਰਗਿ ਪਾਇਆ॥ ਅਵਰ ਤਿਆਗਿ ਹਰਿ ਭਗਤੀ ਲਾਇਆ॥(੯੬੪) ਸਿੱਖ ਭੁੱਲ ਸਕਦਾ ਹੈ ਪਰ ਉਸ ਨੂੰ ਸਿੱਧੇ ਮਾਰਗ ਗੁਰੂ ਗਿਆਨ ਪਾਉਂਦਾ ਹੈ ਨਾਂ ਕਿ ਵਿਸ਼ਕਰਮਾਂ ਵਰਗੇ ਮਿਥਿਹਾਸਕ ਦੇਵੀ ਦੇਵਤੇ, ਦਰਗਾਹੀ ਪੀਰ ਜਾਂ ਕੋਈ ਅਖੌਤੀ ਬ੍ਰਹਮ ਗਿਆਨੀ ਡੇਰੇਦਾਰ ਸੰਤ?

ਜਦ ਬਾਬਾ ਗੁਰੂ ਨਾਨਕ ਜੀ ਭਾਈ ਲਾਲੋ ਤਰਖਾਣ ਦੇ ਘਰ ਗਏ ਤਾਂ ਉਹ ਉਸ ਵੇਲੇ ਕਿਲੇ ਘੜ੍ਹ ਰਿਹਾ ਸੀ ਤਾਂ ਬਾਬੇ ਆਖਿਆ ਭਲਿਆ ਸਾਰੀ ਉਮਰ ਕਿਲੇ ਹੀ ਘੜ੍ਹਦਾ ਰਹੇਂਗਾ ਜਾਂ ਕਦੇ ਮਨ ਨੂੰ ਵੀ ਘੜੇਂਗਾ? ਜੀ ਹਜ਼ੂਰ! ਇਹ ਕਿੱਲ੍ਹੇ ਘੜ੍ਹਨ ਦੀ ਕਾਰ ਤਾਂ ਮੈਂ ਆਪਣੇ ਮਾਂ ਬਾਪ ਵਡੇਰਿਆਂ ਤੋਂ ਸਿੱਖੀ ਪਰ ਮਨਘੜ੍ਹਨਾ ਕਿਸੇ ਨਹੀਂ ਸਖਾਇਆ ਤਾਂ ਗੁਰੂ ਜੀ ਨੇ ਗੁਰਸ਼ਬਦ ਗਿਆਨ ਦੇ ਤੇਸੇ ਨਾਲ ਹਰ ਰੋਜ ਮਨ ਘੜ੍ਹਨ ਦੀ ਜਾਚ ਭਾਈ ਲਾਲੋ ਨੂੰ ਸਿਖਾ ਦਿੱਤੀ ਤੇ ਅੱਗੇ ਪੀੜ੍ਹੀ ਦਰ ਪੀੜ੍ਹੀ ਇਹ ਸਿਖਲਾਈ ਚਲਦੀ ਰਹੀ ਪਰ ਪਤਾ ਨਹੀਂ ਕਿਹੜੇ ਵੇਲੇ ਜਾਂ ਮਹੰਤ ਡੇਰੇਡਾਰ ਦੌਰ ਵੇਲੇ ਇਸ ਸਿਖਲਾਈ ਤੇ ਕਾਂਸ਼ੀ ਤੋਂ ਪੰਜ ਸਿੱਖ ਪੜ੍ਹਾਉਣ ਦੇ ਨਾਂ 'ਤੇ ਸੰਪ੍ਰਾਈਆਂ ਨੇ, ਗੁਰੂ ਗਿਆਨ ਦੀ ਸਿਖਲਾਈ ਥਾਂ ਮਿਥਿਹਾਸਕ ਬ੍ਰਾਹਮਣੀ ਤੇ ਆਪੂੰ ਬਣੇ ਸਾਧਾਂ ਸੰਤਾਂ ਦੀਆਂ ਕਥਾ ਕਹਾਣੀਆਂ ਜੋੜ ਕੇ, ਸਾਨੂੰ ਆਪਣੇ ਵਡਮੁੱਲੇ ਵਿਰਸੇ ਅਤੇ ਗੁਰੂ ਗਿਆਨ ਨਾਲੋਂ ਤੋੜ ਦਿੱਤਾ। ਕਥਾਕਾਰ ਸੰਤਾਂ, ਰਾਗੀ, ਢਾਡੀ, ਗ੍ਰੰਥੀ, ਪ੍ਰਚਾਰਕਾਂ ਨੇ ਵੀ ਖੂਬ ਚਿਟਕਾਰੇ ਲਾ ਲਾ ਸਿੱਖ ਸੰਗਤਾਂ ਵਿੱਚ ਇਹ ਮਿਥਿਹਾਸਕ ਕਥਾ ਪਰੋਸੀਆਂ ਤੇ ਮਾਇਆ ਨਾਲ ਖੀਸੇ ਭਰ ਭਰ ਮਹਿਲ ਮਾੜੀਆਂ ਉਸਾਰ ਲਏ।

ਇਸ ਵਿੱਚ ਉੱਚਕੋਟੀ ਦੇ ਡੇਰੇਦਾਰ, ਕਥਾਕਾਰ ਤੇ ਪ੍ਰਚਾਰਕ ਵੀ ਪਿੱਛੇ ਨਹੀਂ ਰਹੇ, ਜਿੰਨ੍ਹਾਂ ਦੇ ਕੁਰਾਹੇ ਪਾਉਣ ਵਾਲੇ ਕਥੱਕੜ ਗਿਆਨ ਤੇ ਅਫਸੋਸ ਹੀ ਕੀਤਾ ਜਹਾ ਸਕਦਾ ਹੈ। ਅਖੀਰ 'ਤੇ ਦਾਸ ਦੀ ਕੁਮਾਰਗ ਪਾ ਦਿੱਤੇ ਗਏ ਜਾਂ ਕਿਸੇ ਕਾਰਨ ਪਏ ਗਏ ਭੁੱਲੜ ਸਿੱਖਾਂ ਅਤੇ ਖਾਸ ਕਰ ਗੁਰਦੁਵਾਰਾ ਪ੍ਰਬੰਧਕਾਂ ਨੂੰ ਬੇਨਤੀ ਹੈ ਕਿ ਗੁਰਦੁਵਾਰਿਆਂ ਨੂੰ ਮਿਥਿਹਾਸਕ ਪ੍ਰਚਾਰ ਦੇ ਸਾਧਨ ਅਤੇ ਕਮਸ਼ੀਅਲ ਅਸਥਾਨ ਨਾ ਬਣਾਓ ਸਗੋਂ ਸੱਚ ਧਰਮ ਪ੍ਰਚਾਰ ਗਿਆਨ ਦੇ ਸੋਮੇ ਬਣੇ ਰਹਿਣ ਦਿਓ। ਇਸ ਵਿੱਚ ਆਪਣਾ, ਸਭ ਦਾ ਬਲਕਿ ਮਨੁੱਖਤਾ ਦਾ ਭਲਾ ਹੈ।

# ਵਲੇਹੋ 'ਚ ਭਗਵਾਨ ਵਾਲਮੀਕ ਜੀ ਦਾ ਪ੍ਰਗਟ ਦਿਵਸ ਮਨਾਇਆ

**(ਸਫਾ 1 ਦੀ ਬਾਕੀ)**

ਭਗਵਾਨ ਵਾਲਮੀਕ ਜੀ ਦੇ ਜੀਵਨ ਤੇ ਰਮਾਇਣ ਪ੍ਰਤੀ ਵਿਚਾਰ ਰੱਖੇ, ਉਥੇ ਉਹਨਾਂ ਵਿਸ਼ੇਸ਼ ਤੌਰ ਤੇ ਮਹਾਂਰਿਸ਼ੀ ਸ਼ੰਭੂਕ, ਵੀਰ ਇਕਲੱਵਿਆ, ਮਹਾਤਮਾ ਰਾਵਣ ਜੀ ਸਬੰਧਤ ਇਤਿਹਾਸਕ ਪਹਿਲੂਆਂ ਨੂੰ ਬੁਲਾਰਿਆਂ ਸਰਵ ਸ੍ਰੀ ਡਾ. ਗੁਰਜੀਤ ਸਿੰਘ ਟਰੇਸੀ, ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ), ਸੁਲਤਾਨ ਅਖਤਰ, ਸ਼ਿਵਤਾਰ ਸਿੱਧੂ ਅਤੇ ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ੍ਰੀ ਕੇਵਲ ਸਿੱਧੂ ਜੀ ਆਦਿ ਦੇ ਨਾਂ ਵਰਣਨਯੋਗ ਹਨ, ਬੁਲਾਰਿਆਂ ਨੇ ਬੜੀ ਨਿਡਰਤਾ ਨਾਲ ਖੁੱਲ੍ਹ ਕੇ ਇਤਿਹਾਸਕ ਸਚਾਈ ਨੂੰ ਸਾਹਮਣੇ ਲਿਆਉਣ ਦਾ ਯਤਨ ਕੀਤਾ, ਉਹ ਆਪਣੇ ਆਪ ਵਿਚ ਕਾਬਿਲ-ਏ-ਤਾਰੀਫ ਸੀ ਕਿਉਂਕਿ ਇਹੋ ਜਿਹੇ ਸਮਾਗਮਾਂ ਤੇ ਇਨਕਲਾਬੀ ਮੂਲ ਨਿਵਾਸੀ ਸੂਰਬੀਰਾਂ ਬਾਰੇ ਘੱਟ ਹੀ ਵਿਚਾਰ ਹੋਇਆ ਕਰਦਾ ਹੈ ਪਰ ਇੱਥੋਂ ਦੇ ਪ੍ਰਬੰਧਕਾਂ ਦੀ ਤਾਰੀਫ ਕਰਨੀ ਬਣਦੀ ਹੈ ਕਿ ਇਹਨਾਂ ਇਤਿਹਾਸਕ ਸਚਾਈ ਨਾਲ ਵਿਚਾਰ ਰੱਖਣ ਤੇ ਕੋਈ ਮਨਾਹੀ ਨਹੀਂ ਕੀਤੀ।

ਉਪਰੋਕਤ ਬੁਲਾਰਿਆਂ ਨੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ, ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਤੇ ਸਾਹਿਬ ਕਾਂਸ਼ੀ ਰਾਮ ਜੀ ਤੋਂ ਲੈ ਕੇ ਭੈਣ ਮਾਇਆਵਤੀ ਤੱਕ ਦੱਬੇ-ਕੁਚਲੇ ਲੋਕਾਂ ਲਈ ਜੋ ਇਹਨਾਂ ਘਾਲਣਾਵਾਂ ਘਾਲੀਆਂ, ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਉਹਨਾਂ ਇਹ ਵੀ ਕਿਹਾ ਕਿ ਸਾਡਾ ਭਾਰਤ ਦੇਸ਼ ਅਤੇ ਲੋਕਤੰਤਰ ਅਤੇ ਸੰਵਿਧਾਨ ਵਿਚ ਪੂਰਾ ਵਿਸ਼ਵਾਸ ਹੈ। ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨਾ ਸਿਖਾਇਆ ਅਤੇ ਬਾਬਾ ਸਾਹਿਬ ਨੇ ਪੜ੍ਹੋ ਲਿਖੋ ਸੰਘਰਸ਼ ਕਰੋ ਤੇ ਇਕੱਠੇ ਰਹੋ ਦੇ ਇਨਕਾਬੀ ਨਾਅਰੇ ਨੇ ਸਾਡੇ ਸਮਾਜ ਦੇ ਜੀਵਨ ਨੂੰ ਬਦਲ ਕੇ ਰੱਖ ਦਿੱਤਾ। ਬਾਬਾ ਸਾਹਿਬ ਵੱਲੋਂ ਦੁਆਏ ਸੰਵਿਧਾਨਕ ਹੱਕਾਂ ਨੇ ਸਾਨੂੰ ਇਨਸਾਨੀ ਕਦਰਾਂ-ਕੀਮਤਾਂ ਦੇ ਹਾਣੀ ਬਣਾਇਆ।

ਬਾਬਾ ਸਾਹਿਬ ਦੇ ਮਿਸ਼ਨ ਨੂੰ ਉਹਨਾਂ ਤੋਂ ਬਾਅਦ ਸਾਹਿਬ ਕਾਂਸ਼ੀ ਰਾਮ ਜੀ ਸਨ, ਜਿਹਨਾਂ ਉਹਨਾਂ ਦੇ ਮਿਸ਼ਨ ਨੂੰ ਘਰ ਘਰ ਪਹੁੰਚਾ ਕ ਭਾਰਤ ਦੇ ਮੂਲ ਨਿਵਾਸੀ ਜੋ ਮਨੁਵਾਦੀ ਤਾਕਤਾਂ ਨੇ ਹਜਾਰਾਂ ਜਾਤਾਂ ਵਿਚ ਵੰਡ ਦਿੱਤੇ ਸਨ, ਨੂੰ ਇਕ ਬਹੁਜਨ ਸਮਾਜ ਦੇ ਰੂਪ ਵਿਚ ਇਕੱਠੇ ਕੀਤਾ, ਉਸ ਦੇ ਨਾਲ-ਨਾਲ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਘੱਟ ਗਿਣਤੀ ਧਰਮਾਂ ਦੇ ਲੋਕਾਂ ਨੂੰ ਵੀ ਨਾਲ ਜੋੜਿਆ ਤੇ ਤੋਰਿਆ ਤੇ ਅਹਿਸਾਸ ਕਰਵਾਇਆ ਕਿ ਅਸੀਂ ਤੁਸੀਂ ਸਭ ਇਕ ਹਾਂ, ਪਰ ਮਨੂੰਵਾਦੀ ਨਿਜ਼ਾਮ ਦੀਆਂ ਮਾਰੀਆਂ ਵਕਤ ਦੀਆਂ ਮਾਰਾਂ ਨੇ ਸਾਨੂੰ ਭੁਲਾ ਦਿੰਤਾ ਕਿ ਅਸੀਂ ਕਦੇ ਇਕ ਭੈਣ-ਭਰਾ ਸੀ।

ਸਾਹਿਬ ਕਾਂਸ਼ੀ ਰਾਮ ਜੀ ਆਪਣੇ ਜਿਉਂਦੇ ਜੀਅ ਤਿੰਨ ਵਾਰ ਮਾਇਆਵਤੀ ਜੀ ਨੂੰ ਭਾਰਤ ਦੇ ਸਭ ਤੋਂ ਵੱਡੇ ਰਾਜ ਦੀ ਮੁੱਖ ਮੰਤਰੀ ਬਣਾ ਕੇ ਗਏ ਤੇ ਚੌਥੀ ਵਾਰ ਸਾਹਿਬ ਦੇ ਬਾਅਦ ਬਣੀ। ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸਮੇਂ ਆਜ਼ਾਦੀ ਤੋਂ ਪਹਿਲਾਂ 1937 ਦੀ ਪੰਜਾਬ ਇਲੈਕਸ਼ਨ ਵਿਚ ਹਿੱਸਾ ਲੈ ਕੇ ਆਦਿ ਧਰਮ ਮੰਡਲ ਦੇ 8 ਵਿਚੋਂ 7 ਐਮ. ਐਲ. ਏ. ਜਿੱਤ ਕੇ ਲਾਹੌਰ ਅਸੈਂਬਲੀ ਪ੍ਰਵੇਸ਼ ਕਰਨਾ ਸਾਡੇ ਲਈ ਅੱਜ ਵੀ ਪ੍ਰੇਰਨਾ ਸਰੋਤ ਹਨ ਤੇ ਬਾਬਾ ਸਾਹਿਬ ਡਾ. ਅੰਬੇਡਕਰ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਵੱਲੋਂ ਦਰਸਾਇਆ ਮਾਰਗ ਕਿ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਵਿਧਾਨ ਸਭਾ/ਲੋਕ ਸਭਾ ਤੇ ਰਾਜ ਸਭਾ ਵਿਚ ਜਾਣ ਨਾਲ ਹੀ ਹੱਲ ਹੋ ਸਕਦਾ ਹੈ। ਸੋ ਕਰੋ ਏਕਾ ਤੇ ਕਰੋ ਸੰਘਰਸ਼ ਤੇ ਭੈਣ ਮਾਇਆਵਤੀ ਵੱਲੋਂ ਚਾਰ ਵਾਰ ਬਣਾਏ ਉਤਰ ਪ੍ਰਦੇਸ਼ ਅੰਦਰ ਸਰਕਾਰ ਦੀਆਂ ਪ੍ਰਾਪਤੀਆਂ ਜਾਣੋ ਤੇ ਜਾਣ ਜਾਓਗੇ ਕਿ ਰਾਜਨੀਤੀ ਵਿਚ ਆਉਣਾ ਕਿਉਂ ਜ਼ਰੂਰੀ ਹੈ ਤੇ ਸੱਤਾ ਵਿਚ ਆ ਕੇ ਤੁਸੀਂ ਮੰਗਣ ਵਾਲੇ ਨਹੀਂ ਬਲਕਿ ਦੇਣ ਵਾਲੇ ਬਣ ਜਾਓਗੇ। ਸੋ ਲੋੜ ਹੈ ਆਪਣੀ ਤਾਕਤ ਨੂੰ ਪਹਿਚਾਨਣ ਦੀ।

ਇੱਥੇ ਇਹ ਵੀ ਜ਼ਿਕਰ ਕਰਨਾ ਜ਼ਰੂਰੀ ਬਣ ਜਾਂਦਾ ਹੈ ਕਿ ਜ਼ਰੂਰੀ ਨਹੀਂ ਕਿ ਬੋਲਣ ਵਾਲੇ ਬੁਲਾਰੇ ਹੀ ਸਭ ਕੁਝ ਜਾਂ ਵੱਧ ਜਾਣਦੇ ਹੁੰਦੇ ਹਨ, ਪਰ ਸੁਣਨ ਵਾਲੇ ਵੀ ਪਰ੍ਹੇ ਤੋਂ ਪਰ੍ਹੇ ਸੂਝਾਵਨ ਹੁੰਦੇ ਹਨ। ਸਿਹਤ ਨਾ ਠੀਕ ਹੋਣ ਦੇ ਕਾਰਨ ਪਰ ਹਾਜ਼ਰੀ ਜਰੂਰ ਪੂਰਾ ਸਮਾਂ ਭਰਨ ਵਾਲੇ ਸ੍ਰੀ ਸੋਢੀ ਸਿੰਘ ਨੇ ਬੜੀ ਨਿਹਚਾ ਨਾਲ ਸਾਰੇ ਸਮਾਗਮ ਨੂੰ ਸੁਣਿਆ, ਖਾਸ ਕਰਕੇ ਇਕ-ਇਕ ਬੁਲਾਰੇ ਨੂੰ ਸੁਣ ਕੇ ਆਪਣੇ ਨਿੱਜੀ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਅੱਜ ਇਹ ਸਾਡਾ ਸਮਾਜ ਆਪਣੇ ਅਸਲ ਇਤਿਹਾਸ ਤੋਂ ਜਿੱਥੇ ਜਾਣੂ ਹੋ ਰਿਹਾ ਹੈ, ਉਥੇ ਵਿਚਾਰਾਂ ਕਰਨ ਲੱਗਿਆਂ, ਬੋਲਿਆ ਜਾਣ ਲੱਗਾ, ਬੱਸ ਲੋੜ ਹੈ ਸੰਘਰਸ਼ ਦੀ ਮੰਜ਼ਿਲ ਤੇ ਚੱਲਣ ਦੀ।

ਅਖੀਰ ਵਿਚ ਉਘੇ ਨੌਜਵਾਨ ਆਗੂ ਸ੍ਰੀ ਸੋਡੀ ਨਾਹਰ ਜੀ ਨੂੰ ਸਮੂਹ ਪ੍ਰਬੰਧਕਾਂ, ਕਲਾਕਾਰਾਂ, ਕਥਾਵਾਚਕ, ਬੁਲਾਰਿਆਂ ਤੇ ਸੰਗਤਾਂ ਦਾ ਕੋਟਿਨ ਕੋਟਿ ਧੰਨਵਾਦ ਕੀਤਾ ਜਿਹਨਾਂ ਸਮਾਂ ਕੱਢਿਆ ਤੇ ਵਧੀਆ ਵਿਚਾਰ ਰੱਖੇ ਤੇ ਸੰਗਤਾਂ ਨੇ ਵੀ ਧਿਆਨ ਲਗਾ ਕੇ ਸੁਣਿਆ।

ਉਮੀਦ ਹੈ ਕਿ ਤੁਸੀਂ ਅਸੀਂ ਫਿਰ ਇਸ ਤਰ੍ਹਾਂ ਇਕ ਦੂਜੇ ਦਾ ਸਾਥ ਦੇ ਕੇ ਆਪਣੇ ਆਪ ਲਈ ਤੇ ਸਮਾਜ ਤੇ ਦੇਸ਼ ਲਈ ਕੁਝ ਵਧੀਆ ਕਰ ਸਕੀਏ। ਇਹੀ ਸੱਚੇ, ਸੁੱਚੇ, ਉਚੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਹੋ ਸਕਦੀ ਹੈ। ਸਟੇਜ ਦੀ ਸੇਵਾ ਸ੍ਰੀ ਸ਼ਿਵਤਾਰ ਸਿੱਧੂ ਜੀ ਨੇ ਬਾਖੂਬੀ ਨਾਲ ਨਿਭਾਈ।

ਆਈਆਂ ਸੰਗਤਾਂ ਲਈ ਲੰਗਰ ਦੀ ਸੇਵਾ ਸੁੱਖ ਸਿੱਧੂ ਹਨੀ ਗਿਰ, ਚਰਨਜੀਤ ਸਿੱਧੂ, ਇੰਦਰਜੀਤ ਰੀਤੂ, ਕੁਲਦੀਪ ਚਰਨੋ, ਅਮਰਜੀਤ ਸਿੱਧੂ, ਰਵੀ ਆਦਿ ਭੈਣ ਭਰਾਵਾਂ ਦੇ ਪਰਿਵਾਰ ਨੇ ਸ਼ਰਧਾ ਭਾਵਨਾ ਨਾਲ ਕੀਤੀ। ਫੋਟੋਗ੍ਰਾਫੀ ਕਰਮ ਨਾਹਰ ਨੇ ਕੀਤੀ। ਅਮਰੀਕਾ ਵਿਚ ਪੰਜਾਬੀ ਭਾਈਚਾਰੇ ਦੇ ਜਾਣੇ-ਪਹਿਚਾਣੇ ਲੱਗਭੱਗ ਸਭ ਕਲਾਕਾਰਾਂ ਨਾਲ ਮਜੀਸ਼ੀਅਨ ਦੇ ਤੌਰ ਤੇ ਮਾਹਿਰ ਸ੍ਰੀ ਬੱਗਾ ਜੀ ਨੇ ਕਲਾਕਾਰਾਂ ਦਾ ਪਿਆਨੋ ਤੇ ਭਰਪੂਰ ਸਾਥ ਦਿੱਤਾ। ਅਖੀਰ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. ਯੂਬਾ ਸਿਟੀ ਦੇ ਪ੍ਰਧਾਨ ਸ੍ਰੀ ਪ੍ਰੇਮ ਸੌਧੀ ਜੀ ਨੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਸਮੂਹ ਸੰਗਤਾਂ, ਕਲਾਕਾਰਾਂ ਤੇ ਬੁਲਾਰਿਆਂ ਦੇ ਨਿਭਾਏ ਰੋਲ ਨੂੰ ਸਲਾਹਿਆ।

### 1 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਲੱਗ ਰਹੇ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਪ੍ਰਕਾਸ਼ਨ ਹਿੱਤ

# ਅਮਰ ਸ਼ਹੀਦਾਂ ਦਾ ਪੈਗ਼ਾਮ, ਜਾਰੀ ਰੱਖਣਾ ਲੋਕ-ਸੰਗਰਾਮ



**ਗੁਰਮੀਤ ਸਿੰਘ**
ਜਨਰਲ ਸਕੱਤਰ
ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ

ਗ਼ਦਰ ਪਾਰਟੀ ਦੇ ਲਾਸਾਨੀ ਯੋਧਿਆਂ ਦੀ ਯਾਦ ’ਚ ਦੇਸ਼ ਭਗਤ ਯਾਦਗਾਰ ਹਾਲ ਦੇ ਵਿਹੜੇ 1992 ਵਿੱਚ ਸ਼ੁਰੂ ਕੀਤਾ 'ਮੇਲਾ ਗ਼ਦਰੀ ਬਾਬਿਆਂ ਦਾ’ ਅੱਜ ਆਪਣੇ 26ਵੇਂ ਪੜਾਅ ’ਤੇ ਹੈ। ਏਸ ਵਾਰ ਮੇਲਾ ਮਹਾਨ ਰੂਸੀ ਸਮਾਜਵਾਦੀ ਇਨਕਲਾਬ ਦੀ 100ਵੀਂ ਵਰ੍ਹੇ ਗੰਢ ਨੂੰ ਸਮਰਪਤ ਹੈ। ਹਰ ਸਾਲ ਮੇਲਾ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਮਰਪਤ ਅਤੇ ਫੇਰ ਗ਼ਦਰ ਪਾਰਟੀ ਅਤੇ ਇਸ ਅਗੇ ਚੱਲੀਆਂ ਲਹਿਰਾਂ: ਕਿਰਤੀ ਪਾਰਟੀ, ਨੌਜਵਾਨ ਭਾਰਤ ਸਭਾ, ਬੱਬਰ ਅਕਾਲੀ ਲਹਿਰ ਅਤੇ ਆਜ਼ਾਦ ਹਿੰਦ ਫੌਜ ਦੇ ਇਤਿਹਾਸ ਨੂੰ ਸਮਰਪਤ ਰਿਹਾ। ਫੇਰ ਦੌਰ ਸ਼ੁਰੂ ਹੋਇਆ ਏਸ ਲਹਿਰ ਦੀਆਂ ਸ਼ਤਾਬਦੀਆਂ ਦਾ 2013 ਦਾ ਮੇਲਾ ਗ਼ਦਰ ਪਾਰਟੀ ਦੀ ਸ਼ਤਾਬਦੀ ਨੂੰ ਅਗਲੇ ਸਾਲ ਕਾਮਾਗਾਟਾ ਮਾਰੂ ਸ਼ਤਾਬਦੀ ਅਤੇ ਫੇਰ ਗ਼ਦਰ ਲਹਿਰ ਦੀਆਂ ਸ਼ਹਾਦਤਾਂ ਨੂੰ ਸਮਰਪਤ ਰਿਹਾ। ਇਨ੍ਹਾਂ ਪੰਝੀ ਸਾਲਾਂ ਦੌਰਾਨ ਮੇਲਾ ਜਿਥੇ ਦੇਸ਼ ਭਗਤ ਯਾਦਗਾਰ ਹਾਲ ਅੰਦਰ ਗ਼ਦਰ ਪਾਰਟੀ ਦੇ ਸੁਨੇਹੇ ਨੂੰ ਅੱਜ ਦੀ ਨੌਜਵਾਨ ਪੀੜ੍ਹੀ ਤੱਕ ਪਹੁੰਚਾਉਣ ਦਾ ਸਬੱਬ ਬਣਿਆ ਹੈ, ਉਥੇ ਪੰਜਾਬ ਭਰ ਦੇ ਸਾਰੇ ਗ਼ਦਰੀ ਸ਼ਹੀਦਾਂ ਦੇ ਪਿੰਡਾਂ ਵਿਚ ਵੀ ਉਨ੍ਹਾਂ ਦੀ ਯਾਦ ਵਿਚ "ਮੇਲਾ ਗ਼ਦਰੀ ਬਾਬਿਆਂ ਦਾ’’ ਦੇ ਨਾਂਅ ’ਤੇ ਆਮ ਲੋਕਾਂ ਦੇ ਮੇਲਿਆਂ ਦੀ ਪ੍ਰੰਪਰਾਂ ਸ਼ੁਰੂ ਹੋਈ ਹੈ ਤੇ ਇਹ ਸਿਲਸਿਲਾ ਕਨੇਡਾ, ਅਮਰੀਕਾ ਵਿਚ ਜਾਰੀ ਹੈ, ਜਿਥੋਂ ਗ਼ਦਰ ਪਾਰਟੀ ਦਾ ਮੁੱਢ ਬੱਝਿਆ ਸੀ।

"ਮੇਲਾ ਗ਼ਦਰੀ ਬਾਬਿਆਂ ਦਾ’’ ਅਤੀਤ ਦੀ ਬੁੱਕਲ ’ਚ ਸੁਲਘਦੇ, ਧੁਖ਼ਦੇ ਇਤਿਹਾਸ ਦੀ ਦਹਿਕਦੀ ਗਾਥਾ ਹੈ ਓਥੇ ਇਹ ਸਥਾਪਤੀ ਵਲੋਂ ਸੋਚ ਸਮਝ ਕੇ ਭੁਲਾਏ ਗਏ ਇਨਕਲਾਬੀ ਕੌਮੀ ਪਰਵਾਨਿਆਂ ਨੂੰ ਯਾਦ ਕਰਨ ਅਤੇ ਉਨ੍ਹਾਂ ਦੀ ਅਥਾਹ ਦੇਣ ਨੂੰ ਬੁਲੰਦ ਕਰਨ ਦਾ ਮੇਲਾ ਹੈ। ਇਹ ਮੇਲਾ ਵਰਤਮਾਨ ਅਤੇ ਭਵਿੱਖ ਦੀਆਂ ਮੂੰਹ ਅੱਡੀ ਖੜ੍ਹੀਆਂ ਅਨੇਕਾਂ ਹੀ ਚੁਣੌਤੀਆਂ ਨਾਲ ਅੱਖ ਮੇਲਣ ਦੀ ਜਾਂਚ ਸਿਖਾਉਣ ਦਾ, ਚੁਫ਼ੇਰੇ ਫੈਲੀ ਧੁੰਦ ਨੂੰ ਲੰਗਾਰ ਕਰਨ ਵਾਲੀਆਂ ਰਿਸ਼ਮਾਂ ਦੀ ਲੱਪ ਸੁੱਟਣ ਦਾ ਮੇਲਾ ਹੈ। ਇਹ ਐਸਾ ਹੈ ਮੇਲਾ, ਜਿਥੇ ਨਾ ਲੱਗੇ ਪੈਸਾ, ਨਾ ਲੱਗੇ ਧੇਲਾ। ਜਦੋਂ ਤੁਸੀਂ ਇਸ ਦਾ ਆਨੰਦ ਮਾਣਦੇ ਹੋ, ਤਾਜ਼ਗੀ ਮਹਿਸੂਸ ਕਰਦੇ ਹੋ। ਸਮਾਜ ਵਾਸਤੇ ਕੁਝ ਕਰਨ ਲਈ ਨਵੀਆਂ ਨਰੋਈਆਂ ਉਤਸ਼ਾਹੀ ਤਰੰਗਾਂ ਦਾ ਅਹਿਸਾਸ ਕਰਦੇ ਹੋ। ਆਪਣੇ ਪੁਰਖ਼ਿਆਂ ਦੀਆਂ ਪਾਈਆਂ ਪੈੜਾਂ ਉਪਰ ਗੌਰਵ ਵੀ ਮਹਿਸੂਸ ਕਰਦੇ ਹੋ ਅਤੇ ਇਨ੍ਹਾਂ ਉਪਰ ਚੱਲਦਿਆਂ ਅੱਗੇ ਵਧਣ ਦੀ ਚੇਸ਼ਟਾ ਵੀ ਜਾਗਦੀ ਹੈ। ਇਹ ਮੇਲਾ ਕੋਈ ਰਸਮੀ ਪੂਜਾ ਦਾ ਤਿਉਹਾਰ ਨਹੀਂ। ਨਾ ਹੀ ਕਿਸੇ ਵੱਡੇ ਇਕੱਠ ਕਰਨ ਦੀ ਐਵੇਂ ਸ਼ੇਖੀ ਮਾਰਨ ਦੀ ਦੌੜ ਦਾ ਇਜ਼ਹਾਰ ਹੈ। ਮੇਲਾ, ਸਥਾਪਤੀ ਦੀ ਛਤਰ-ਛਾਇਆ, ਦਖ਼ਲ-ਅੰਦਾਜ਼ੀ ਤੋਂ ਪੂਰੀ ਤਰ੍ਹਾਂ ਮੁਕਤ ਹੈ। ਮੇਲਾ ਹਰ ਵੰਨਗੀ ਦੇ ਮੂਲਵਾਦੀ, ਫ਼ਿਰਕੂ, ਲੋਕ-ਦੋਖੀ ਹਾਕਮ ਧੜਿਆਂ ਦੇ ਪ੍ਰੇਤ-ਛਾਏ ਤੋਂ ਵੀ ਲੋਕਾਂ ਨੂੰ ਸੁਚੇਤ ਕਰਦਾ ਹੈ। ਹਰ ਵੰਨਗੀ ਦਾ ਦੇਸੀ-ਵਿਦੇਸ਼ੀ, ਲੁੱਟ-ਦਾਬੇ, ਜਾਤਪ੍ਰਸਤੀ, ਅਨਿਆਂ, ਵਿਤਕਰੇਬਾਜ਼ੀ, ਔਰਤਾਂ ਨਾਲ ਵਿਤਕਰੇਬਾਜ਼ੀ, ਧੱਕੇਸ਼ਾਹੀ, ਜ਼ਬਰ ਸਿਤਮ ਤੋਂ ਪੀੜਤ ਲੋਕਾਂ ਦੀ ਆਵਾਜ਼ ਬਣਦਾ ਹੈ। ਸਮਾਜ ਅੰਦਰ ਫੈਲੇ ਨਸ਼ਿਆਂ ਦੇ ਕੋਹੜ ਦਾ ਸ਼ਿਕਾਰ ਹੋਈ, ਕੰਧੀਂ ਕੌਲੀਂ ਟੱਕਰਾਂ ਮਾਰਦੀ ਭਟਕੀ ਜੁਆਨੀ ਨੂੰ ਰੋਸ਼ਨੀ ਦਿੰਦਾ ਹੈ, ਇਹ ਮੇਲਾ।

ਇਹ ਮੇਲਾ ਵੰਗਾਰਮਈ ਹੋਕਾ ਹੈ, ਗ਼ਦਰੀ ਲਹਿਰ ਦੇ ਵਾਰਸਾਂ ਨੂੰ ਜਾਗਣ ਦਾ। ਵੇਲੇ ਦੀ ਨਜ਼ਾਕਤ ਨੂੰ ਸਮਝਦਿਆਂ ਸਮਾਜ ਉਪਰ ਬੋਲੇ ਚੌਤਰਫ਼ੇ ਆਰਥਕ, ਰਾਜਨੀਤਕ, ਸਮਾਜਕ, ਸੱਭਿਆਚਾਰਕ ਅਤੇ ਜ਼ਿਹਨੀ ਗੁਲਾਮੀ ਦੇ ਖਿਲਾਫ਼ ਇਨਕਲਾਬੀ ਚੇਤਨਾ ਦੀ ਆਵਾਜ਼ ਬੁਲੰਦ ਕਰਨ ਦਾ। ਮੇਲੇ ’ਚ ਹੁੰਦੀਆਂ ਤਕਰੀਰਾਂ, ਬਹੁ-ਵੰਨਗੀ ਕਲਾ ਕਿਰਤਾਂ ਦੀਆਂ ਪੇਸ਼ਕਾਰੀਆਂ, ਝੰਡੇ, ਮਾਟੋ, ਬੈਨਰ, ਜਾਗੋ, ਕਵੀ ਦਰਬਾਰ, ਸੰਗੀਤ, ਨਾਟਕ ਆਦਿ ਜੋ ਕੁਝ ਵੀ ਲੋਕ ਦੇਖਦੇ, ਸੁਣਦੇ, ਮਹਿਸੂਸ ਕਰਦੇ ਹਨ, ਸਮੁੱਚਾ ਮਾਹੌਲ ਹੀ ਅਜੇਹਾ ਸਿਰਜਿਆ ਜਾਂਦਾ ਹੈ ਜਿਹੜਾ ਸਰੂਰ ਦਿੰਦਾ ਹੈ। ਸਾਨੂੰ ਹਾਕਾਂ ਮਾਰਕੇ ਇਹ ਮੋੜਦਾ ਹੈ, ਔਝੜੇ ਰਾਹਾਂ ਤੋਂ। ਸਾਨੂੰ ਆਪਣੇ ਵਿਰਸੇ ਦੀ ਸਾਂਭ ਸੰਭਾਲ ਕਰਨ ਅਤੇ ਇਸ ਤੋਂ ਮਰ ਮਿਟਣ ਦੀ ਪ੍ਰੇਰਨਾ ਮਿਲਦੀ ਹੈ।

ਮੇਲਾ ਗ਼ਦਰੀ ਇਤਿਹਾਸ ਦੇ ਅਨੇਕਾਂ ਅਣਫੋਲੇ ਵਰਕੇ ਸਾਡੀਆਂ ਰੂਹਾਂ, ਸਾਡੀਆਂ ਪਲਕਾਂ ਅੱਗੇ ਲੈ ਕੇ ਆਇਆ ਹੈ। ਮੇਲੇ ਨੇ ਗ਼ਦਰ ਲਹਿਰ ਦੇ ਉਦੇਸ਼ਾਂ ਨੂੰ ਉਘਾੜਨ, ਉਚਿਆਉਣ, ਇਹਨਾਂ ’ਤੇ ਪਹਿਰੇਦਾਰੀ ਕਰਨ ਦਾ ਸੱਦਾ ਦਿੱਤਾ ਹੈ। ਮੇਲੇ ਨੇ ਗ਼ਦਰ ਲਹਿਰ ਦੇ ਅਨੇਕਾਂ ਪੱਖਾਂ ਦੀ ਅਜੋਕੇ ਸਮੇਂ ’ਚ ਪ੍ਰਸੰਗਕਤਾ ਨੂੰ ਉਭਾਰਿਆ ਹੈ। ਮੇਲੇ ਨੇ ਸਾਫ਼ ਅਤੇ ਸਪੱਸ਼ਟ ਤੌਰ ’ਤੇ ਗ਼ਦਰੀ ਸ਼ਹੀਦਾਂ ਅਤੇ ਕੌਮੀ ਮੁਕਤੀ ਲਹਿਰ ਦੇ ਅਮੁੱਲੇ ਅਧਿਆਇ ਨੂੰ ਇਤਿਹਾਸ ਦੇ ਸੁਨਹਿਰੇ ਪੰਨੇ ਸਾਬਤ ਕਰਨ ਦੀ ਭੂਮਿਕਾ ਅਦਾ ਕੀਤੀ ਹੈ ਜਿਸ ਨੂੰ ਕਿ ਸੋਚੇ ਸਮਝੇ ਤੌਰ ’ਤੇ ਅਜੋਕੇ ਪ੍ਰਬੰਧ-ਮੁਖੀ ਤਾਕਤਾਂ ਅੱਖੋਂ-ਪਰੋਖੇ ਕਰਦੀਆਂ ਆ ਰਹੀਆਂ ਹਨ।

ਮੇਲਾ ਇੱਕ ਉੱਦਮ ਹੈ, ਅਜਿਹੀ ਜੜ੍ਹਤ ’ਚ ਫਸੇ ਵਿਚਾਰਾਂ/ਸੰਕਲਪਾਂ ਨੂੰ ਸਹੀ ਮਾਰਗ ਦੇਣ ਦਾ। ਹਾਲਾਤ ਕਦਮ ਕਦਮ ਬਦਲ ਭਾਲਦੇ ਹਨ। ਗੱਲੀਂ ਬਾਤੀਂ ਨਹੀਂ, ਠੋਸ ਅਮਲ ਅਤੇ ਨਮੂਨੇਦਾਰ ਅਗਵਾਈ ਦੀ ਲੋੜ ਆਵਾਜ਼ਾਂ ਮਾਰ ਰਹੀ ਹੈ। ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ: -

"ਜਦੋਂ ਖੜੋਤ ਦੀ ਹਾਲਤ ਲੋਕਾਂ ਨੂੰ ਆਪਣੇ ਸ਼ਿਕੰਜੇ ਵਿੱਚ ਜਕੜ ਲੈਂਦੀ ਹੈ, ਕਿਸੇ ਕਿਸਮ ਦੀ ਤਬਦੀਲੀ ਤੋਂ ਉਹ ਹਿਚਕਚਾਉਂਦੇ ਹਨ, ਬਸ ਇਸ ਜਮੂਦ ਅਤੇ ਬੇਹਰਕਤੀ ਨੂੰ ਤੋੜਨ ਦੀ ਖਾਤਰ ਇੱਕ ਇਨਕਲਾਬੀ ਸਪਿਰਟ ਪੈਦਾ ਕਰਨ ਦੀ ਲੋੜ ਹੁੰਦੀ ਹੈ, ਨਹੀਂ ਤਾਂ ਇੱਕ ਗਿਰਾਵਟ, ਬਰਬਾਦੀ ਦਾ ਵਾਯੂਮੰਡਲ ਕਾਬਜ਼ ਹੋ ਜਾਂਦਾ ਹੈ। ਗੁੰਮਰਾਹ ਕਰਨ ਵਾਲੀਆਂ, ਗੈਰ ਤਰੱਕੀ ਪਸੰਦ ਤਾਕਤਾਂ ਲੋਕਾਂ ਨੂੰ ਗਲਤ ਰਾਹ ’ਤੇ ਲੈ ਜਾਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ, ਜਿਸ ਨਾਲ ਇਨਸਾਨੀ ਤਰੱਕੀ ਰੁਕ ਜਾਂਦੀ ਹੈ ਅਤੇ ਉਸ ਵਿੱਚ ਖੜੋਤ ਆ ਜਾਂਦੀ ਹੈ। ਇਸ ਹਾਲਤ ਨੂੰ ਬਦਲਣ ਲਈ ਜ਼ਰੂਰੀ ਹੈ ਕਿ ਇਨਕਲਾਬੀ ਸਪਿਰਟ ਤਾਜ਼ਾ ਕੀਤੀ ਜਾਵੇ ਤਾਂ ਜੋ ਇਨਸਾਨੀਅਤ ਦੀ ਰੂਹ ਵਿੱਚ ਇਕ ਹਰਕਤ ਪੈਦਾ ਹੋ ਜਾਵੇ।’’ ਦੇਸ਼ ਭਗਤ ਯਾਦਗਾਰ ਕਮੇਟੀ ਕਿਉਂਕਿ ਕੋਈ ਸਿਆਸੀ ਪਾਰਟੀ ਨਹੀਂ। ਇਸ ਕਰਕੇ ਇਸਨੂੰ ਆਪਣੇ ਰੋਲ ਅਤੇ ਕਾਰਜ਼ ਖੇਤਰ ਬਾਰੇ ਕੋਈ ਭੁਲੇਖਾ ਨਹੀਂ ਕਿ ਸਾਡਾ ਰੋਲ ਪਾਰਟੀਆਂ ਦੇ ਮੁਕਾਬਲੇ ਸੀਮਤ ਹੱਦ ਤੱਕ ਹੀ ਹੋ ਸਕਦਾ ਹੈ। ਇਸਦਾ ਸੋਚ-ਆਧਾਰ ਅਤੇ ਮਾਰਗ-ਦਰਸ਼ਕ ਗ਼ਦਰ ਪਾਰਟੀ ਅਤੇ ਕਮੇਟੀ ਦਾ ਐਲਾਨਨਾਮਾ/ਵਿਧਾਨ ਹੈ। ਮੇਲਾ ਸਾਡਾ ਕੁੱਲ ਵਰ੍ਹੇ ਦੇ ਕੰਮਾਂ ਦੀ ਸਿਖਰ ਦੀ ਸਰਗਰਮੀ ਹੈ। ਸਾਲ ਦੇ ਅਰਸੇ ਦੌਰਾਨ ਵੀ ਕੁੱਝ ਨਾ ਕੁੱਝ ਕਰਨ ਲਈ ਯਤਨਸ਼ੀਲ ਰਹਿੰਦੇ ਹਾਂ।

ਇਸ ਮੇਲੇ ਨੇ ਇਕ ਹੋਰ ਸੁਲੱਖਣੇ ਵਰਤਾਰੇ ਨੂੰ ਨਵੀਂ ਤਾਕਤ ਅਤੇ ਵੇਗ ਦੇਣ ਦਾ ਕੰਮ ਕੀਤਾ ਹੈ। ਗ਼ਦਰੀਆਂ/ਦੇਸ਼ ਭਗਤਾਂ ਦੇ ਪਿੰਡਾਂ ’ਚ ਮੇਲੇ ਲੱਗਣ ਲੱਗੇ ਹਨ। ਇਹਨਾਂ ਮੇਲਿਆਂ ਨੇ ਇਕ ਦੂਜੇ ਦਾ ਸਹਿਯੋਗ ਕਰਨ ਲਈ ਹੱਥ ਵਧਾਇਆ ਹੈ। ਇਹ ਸਿਹਤਮੰਦ, ਅਗਾਂਹ-ਵਧੂ, ਲੋਕ-ਪੱਖੀ ਸਭਿਆਚਾਰਕ ਲਹਿਰ ਵੱਲ ਪੁਲਾਂਘਾਂ ਦਾ ਸੰਕੇਤ ਹੈ। ਇਹ ਨਵੇਂ ਯੁੱਗ ਦਾ ਮਸ਼ਾਲਚੀ ਹੈ। ਇਹ ਰਵਾਇਤੀ ਅਤੇ ਸਥਾਪਤੀ ਦੀ ਛਤਰ ਛਾਇਆ ਵਾਲੇ ਸਮਾਗਮਾਂ ਨਾਲੋਂ ਨਿਖੇੜੇ ਦੀ ਲਕੀਰ ਖਿੱਚਦਾ ਆਪਣੀ ਕਿਸਮ ਦਾ ਸਭਿਆਚਾਰਕ ਉਤਸਵ ਹੈ ਜਿਸ ਦੀਆਂ ਕਲਾ/ਕਿਰਤਾਂ ’ਚ ਗ਼ਦਰੀਆਂ ਦੇ ਸੁਪਨੇ ਧੜਕਦੇ ਹਨ। ਮੇਲੇ ਦੀ ਸਫ਼ਲਤਾ ਦਾ ਪ੍ਰਮਾਣ ਇਹ ਵੀ ਹੈ ਕਿ ਜਿਹੜੇ ਕਈ ਪ੍ਰਦੇਸ਼ ਵਸਦੇ ਪਰਿਵਾਰ ਭਾਵੇਂ ਸਾਕ-ਸਬੰਧੀਆਂ ਪਰਿਵਾਰ ਮੈਂਬਰਾਂ ਦੇ ਵਿਆਹ ਜਾਂ ਹੋਰ ਮੌਕਿਆਂ ਤੇ ਨਹੀਂ ਵੀ ਆ ਸਕਦੇ ਪਰ ਉਹ ਮੇਲੇ ਦੀਆਂ ਤਾਰੀਖਾਂ ਆਪਣੇ ਮਨ ਦੀ ਡਾਇਰੀ ਤੇ ਰਾਖਵੀਆਂ ਰੱਖਦੇ ਹਨ। ਜ਼ਿਕਰਯੋਗ ਹੈ ਕਿ 26ਵਾਂ ਮੇਲਾ, ਸਾਡੇ ਸੂਬੇ, ਮੁਲਕ ਅਤੇ ਕੌਮਾਂਤਰੀ ਮੰਚ ਤੇ ਉਭਰੇ ਸੁਆਲਾਂ ਨੂੰ ਵੱਖ-ਵੱਖ ਮੁਕਾਬਲਾ-ਵੰਨਗੀਆਂ, ਵਿਚਾਰ-ਚਰਚਾ, ਤਕਰੀਰਾਂ ਅਤੇ ਪੇਸ਼ ਕਲਾ ਕਿਰਤਾਂ ਦਾ ਉਭਰਵਾਂ ਹਿੱਸਾ ਬਣਾ ਰਿਹਾ ਹੈ। ਲੰਗਰ ਦੀ ਇਸ ਵਾਰ ਜਨਤਕ ਹਿੱਸੇਦਾਰੀ ਦੀ ਪਰੰਪਰਾ ਆਪਣੇ ਆਪ ’ਚ ਮੇਲੇ ਦਾ ਹਾਸਲ ਹੈ।

ਆਜ਼ਾਦੀ ਸੰਗਰਾਮੀਆਂ ਅਤੇ ਲੋਕ ਮੁਕਤੀ ਲਈ ਆਪਾ ਵਾਰਨ ਵਾਲਿਆਂ ਦੇ ਸੁਪਨੇ ਸਾਕਾਰ ਕਰਨ ਲਈ ਇਹ ਮੇਲਾ ਗੱਜ ਵੱਜ ਕੇ ਐਲਾਨ ਕਰਦਾ ਹੈ ਕਿ:

ਅਮਰ ਸ਼ਹੀਦਾਂ ਦਾ ਪੈਗ਼ਾਮ
ਜਾਰੀ ਰੱਖਣਾ ਲੋਕ-ਸੰਗਰਾਮ।








**(ਸੱਚੀ ਕਹਾਣੀ ਇੱਕ ਦੋਸਤ ਦੀ ਜੁਬਾਨੀ)**

# ਮਲਟੀਪਲ ਵੀਜ਼ਾ ਲੱਗਣ ਦੀ ਖ਼ੁਸ਼ੀ !



**ਗੁਰਿੰਦਰਜੀਤ ਸਿੰਘ “ਨੀਟਾ ਮਾਛੀਕੇ”**

ਕੱਲ ਮੈਨੂੰ ਮੇਰੇ ਇੱਕ ਮਿੱਤਰ ਦਾ ਓਪਰੇ ਜਿਹੇ ਨੰਬਰ ਤੋਂ ਫ਼ੋਨ ਆਇਆ ਮੈਂ ਕਿਹਾ ਕਿਵੇਂ ਢਿੱਲਾ ਜਿਹਾ ਬੋਲਦਾ ਨਾਲੇ ਅਮਰੀਕਨ ਨੰਬਰ ਤੋਂ ਫ਼ੋਨ ਕਿਵੇਂ ..? ਕਹਿੰਦਾ ਬਾਈ ਮੇਰਾ ਦਸ ਸਾਲ ਦਾ ਮਲਟੀਪਲ ਵੀਜ਼ਾ ਲੱਗ ਗਿਆ ਸੀ ਅਮਰੀਕਾ ਦਾ ਤੇ ਕੱਲ ਹੀ ਨਿਊ-ਜਰਸੀ ਉਤਰਿਆ ਹਾਂ, ਪਰ ਐਂਟਰੀ ਤਿੰਨ ਵੀਕ ਦੀ ਹੀ ਦਿੱਤੀ ਹੈ..! ਹੁਣ ਯਾਰ ਮੈਨੂੰ ਸਲਾਹ ਦੇ ਕਿਵੇਂ ਕਰਾ..? ਮੈਂ ਕਿਹਾ ਐਨੀ ਥੋੜੀ ਐਂਟਰੀ..! ਕਹਿੰਦਾ ਬਾਈ ਮੈਂ ਅਸਲ ਵਿੱਚ ਅਫਰੀਕਨ ਮੁਲਕ ਵਿੱਚ ਆ ਗਿਆ ਸੀ ਉਥੇ ਕਸੀਨੋ ਵਗੈਰਾ ’ਚ ਕੰਮ ਕਰਦੇ ਨੂੰ ਕਿਸੇ ਨੇ ਸਲਾਹ ਦਿੱਤੀ ਬਈ ਤੂੰ ਅਮਰੀਕਾ ਦਾ ਵੀਜ਼ਾ ਟਰਾਈ ਕਰਕੇ ਵੇਖ ਮੈਨੂੰ ਵੀਜ਼ਾ ਮਿਲ ਗਿਆ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀ ਸੀ ਪਰ ਜਦੋਂ ਮੈਂ ਨਿਊ-ਵਾਰਕ ਏਅਰ ਪੋਰਟ ਤੇ ਉਤਰਿਆ ਉੱਥੇ ਹੀ ਮੈਨੂੰ ਸਿਵਲ ਵਰਦੀ ਇੰਮੀਗ੍ਰੇਸ਼ਨ ਵਾਲੇ ਨੇ ਸਾਈਡ ਤੇ ਕੱਢ ਲਿਆ। ਮੇਰੇ ਤੋਂ ਤਰਾਂ ਤਰਾਂ ਦੇ ਸੁਆਲ ਕਰਨ ਉਪਰੰਤ ਮੈਨੂੰ ਛੇ ਮਹੀਨੇ ਦੀ ਐਂਟਰੀ ਦੇ ਦਿੱਤੀ ਮੈਂ ਕਾਹਲੀ ਕਾਹਲੀ ਪੁਲਾਘਾਂ ਪੱਟਦਾ ਹਾਲੇ ਏਅਰ ਪੋਰਟ ਤੋਂ ਬਾਹਰ ਹੀ ਨਿਕਲਣ ਲੱਗਾ ਸੀ ਕਿ ਇੱਕ ਹੋਰ ਸੂਟੜ-ਬੂਟੜ ਗੋਰੇ ਨੇ ਮਗਰੋਂ ਅਵਾਜ਼ ਮਾਰ ਲਈ। ਮੈਂ ਸੋਚਿਆ ਸ਼ਾਇਦ ਮੈਂ ਕੋਈ ਪੇਪਰ ਵਗੈਰਾ ਭੁੱਲ ਆਇਆ ਹਾਂ..! ਮੈਨੂੰ ਓਹ ਬੰਦਾ ਇੱਕ ਬੰਦ ਕਮਰੇ ਵਿੱਚ ਲੈ ਗਿਆ ਤੇ ਕਹਿੰਦਾ ਅਮਰੀਕਾ ਕੀ ਕਰਨ ਆਇਆਂ....? ਮੈਂ ਕਿਹਾ ਘੁੰਮਣ ਫਿਰਨ ‘ਕਹਿੰਦਾ ਸੱਚੋ ਸੱਚ ਦੱਸ ਅਸਲ ਸਟੋਰੀ ਕੀ ਹੈ..? ਨਾਲੇ ਮੇਰੀ ਕੁਰਸੀ ਵਿੱਚ ਠੁੱਡਾ ਮਾਰਿਆ ਮੈਂ ਕੁਝ ਕੁ ਸਹਿਮ ਗਿਆ ਕਿ ਅਮਰੀਕਾ ਵਿੱਚ ਇਹ ਕੀ ਹੋ ਰਿਹਾ ਹੈ..! ਕਦੇ ਕੰਧ ਵਿੱਚ ਮੁੱਕੇ ਮਾਰੇ ਕਦੇ ਮੁੱਠੀ ਵੱਟਕੇ ਦੂਸਰੇ ਹੱਥ ਨਾਲ ਮਲੀ ਜਾਵੇ ਜਿਵੇਂ ਮੈਨੂੰ ਸੁਚੇਤ ਕਰ ਰਿਹਾ ਹੋਵੇ ਕਿ ਤੈਨੂੰ ਪਤਾ ਨਹੀ ਮੈਂ ਕੀ ਕਰ ਸਕਦਾ ਹਾਂ। ਕਦੇ ਕਹੇ ਮੈਂ ਤੈਨੂੰ ਡਿਪੋਟ ਕਰ ਦੇਵਾਂਗਾ। ਅਖੀਰ ਜਦੋਂ ਓਹਨੇ ਵੇਖਿਆ ਵੀ ਇਹ ਭੋਰਾ ਵੀ ਨਹੀ ਥਿੜਕ ਰਿਹਾ ਤੇ ਅੰਗ੍ਰੇਜ਼ੀ ਨੂੰ ਵੀ ਵਾਹਵਾ ਮੂੰਹ ਮਾਰਦਾ ਤਾਂ ਬੁੜ ਬੁੜ ਕਰਦਾ ਕਮਰੇ ‘ਚੋਂ ਬਾਹਰ ਚਲਿਆ ਗਿਆ ਤੇ ਇੱਕ ਹੋਰ ਚਿੱਟ ਕੱਪੜੀਏ ਨੂੰ ਅੰਦਰ ਘੱਲ ਦਿੱਤਾ ਉਹ ਆਉਂਦਾ ਹੀ ਕਹਿੰਦਾ ਅੱਛਾ ਕੰਮ ਕਰਨ ਤੇ ਪੱਕਾ ਹੋਣ ਲਈ ਅਮਰੀਕਾ ਆਇਆ..! ਮੈਂ ਕਿਹਾ ਨਹੀ ਸਰ ਮੈਂ ਅਮੈਰਿਕਾ ਘੁੰਮਣ ਆਇਆ ਹਾਂ। ਮੇਰੇ ਬਟੂਏ ਤੋਂ ਲੈ ਕੇ ਪੂਰੀ ਜਾਮਾ ਤਲਾਸ਼ੀ ਕਰਨ ਉਪਰੰਤ ਮੇਰੇ ਪੈਸੇ ਚਿੱਕ ਕੀਤੇ ਕਿ ਕਿੰਨੇ ਪੈਸੇ ਨੇ ਮੇਰੀ ਜੇਬ ਵਿੱਚ, ਕਿਤੇ ਨਕਲੀ ਨੋਟ ਤਾਂ ਨਹੀ ਲਈ ਫਿਰਦਾ। ਕਦੇ ਕਹੇ ਤੁਹਾਡੇ ਦੇਸ਼ ਵਿੱਚ ਵੱਡਾ ਤਿਉਹਾਰ ਦੀਵਾਲੀ ਮਨਾਇਆ ਜਾ ਰਿਹਾ ਤੂੰ ਇੰਡੀਆਂ ਕਿਉਂ ਨਹੀ ਗਿਆ..? ਕਦੇ ਕਹੇ ਤੇਰੀ ਘਰਵਾਲ਼ੀ ਤੇ ਬੱਚੀ ਇੰਡੀਆ ਤੂੰ ਉਹਨਾਂ ਨੂੰ ਛੱਡਕੇ ਅਮਰੀਕਾ ਆ ਗਿਆ ਤੈਨੂੰ ਤੇਰੇ ਪਰਿਵਾਰ ਨਾਲ ਕੋਈ ਪਿਆਰ ਨਹੀ..! ਬੇਹੂਦਾ ਪ੍ਰਸ਼ਨ ਕਰ ਕਰਕੇ ਮੇਰਾ ਬੁਰਾ ਹਾਲ ਕਰ ਦਿੱਤਾ, ਮੈਂ ਕਿਹਾ ਤੁਹਾਡੀ ਗੌਰਮਿੰਟ ਨੇ ਮੈਨੂੰ ਵੀਜ਼ਾ ਦਿੱਤਾ ਮੈਂ ਤੁਹਾਡਾ ਮਹਿਮਾਨ ਹਾਂ ਤੁਸੀ ਮੈਨੂੰ ਇਸ ਤਰੀਕੇ ਨਾਲ ਟਰੀਟ ਕਰ ਰਹੇ ਹੋ ਜਿਵੇਂ ਮੈਂ ਕਰੀਮੀਨਲ ਹੋਵਾ..! ਮੈਂ ਕਿਹਾ ਇਹ ਤੁਹਾਡਾ ਦੇਸ਼ ਹੈ ਜਿਵੇਂ ਜੀ ਕਰਦਾ ਕਰੋ..! ਫੇਰ ਮੇਰੇ ਮਿੱਤਰ ਜਿਨ੍ਹਾਂ ਕੋਲ ਮੈਂ ਆਉਣਾ ਸੀ ਉਹਨਾਂ ਨੂੰ ਫ਼ੋਨ ਕਰਕੇ ਇੱਕ ਇੱਕ ਗੱਲ ਪੁੱਛੀ ਜਦੋਂ ਹੋਰ ਕੋਈ ਚਾਰਾ ਨਹੀ ਚੱਲਿਆ ਫੇਰ ਮੇਰੀ ਛੇ ਮਹੀਨੇ ਦੀ ਐਂਟਰੀ ਕੈਂਸਲ ਕਰਕੇ ਸਿਰਫ ਤਿੰਨ ਹਫ਼ਤੇ ਦੀ ਐਂਟਰੀ ਦਿੱਤੀ। ਨਾ ਇੱਥੇ ਕਿਸੇ ਮਿੱਤਰ ਪਿਆਰੇ ਕੋਲ ਟਾਇਮ ਹੈ ਸਾਰੇ ਕੰਮ ਕਾਰ ਅਤੇ ਪਰਿਵਾਰ ਵਿੱਚ ਐਨੇ ਰੁੱਝੇ ਹੋਏ ਹਨ ਕਿ ਬੱਸ ਮਸ਼ੀਨ ਵਾਂਗ ਚੱਲ ਰਹੇ ਹਨ। ਮੈਂ ਤਾਂ ਪੰਜਾਬ ਤੋਂ ਅਮਰੀਕਾ ਆਉਣ ਦੇ ਚਾਹਵਾਨ ਮੁੰਡਿਆਂ ਨੂੰ ਏਹੋ ਬੇਨਤੀ ਕਰਨੀ ਚਾਹੂੰਗਾ ਕਿ ਕਿਰਪਾ ਕਰਕੇ ਘਰਦਿਆਂ ਦੀ ਮਿਹਨਤ ਨਾਲ ਕਮਾਇਆ ਪੱਚੀ ਤੀਹ ਲੱਖ ਰੁਪੱਈਆ ਪੱਟ ਕੇ ਇੱਥੇ ਨਾਂ ਆਵੋ ਪਹਿਲਾਂ ਵਾਲੀ ਗੱਲ ਨਹੀ ਰਹੀ ਜਦੋਂ ਦਾ ਟਰੰਪ ਰਾਸ਼ਟਰਪਤੀ ਬਣਿਆਂ ਹਰ ਫੌਰਨਰ ਸੈਲਾਨੀ ਨੂੰ ਕੈੜੀ ਨਜ਼ਰ ਨਾਲ ਵੇਖਦੇ ਹਨ। ਇੱਥੇ ਆਕੇ ਪਤਾ ਲੱਗਦਾ ਕਿਹੜੇ ਭਾਅ ਵਿੱਕਦੀ ਹੈ। ਇੱਕ ਸ਼ਪੈਨਿਸ਼ ਮੂਲ ਦੀ ਲੜਕੀ ਨੂੰ ਇਸ ਤਰਾਂ ਦੇ ਸਵਾਲ ਕੀਤੇ ਅਖੇ ਤੈਨੂੰ ਕੌਣ ਲੈਣ ਆਇਆ ਬਾਹਰ ਉਹ ਆਹਦੀ ਮੇਰਾ ਬੁਆਏ ਫਰੈਂਡ, ‘ਇੰਮੀਗ੍ਰੇਸ਼ਨ ਅਫਸਰ ਉਹਨੂੰ ਕਹਿੰਦਾ ਕੀ ਤੇਰੇ ਓਹਦੇ ਨਾਲ ਫਿਜੀਕਲ ਰਿਲੇਸ਼ਨ ਹਨ..! ਕੁੜੀ ਵਿਚਾਰੀ ਰੋਣ ਲੱਗ ਗਈ। ਬਹੁਤ ਘਟੀਆ ਪੱਧਰ ਦੇ ਸੁਆਲ ਜੁਆਬ ਕਰਕੇ ਇੱਕ ਤਰਾਂ ਨਾਲ ਬੰਦੇ ਨੂੰ ਪੂਰਾ ਜ਼ਲੀਲ ਕਰਦੇ ਹਨ ਕਿ ਹੋਰ ਕੋਈ ਅਮਰੀਕਾ ਵੱਲ ਨੂੰ ਮੂੰਹ ਹੀ ਨਾਂ ਕਰੇ। ਬਹੁਤਿਆਂ ਨੂੰ ਏਅਰ ਪੋਰਟ ਤੋਂ ਡਿਪੋਟ ਕਰ ਦਿੰਦੇ ਹਨ।

ਫੇਰ ਐਂਟਰੀ ਐਨੀ ਥੋੜੀ ਕਿ ਤੁਸੀ ਵਕੀਲ ਕੀ ਕਰਨਾ, ਬੰਦਾ ਕਿਤੇ ਇਹਨਾਂ ਦੀ ਸ਼ਿਕਾਇਤ ਵੀ ਨਹੀ ਕਰ ਸਕਦਾ। ਮੇਰੀ ਅਮਰੀਕਾ ਆਉਣ ਦੇ ਚਾਹਵਾਨ ਵੀਰਾਂ ਨੂੰ ਬੇਨਤੀ ਹੈ ਕਿ ਪੈਸੇ ਪੱਟਣ ਤੋਂ ਪਹਿਲਾਂ ਇਹ ਸਾਰੀਆਂ ਗੱਲਾਂ ਦਿਮਾਗ ਵਿੱਚ ਰੱਖ ਲਿਓ ਕਿ ਉਥੇ ਜਾਕੇ ਆਹ ਕੁੱਤੇ-ਖਾਣੀ ਹੋਣੀ ਹੈ। ਇਹ ਮੈਂ ਸਿੱਧੇ ਰਸਤੇ ਆਉਣ ਦੀ ਗੱਲ ਸੁਣਾਈ ਹੈ। ਜਿਹੜੇ ਬਾਡਰ ਵਗੈਰਾ ਟੱਪਣ ਨੂੰ ਫਿਰਦੇ ਹਨ ਦੁਬਾਰਾ ਵਿਚਾਰ ਜ਼ਰੂਰ ਕਰ ਲਿਓ। ਮੈਨੂੰ ਬਹੁਤ ਨਿਰਾਸ਼ਾ ਹੋਈ ਕਿ ਅਮਰੀਕਾ ਵਿੱਚ ਵੀ ਕਿਸੇ ਬੰਦੇ ਨਾਲ ਇਸ ਤਰਾਂ ਦਾ ਵਿਵਹਾਰ ਹੋ ਸਕਦਾ।

ਨੀਟੇ ਬਾਈ ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਉਣ ਦੇ ਹੋਰ ਕਹਿਕੇ ਬਾਈ ਫ਼ੋਨ ਕੱਟ ਗਿਆ।

# ਅਮਰਜੀਤ ਕਸਕ ਦੀ ਕਾਵਿ-ਪੁਸਤਕ ਰਿਲੀਜ਼

**ਪਟਿਆਲਾ–** ਬੀਤੇ ਦਿਨੀ ਅਕੈਡਮਿਕ ਸਟਾਫ਼ ਕਾਲਜ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅਮਰਜੀਤ ਕਸਕ ਦੀ ਨਵੀਂ ਕਾਵਿ ਪੁਸਤਕ ’ਸਾਣ ਤੇ ਲੱਗਿਆ ਸਵੈ’ ਰਿਲੀਜ਼ ਕੀਤੀ ਗਈ। ਇਹ ਕਾਵਿ-ਪੁਸਤਕ ਅਕੈਡਮਿਕ ਸਟਾਫ਼ ਕਾਲਜ ਦੇ ਡਾਇਰੈਕਟਰ ਡਾ. ਯੋਗਰਾਜ ਅਤੇ ਡਾ. ਮੋਹਨ ਸਿੰਘ ਤਿਆਗੀ ਦੁਆਰਾ ਰਿਲੀਜ਼ ਕੀਤੀ ਗਈ। ਜ਼ਿਕਰਯੋਗ ਹੈ ਕਿ ਅਮਰਜੀਤ ਕਸਕ ਪੰਜਾਬੀ ਦੇ ਇਕ ਚਰਚਿਤ ਸ਼ਾਇਰ ਹਨ। ਇਸ ਤੋਂ ਪਹਿਲਾਂ ਉਹ ’ਮਾਂਗੀ ਬਲੇ ਸੰਧੂਰ’, ’ਆਪਣੀ ਆਪਣੀ ਲੋਅ’ ਅਤੇ ’ਗਹਿਰ’ ਨਾਮਕ ਕਾਵਿ-ਪੁਸਤਕਾਂ ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕੇ ਹਨ। ਪੁਸਤਕ ਰਿਲੀਜ਼ ਦੀ ਰਸਮ ਮੌਕੇ ਅਮਰਜੀਤ ਕਸਕ ਨੇ ਆਪਣੀਆਂ ਕੁਝ ਚੋਣਵੀਆਂ ਨਜ਼ਮਾਂ ਵੀ ਸਰੋਤਿਆਂ ਦੇ ਸਨਮੁੱਖ ਕੀਤੀਆਂ। ਇਸ ਮੌਕੇ ਡਾ. ਗੁਰਜੰਟ ਸਿੰਘ, ਪ੍ਰੋ. ਪਰਮਜੀਤ ਕੌਰ, ਡਾ. ਪਰਮਵੀਰ ਸਿੰਘ, ਮਨੋਹਰ ਲਾਲ, ਮਨਜੀਤ ਕੌਰ, ਹਰਮੇਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਖੋਜ ਵਿਦਿਆਰਥੀ ਹਾਜ਼ਰ ਸਨ।



# ਸੁੰਨੇ ਘਰ

(ਬਲਵੀਰ ਮੰਨਣ)
94173-45485
ਰਿਸਰਚ ਸਕਾੱਲਰ (ਪੰਜਾਬੀ ਵਿਭਾਗ)
ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ।



ਸੁੰਨੇ ਹੋ ਜਾਂਦੇ ਨੇ ਘਰ, ਜਦੋਂ ਉਨ੍ਹਾਂ ਵਿੱਚੋਂ, ਪਿਆਰ ਕਰਨ ਵਾਲੀਆਂ ਰੂਹਾਂ ਤੁਰ ਜਾਂਦੀਆਂ ਹਨ। ਮਕਾਨ ਤਾਂ ਭਾਵੇਂ ਫਿਰ ਵੀ ਓਥੇ ਹੀ ਖੜ੍ਹੇ ਰਹਿੰਦੇ ਹਨ, ਪਹਿਲਾਂ ਦੀ ਤਰ੍ਹਾਂ ਨਿਸ਼ਚਲ, ਸਥਿਰ। ਪਰ ਉਨ੍ਹਾਂ ਦੀ ਆਤਮਾ ਉਨ੍ਹਾਂ ਵਿਚ ਨਹੀਂ ਹੁੰਦੀ। ਰਹਿ ਜਾਂਦੇ ਨੇ ਕੇਵਲ ਇੱਟਾਂ-ਬੱਟੇ। ਉਹ ਪਿਆਰ ਕਰਨ ਵਾਲੀਆਂ ਰੂਹਾਂ ਘਰ ਦੀ ਰੌਣਕ ਹੁੰਦੀਆਂ ਹਨ। ਉਨ੍ਹਾਂ ਦੇ ਪਿਆਰ ਦੇ ਵਲਵਲੇ ਘਰ ਦੇ ਜਿਉਂਦਾ-ਜਾਗਦਾ ਹੋਣ ਦਾ ਸਬੂਤ ਹੁੰਦੇ ਹਨ। ਬੱਸ, ਜਦੋਂ ਉਹ ਰੂਹਾਂ ਤੁਰ ਜਾਣ ਤਾਂ ਘਰਾਂ ਵਿੱਚ ਕੁਝ ਵੀ ਬਾਕੀ ਨਹੀਂ ਰਹਿੰਦਾ। ਦੁਨੀਆਂ ਦੀ ਨਜ਼ਰੇ ਤਾਂ ਭਾਵੇਂ ਸਭ ਕੁਝ ਉਵੇਂ ਦਾ ਉਵੇਂ ਹੀ ਹੁੰਦਾ ਹੈ ਪਰ ਜਿਹੜੇ ਉਸ ਥਾਂ ਤੋਂ ਪ੍ਰੀਤਾਂ ਦਾ ਨਿੱਘ ਸੇਕਦੇ ਰਹੇ ਹੋਣ, ਉਨ੍ਹਾਂ ਦੇ ਦਿਲਾਂ ਨੂੰ ਪੁੱਛ ਕੇ ਦੇਖਿਓ, ਕਿਤੇ ਫਰੋਲ ਕੇ ਦੇਖਿਓ ਉਨ੍ਹਾਂ ਦਿਲਾਂ ਨੂੰ। ਕੁਝ ਵੀ ਬਾਕੀ ਨਹੀਂ ਹੁੰਦਾ ਉਨ੍ਹਾਂ ਥਾਵਾਂ 'ਤੇ। ਤੁਰ ਗਏ ਨੇ ਮੇਰੇ ਮਾਮਾ ਜੀ ਪਿਛਲੇ ਦਿਨੀਂ। ਮਾਮੀ ਜੀ ਉਨ੍ਹਾਂ ਨਾਲੋਂ ਤਿੰਨ ਕੁ ਸਾਲ ਪਹਿਲਾਂ ਤੁਰ ਗਏ ਸਨ। ਪਿਆਰ ਵਾਲੀ ਜੋਟੀ ਬਿਖਰ ਗਈ ਸੀ। ਮਾਮਾ ਜੀ ਦੇ ਦਿਲ ਨੂੰ ਹੁਣ ਟਿਕਾਅ ਨਹੀਂ ਸੀ ਕਿਸੇ ਪਾਸੇ। ਜ਼ਿੰਦਗੀ ਦੇ ਇਕੱਠਿਆਂ ਗੁਜ਼ਾਰੇ ਏਨੇ ਸਾਲ, ਤੇ ਉਨ੍ਹਾਂ ਮਗਰੋਂ ਪੈ ਜਾਣ ਵਾਲਾ ਵਿਛੋੜਾ, ਸਰੀਰ ਤੇ ਮਨ ਨੂੰ ਖੋਖਲਾ ਕਰ ਦਿੰਦਾ ਹੈ। ਸੱਚੀ ਖੋਖਲ (ਕਲਬੂਤ) ਹੀ ਆਪਣੇ ਸਾਹਾਂ ਨੂੰ ਮੁਕਾਉਣ ਦੀ ਦੌੜ ਵਿੱਚ ਲੱਗਾ ਹੋਇਆ ਹੁੰਦਾ ਹੈ, ਹੋਰ ਕੁਝ ਨਹੀਂ।

ਦੋਵੇਂ ਪਿਆਰ ਵਾਲੀਆਂ ਰੂਹਾਂ। ਅਪਣੱਤ ਦੇ ਮੁਜੱਸਮੇ।

ਮੇਰੇ ਮਾਤਾ ਜੀ ਸੰਨ 1984 ਵਿੱਚ ਪੂਰੇ ਹੋ ਗਏ ਸਨ, ਜਦੋਂ ਮੈਂ ਚਾਰ ਕੁ ਸਾਲ ਦਾ ਸੀ। ਮੇਰੇ ਮਾਤਾ ਜੀ ਛੇ ਭੈਣਾਂ ਅਤੇ ਤਿੰਨ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ। ਮਾਮਾ ਜੀ, ਜਿਨ੍ਹਾਂ ਬਾਰੇ ਗੱਲ ਕੀਤੀ ਜਾ ਰਹੀ ਹੈ, ਘਰ ਵਿੱਚ ਸਭ ਤੋਂ ਵੱਡੇ ਸਨ। ਉਨ੍ਹਾਂ ਨੇ ਮੇਰੇ ਮਾਤਾ ਜੀ ਨੂੰ ਧੀਆਂ ਵਾਂਗੂੰ ਪਾਲ਼ਿਆ ਸੀ। ਨਾਨਾ ਜੀ ਪਹਿਲਾਂ ਚੜ੍ਹਾਈ ਕਰ ਗਏ ਸਨ ਤੇ ਤਦ ਤੋਂ ਸਾਰੀ ਜ਼ਿੰਮੇਵਾਰੀ ਉਨ੍ਹਾਂ (ਮਾਮਾ ਜੀ) ਸਿਰ ਹੀ ਸੀ। ਮਾਮਾ ਜੀ ਤੇ ਮਾਮੀ ਜੀ ਨੇ, ਬਾਬਲ ਤੇ ਅੰਮੜੀ ਦੀ ਨਿਆਈਂ ਮੇਰੇ ਮਾਤਾ ਜੀ ਦਾ ਡੋਲਾ ਆਪਣੇ ਹੱਥੀਂ ਤੋਰਿਆ ਸੀ। ਮੈਂ ਆਪਣੇ ਮਾਤਾ ਜੀ ਨਾਲ ਕਈ ਵਾਰ ਨਾਨਕੀਂ ਰਹਿ ਕੇ ਆਉਂਦਾ ਸੀ, ਯਾਦ ਹੈ ਥੋੜ੍ਹਾ-ਥੋੜ੍ਹਾ। ਉਸ ਘਰ ਵਿੱਚ ਉਸ ਵੇਲ਼ੇ ਤੱਕੇ ਅਪਣੱਤ ਦੇ ਭਾਵ ਮਾਤਾ ਜੀ ਦੇ ਸੁਰਗਵਾਸ ਹੋਣ ਮਗਰੋਂ ਮੈਨੂੰ ਲਗਾਤਾਰ ਆਪਣੀ ਤਰਫ਼ ਖਿੱਚਦੇ ਰਹੇ ਸਨ ਤੇ ਮੈਂ ਅਕਸਰ ਉਸ ਘਰ ਵਿੱਚ ਪਿਆਰ ਦੀ ਛਾਂ ਮਾਨਣ ਹਿੱਤ ਕਈ-ਕਈ ਦਿਨ ਰਹਿ ਕੇ ਆਉਂਦਾ ਰਿਹਾ ਸਾਂ। ਮੇਰਾ ਇੱਕ ਹੀ ਵਾਂਢਾ ਹੁੰਦਾ ਸੀ, ਮੇਰੇ ਨਾਨਕੇ। ਹੋਰ ਕਿਤੇ ਮੇਰਾ ਦਿਲ ਨਹੀਂ ਸੀ ਲੱਗਦਾ। ਮਾਮਾ ਜੀ ਉਰਦੂ ਦੀਆਂ ਚਾਰ ਜਮਾਤਾਂ ਪੜ੍ਹੇ ਹੋਏ ਸਨ ਅਤੇ ਹਿਸਾਬ-ਕਿਤਾਬ ਜਾਣਦੇ ਸਨ, ਬਲਕਿ ਹਿਸਾਬ-ਕਿਤਾਬ ਦੇ ਚੰਗੇ ਵਾਕਫ਼ ਸਨ। ਉਨ੍ਹਾਂ ਦੀ ਗਾਈਡੈਂਸ ਅਤੇ ਪ੍ਰੇਰਨਾ ਨਾਲ ਜਦੋਂ ਮੈਂ ਈ.ਟੀ.ਟੀ. ਦਾ ਐਂਟਰੈਂਸ ਪੇਪਰ ਦਿੱਤਾ ਤੇ ਕੋਰਸ ਲਈ ਸਿਲੈੱਕਟ ਹੋ ਗਿਆ ਤਾਂ ਇਹ ਸੁਭਾਗੀ ਜੋੜੀ ਬੜੀ ਖ਼ੁਸ਼ ਹੋਈ ਸੀ। ਉਨ੍ਹਾਂ ਨੇ ਖ਼ੁਸ਼ੀ ਨਾਲ ਬਾਹਰਲੀ (ਵਿਦੇਸ਼ੀ) ਅਣ-ਸੀਤੀ ਪੈਂਟ-ਕਮੀਜ਼ ਮੈਨੂੰ ਦਿੱਤੀ ਸੀ। ਪੈਂਟ ਸਲੇਟੀ ਰੰਗ ਦੀ ਸੀ। ਓਧਰ ਸਾਡੀ ਸਿਖਲਾਈ ਸੰਸਥਾ ਵਿੱਚ ਯੂਨੀਫ਼ਾਰਮ ਲੱਗੀ ਤਾਂ ਉਹ ਵੀ ਸਲੇਟੀ ਰੰਗ ਦੀ ਪੈਂਟ ਤੇ ਚਿੱਟੀ ਕਮੀਜ਼। ਮੈਂ ਚਿੱਟੀ ਕਮੀਜ਼ ਦਾ ਕੱਪੜਾ ਮੁੱਲ ਲੈ ਲਿਆ ਤੇ ਮਾਮਾ ਜੀ ਤੇ ਮਾਮੀ ਦੀ ਦੀ ਦਿੱਤੀ ਹੋਈ ਵਰਦੀ ਵਿੱਚੋਂ ਸਲੇਟੀ ਰੰਗ ਦੀ ਪੈਂਟ ਕੱਢ ਕੇ ਯੂਨੀਫ਼ਾਰਮ ਦੀ ਸਿਲਾਈ ਕਰਵਾ ਲਈ। ਘਰੋਂ ਕਮਜ਼ੋਰ ਹੋਣ ਕਾਰਨ ਮੇਰੇ ਲਈ ਇਹ ਵੱਡਾ ਤੋਹਫ਼ਾ ਸੀ। ਮਾਮਾ ਜੀ ਤੇ ਮਾਮੀ ਜੀ ਦੱਸਦੇ ਹੁੰਦੇ ਸਨ ਕਿ ਜਦੋਂ ਕੁੜੀਆਂ (ਮੇਰੇ ਮਾਤਾ ਜੀ ਦੀਆਂ ਭੈਣਾਂ) ਅਤੇ ਪ੍ਰਾਹੁਣਿਆਂ (ਮੇਰੇ ਮਾਤਾ ਜੀ ਦੇ ਭਣੋਈਆਂ) ਨੇ ਆਉਣਾ ਤਾਂ ਘਰ ਵਿੱਚ ਰੌਣਕ ਲੱਗ ਜਾਣੀ। ਰਾਤ ਨੂੰ ਰੋਟੀ ਟੁੱਕ ਮੁਕਾ ਕੇ, ਖਾ ਕੇ, ਜਿਉਂ ਗੱਲਾਂ ਕਰਨ ਲੱਗਣਾ, ਰਾਤ ਦੇ ਦੋ-ਦੋ ਵੱਜ ਜਾਣੇ। ਤਦ ਕਿਸੇ ਨੇ ਵਿੱਚੋਂ ਆਖਣਾ ਕਿ ਹੁਣ ਤਾਂ ਭੁੱਖ ਲੱਗ ਗਈ। ਫਿਰ ਲੋਹ ਤਪਾ ਲੈਣੀ ਤੇ ਰੋਟੀਆਂ ਪਕਾ ਕੇ ਖਾਣ ਬਹਿ ਜਾਣਾ। ਇਸੇ ਤਰ੍ਹਾਂ ਗੱਲਾਂ ਕਰਦਿਆਂ, ਹੱਸਦਿਆਂ ਦੀ ਰਾਤ ਪਤਾ ਨਹੀਂ ਕਿਹੜੇ ਵੇਲ਼ੇ ਬੀਤ ਜਾਣੀ। ਸਵੇਰ ਨੂੰ ਹਰ ਕੌਰ ਤੇ ਹੋਰ ਗੁਆਂਢਣਾਂ ਨੇ ਹੱਸ ਕੇ ਆਖਣਾ, "ਲੱਗਦਾ ਰਾਤੀਂ ਪ੍ਰਾਹੁਣੇ ਆਇਓ ਸੀ।" ਇਹ ਪਿਆਰ ਦੀਆਂ ਰੌਣਕਾਂ ਸਨ, ਇਹ ਅਪਣੱਤ ਦੇ ਜੋੜ-ਮੇਲੇ ਸਨ। ਹਫ਼ਤੇ, ਪੰਦਰੀਂ ਦਿਨੀਂ, ਮਾਮਾ ਜੀ ਮਾਮੀ ਜੀ ਨੂੰ ਆਪਣੇ ਸਾਈਕਲ 'ਤੇ ਬਿਠਾ ਕੇ ਇੱਕੋ ਦਿਨ ਵਿੱਚ ਕਈ-ਕਈ ਵਾਂਢੇ ਘੁੰਮ ਆਉਂਦੇ ਸਨ। ਜਦੋਂ ਖ਼ੁਸ਼ੀ ਦਾ ਕੋਈ ਮੌਕਾ ਹੋਣਾ ਤਾਂ ਮਾਮਾ ਜੀ ਤੇ ਮਾਮੀ ਜੀ ਨੇ ਪਹੁੰਚ ਜਾਣਾ ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣੀਆਂ। ਖ਼ਾਸਾ ਵੱਡਾ ਪਰਿਵਾਰ ਸੀ ਉਨ੍ਹਾਂ ਦਾ, ਪਰ ਉਨ੍ਹਾਂ ਨੇ ਕਦੇ ਇਸ ਗੱਲ ਨੂੰ ਭਾਰ ਨਹੀਂ ਸੀ ਸਮਝਿਆ ਆਪਣੇ 'ਤੇ। ਸਗੋਂ ਉਹ ਤਾਂ ਖ਼ੁਸ਼ ਹੁੰਦੇ ਸਨ ਸਾਰੀ ਫੁਲਬਾੜੀ ਨੂੰ ਦੇਖ ਕੇ। ਹਰ ਮੌਕੇ ਪਹੁੰਚਦੇ ਸਨ ਉਹ। ਦੁੱਖ ਦੇ ਸਮੇਂ ਤਾਂ ਉਨ੍ਹਾਂ ਦਾ ਕਹਿਣਾ ਹੀ ਕੀ ਸੀ। ਸਾਕਾਦਾਰੀ ਵਿੱਚ ਆਪਣਿਆਂ ਦੇ ਦੁੱਖ ਨੂੰ ਸਮਝਣਾ, ਦੁੱਖ ਨੂੰ ਵੰਡਾਉਣਾ ਤੇ ਦੁੱਖ ਵਿੱਚ ਨਾਲ ਖਲੋਣਾ, ਉਨ੍ਹਾਂ ਦਾ, ਅਲਹਿਦਾ ਹੀ ਸੀ। ਦੂਜੇ ਦੇ ਨਾਲ ਬਹਿ ਕੇ ਰੋਂਦੇ ਸਨ ਉਹ।

ਸਮਾਂ ਕਦੇ ਨਹੀਂ ਰੁਕਦਾ। ਇਹ ਆਪਣੇ ਤੋਂ ਪਿੱਛੇ ਰਹਿਣ ਵਾਲਿਆਂ ਤੇ ਆਪਣੇ ਨਾਲ ਚੱਲਣ ਵਾਲਿਆਂ, ਸਭ ਨੂੰ ਪਛਾੜ ਦਿੰਦਾ ਹੈ। ਮਾਲਾ ਦੇ ਮਣਕੇ, ਜਿਹੜੇ ਪ੍ਰੇਮ ਦੇ ਸੂਤ ਵਿੱਚ ਪਰੋਤੇ ਹੋਏ ਸਨ, ਇੱਕ-ਇੱਕ ਕਰ ਕੇ ਕਿਰ ਗਏ। ਖਿੰਡਰ ਗਏ ਸਾਰੇ, ਤੁਰ ਗਏ ਸਾਰੇ। ਪ੍ਰੇਮ ਵਾਲਾ ਧਾਗਾ ਸੁੰਨਾ ਹੋ ਗਿਆ, ਘਰ ਸੁੰਨੇ ਹੋ ਗਏ। ਘਰਾਂ ਦੀ ਮਹਿਕਣ, ਉਨ੍ਹਾਂ ਦੀ ਟਹਿਕਣ, ਉਨ੍ਹਾਂ ਦੀ ਰਵਾਨਗੀ, ਉਨ੍ਹਾਂ ਅੰਦਰ ਧੜਕਦਾ ਜੀਵਨ, ਰੁਕ ਗਿਆ। ਮਕਾਨ ਹੁਣ ਵੀ ਓਥੇ ਹੀ ਖੜ੍ਹੇ ਹਨ। ਇੱਕ ਦਿਨ ਉਹ ਵੀ ਢਾਹ ਦਿੱਤੇ ਜਾਣਗੇ ਤੇ ਉਨ੍ਹਾਂ ਦੀ ਥਾਂ ਨਵੇਂ ਉਸਰ ਜਾਣਗੇ ਪਰ ਉਹ ਜੀਵਨ, ਉਹ ਸਮਾਂ, ਮੁੜ ਕੇ ਨਹੀਂ ਆਉਣਾ, ਨਾ ਹੀ ਉਹ ਬੰਦੇ ਪਰਤਣਗੇ।

# ਮਿੱਠੀਆਂ ਫੁੱਲੀਆਂ

ਪੱਕਾ ਨਾਂਅ ਤਾਂ ਹੁਣ ਮੈਨੂੰ ਓਹਦਾ ਯਾਦ ਨਹੀਂ ਆ ਰਿਹਾ ਪਰ ਕੱਚਾ ਨਾਂਅ, ਜਿਸ ਨਾਂਅ ਨਾਲ ਉਹਨੂੰ ਸਾਰੇ ਬੁਲਾਉਂਦੇ ਸਨ, 'ਮੂਲਾ' ਸੀ। ਮੂਲਾ ਭਾਵੇਂ ਪੜ੍ਹਨ ਵਿੱਚ ਸਾਧਾਰਨ ਹੀ ਸੀ ਪਰ ਸੰਵੇਦਨਸ਼ੀਲ ਉਹ ਬੜਾ ਸੀ। ਉਹ ਮੇਰਾ ਜਮਾਤੀ ਸੀ। ਉਦੋਂ ਮੇਰਾ ਖ਼ਿਆਲ ਹੈ ਕਿ ਅਸੀਂ ਪੰਜਵੀਂ ਜਮਾਤ ਵਿੱਚ ਪੜ੍ਹਦੇ ਸਾਂ, ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ। ਪੰਜਵੀਂ ਜਮਾਤ ਦਾ ਅੱਧ ਹੋਵੇਗਾ ਉਦੋਂ, ਭਾਵ ਅਕਤੂਬਰ-ਨਵੰਬਰ ਦੇ ਦਿਨ। ਉਨ੍ਹੀਂ ਦਿਨੀਂ ਉਹ ਮੇਰਾ ਬੜਾ ਪ੍ਰੇਮੀ ਹੋ ਗਿਆ ਸੀ। ਸਕੂਲ ਵਿੱਚ ਹਰ ਵੇਲ਼ੇ ਮੇਰੇ ਮਗਰ-ਮਗਰ ਘੁੰਮਦੇ ਰਹਿਣਾ। ਜਦੋਂ ਮੈਂ ਕਿਤੇ ਕਮਰੇ ਤੋਂ ਬਾਹਰ ਵਰਾਂਡੇ ਵੱਲ ਆਉਣਾ, ਤਾਂ ਵੀ ਮੇਰੇ ਪਿੱਛੇ-ਪਿੱਛੇ। ਉਨ੍ਹੀਂ ਦਿਨੀਂ ਅਕਸਰ ਪੰਜਾਹ ਪੈਸੇ ਦਾ ਛੋਟਾ ਜਿਹਾ ਲਿਫ਼ਾਫ਼ਾ (ਲਿਫ਼ਾਫ਼ੀ ਜਿਹੀ), ਜਿਹੜਾ ਮਿੱਠੀਆਂ ਫੁੱਲੀਆਂ ਨਾਲ ਦੁਕਾਨ ਵਾਲੇ ਉਦੋਂ ਪੂਰਾ ਭਰ ਦਿੰਦੇ ਸਨ, ਮੇਰੇ ਲਈ ਲੈ ਕੇ ਆਉਂਦਾ। ਤੇ ਦਿਨ ਵਿੱਚ ਇੱਕ ਵਾਰ ਨਹੀਂ, ਦੋ-ਦੋ ਤਿੰਨ-ਤਿੰਨ ਵਾਰੀ। ਘਰੋਂ ਇੱਕ-ਅੱਧ ਰੁਪਈਆ ਲੈ ਕੇ ਆਉਂਦਾ ਹੋਵੇਗਾ ਵਿਚਾਰਾ। ਉਨ੍ਹੀਂ ਦਿਨੀਂ ਇੱਕ ਰੁਪਈਆ ਵੀ ਬੜਾ ਸੀ।

ਮੈਨੂੰ ਤਾਂ ਘਰੋਂ ਉਦੋਂ ਚੁਆਨੀ (ਚਾਰ ਆਨੇ) ਹੀ ਮਿਲਦੀ ਸੀ, ਉਹ ਵੀ ਕਦੇ-ਕਦੇ। ਕਈ ਵਾਰੀ ਮੇਰਾ ਮਨ ਵਾਰ-ਵਾਰ ਫੁੱਲੀਆਂ ਖਾਣ ਨੂੰ ਨਾ ਕਰਨਾ ਪਰ ਇੱਕ ਤਾਂ ਉਹ ਮੇਰੇ ਲਈ ਲੈ ਕੇ ਆਇਆ ਹੁੰਦਾ ਸੀ ਤੇ ਦੂਜਾ ਉਹ ਪ੍ਰੇਮੀ ਹੋਣ ਕਰਕੇ ਆਪਣੇ ਆਪ ਨੂੰ ਕੁਝ ਧੱਕੇਸ਼ਾਹੀ ਦਾ ਹੱਕਦਾਰ ਵੀ ਸਮਝਦਾ ਸੀ, ਸੋ ਮੈਂ ਖਾ ਲੈਂਦਾ। ਦਿਲੋਂ ਪ੍ਰੇਮ ਕਰਦਾ ਸੀ ਮੇਰੇ ਨਾਲ। ਲਾਲਚ ਉਸਨੂੰ ਕੋਈ ਨਹੀਂ ਸੀ।

ਅਸੀਂ ਦੋਹਾਂ ਨੇ ਪੰਜਵੀਂ ਜਮਾਤ ਪਾਸ ਕਰ ਲਈ। ਮੈਂ ਜਮਾਤ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ ਸੀ। ਸਾਰੇ ਬੱਚੇ ਪਾਸ ਹੋ ਗਏ ਸਨ। ਮੂਲਾ ਬਾਕੀ ਬੱਚਿਆਂ ਸਮੇਤ ਸਰਕਾਰੀ ਹਾਈ ਸਕੂਲ ਨੌਗੱਜੇ ਦਾਖ਼ਲ ਹੋ ਗਿਆ ਤੇ ਮੈਂ ਡੀ.ਐੱਸ.ਐੱਸ.ਡੀ. ਹਾਈ ਸਕੂਲ ਬੱਲ ਵਿਖੇ। ਉਸਦੇ ਸਕੂਲ ਨੂੰ ਜਾਂਦਾ ਰਸਤਾ ਤੇ ਮੇਰੇ ਸਕੂਲ ਦਾ ਰਾਹ, ਦੋਵੇਂ ਉਲਟ ਦਿਸ਼ਾਵਾਂ ਵਿੱਚ ਸਨ। ਉਹ ਪੱਛਮ ਵੱਲ ਉੱਤਰ ਜਾਂਦਾ ਤੇ ਮੈਂ ਪੂਰਬ ਤਰਫ਼ ਚਲਾ ਜਾਂਦਾ। ਹੁਣ ਅਸੀਂ ਮੇਰਾ ਖ਼ਿਆਲ ਕਦੇ ਨਹੀਂ ਸਾਂ ਮਿਲੇ। ਨੌਵੀਂ ਜਮਾਤ ਵਿੱਚ ਮੈਂ ਵੀ ਉਸੇ ਵਾਲੇ ਸਕੂਲ ਵਿੱਚ ਦਾਖ਼ਲ ਹੋ ਗਿਆ ਪਰ ਉਦੋਂ ਤੱਕ, ਪਤਾ ਨਹੀਂ ਕਿਉਂ, ਮੂਲਾ ਪੜ੍ਹਾਈ ਛੱਡ ਚੁੱਕਾ ਸੀ। ਹੁਣ ਵੀ ਉਹ ਘੱਟ ਹੀ ਟੱਕਰਦਾ ਸੀ। ਜਦੋਂ ਅਸੀਂ ਕਿਤੇ ਰਾਹ-ਗ਼ਲੀ ਮਿਲਦੇ ਤਾਂ ਉਹ ਮੈਨੂੰ ਬੁਲਾਉਂਦਾ ਜ਼ਰੂਰ।

ਸਮੇਂ ਦਾ ਕਦੇ ਨਾ ਰੁਕਣ ਵਾਲਾ ਪਹੀਆ ਆਪਣੀ ਗਤੀ ਅਨੁਸਾਰ ਤੁਰਾ ਜਾਂਦਾ ਰਿਹਾ। ਅਸੀਂ ਦੋਵੇਂ ਵੱਡੇ ਹੋ ਗਏ। ਮੂਲਾ ਫਿਰ ਗ਼ਲਤ ਸੰਗਤ ਵਿੱਚ ਪੈ ਗਿਆ ਤੇ ਨਸ਼ਿਆਂ ਦਾ ਆਦੀ ਹੋ ਗਿਆ। ਸਿਹਤ ਪੱਖੋਂ ਬੜਾ ਕਮਜ਼ੋਰ ਹੋ ਗਿਆ ਸੀ ਹੁਣ ਉਹ। ਜਦੋਂ ਕਦੇ ਮਿਲਣਾ ਤਾਂ ਬੜੇ ਪਿਆਰ ਨਾਲ ਬੁਲਾਉਣਾ। ਘਰ ਦਿਆਂ ਨੇ ਬੜਾ ਸਮਝਾਇਆ, ਬੜਾ ਇਲਾਜ ਕਰਵਾਇਆ ਪਰ ਮੂਲਾ ਮੌਤ ਵੱਲ ਜਾਂਦੇ ਉਸ ਰਾਹ ਤੋਂ ਪਿੱਛੇ ਨਾ ਮੁੜ ਸਕਿਆ। ਆਖ਼ਰ ਉਹੀ ਹੋਇਆ ਕਿ ਭਰ ਜਵਾਨੀ ਵਿੱਚ ਉਹ ਇੱਕ ਰੋਜ਼ ਮੌਤ ਦੇ ਮੂੰਹ ਵਿੱਚ ਜਾ ਪਿਆ। ਸਾਰਾ ਟੱਬਰ ਬੇਵੱਸ ਸੀ। ਸਾਰੇ ਜ਼ਾਰੋ-ਜ਼ਾਰ ਵਿਲਕ ਰਹੇ ਸਨ ਪਰ ਮੂਲਾ ਸ਼ਾਂਤ ਪਿਆ ਹੋਇਆ ਸੀ।

ਅੱਜ ਕਈ ਸਾਲ ਲੰਘ ਗਏ ਨੇ ਉਸਨੂੰ ਗੁਜ਼ਰ ਗਿਆਂ ਤੇ ਕਈ ਵਰ੍ਹੇ ਬੀਤ ਗਏ ਨੇ ਸਾਨੂੰ ਪੰਜਵੀਂ ਪਾਸ ਕੀਤਿਆਂ, ਤਕਰੀਬਨ ਸਤਾਈ ਸਾਲ। ਪਰ ਇਨ੍ਹੀਂ ਦਿਨੀਂ ਮੈਨੂੰ ਮੂਲੇ ਦੀਆਂ ਖਵਾਈਆਂ ਮਿੱਠੀਆਂ ਫੁੱਲੀਆਂ ਪਤਾ ਨਹੀਂ ਕਿਉਂ ਬੜੀਆਂ ਚੇਤੇ ਆਈਆਂ ਹਨ। ਹਾਂ, ਇਹ ਅਕਤੂਬਰ ਮਹੀਨੇ ਦੇ ਆਖ਼ਰੀ ਦਿਨ ਹੀ ਤਾਂ ਹਨ, ਜਿਨ੍ਹੀਂ ਦਿਨੀਂ ਉਹ ਮਿੱਠੀਆਂ ਫੁੱਲੀਆਂ ਦੀ ਲਿਫ਼ਾਫ਼ੀ ਲੈ ਕੇ ਮੇਰੇ ਮਗਰ ਘੁੰਮਦਾ ਹੁੰਦਾ ਸੀ।

**(ਬਲਵੀਰ ਮੰਨਣ)**

# ਪਿਆਰ ਕੀ ਹੈ?

ਪਿਆਰ ਉਹ ਜਜ਼ਬਾ ਹੈ, ਜਿਸ ਵਿੱਚ ਕੇਵਲ ਪਿਆਰੇ ਨੂੰ ਹੀ ਪ੍ਰਮੁਖਤਾ ਦਿੱਤੀ ਜਾਂਦੀ ਹੈ। ਇਸ ਜਜ਼ਬੇ ਵਿੱਚ ਪਿਆਰ ਕਰਨ ਵਾਲੇ ਦੀ ਕੋਈ ਹੋਂਦ ਨਹੀਂ ਹੁੰਦੀ। ਪਿਆਰਾ ਹੀ, ਪਿਆਰ ਕਰਨ ਵਾਲੇ ਲਈ, ਸਾਰਾ ਕੁਝ ਹੁੰਦਾ ਹੈ। ਪਿਆਰੇ ਤੋਂ ਬਿਨਾ ਪਿਆਰ ਕਰਨ ਵਾਲੇ ਲਈ ਬ੍ਰਹਿਮੰਡ ਦੀ ਹੋਰ ਕੋਈ ਚੀਜ਼ ਮਾਇਨੇ ਨਹੀਂ ਰੱਖਦੀ। ਪਿਆਰ ਕਰਨ ਵਾਲਾ ਤਾਂ ਪਿਆਰੇ ਦੀਆਂ ਨਜ਼ਰਾਂ ਵਿੱਚ ਪ੍ਰਵਾਨ ਹੋਣਾ ਲੋਚਦਾ ਹੈ; ਉਸਦਾ ਇੱਕ ਮੁਸਕੜੀ ਹਾਸਾ ਤੱਕਣਾ ਲੋਚਦਾ ਹੈ, ਬੱਸ। ਉਸ ਲਈ ਲੋਕਾਚਾਰ ਜਾਂ ਕੋਈ ਹੋਰ ਚੀਜ਼, ਕੋਈ ਹੋਂਦ ਨਹੀਂ ਰੱਖਦੀ। ਉਸ ਨੂੰ ਧਿਆਨ ਹੀ ਨਹੀਂ ਰਹਿੰਦਾ ਕਿ ਸੰਸਾਰ ਉਸ ਬਾਰੇ ਕੀ ਸੋਚਦਾ ਹੈ ਜਾਂ ਸੋਚੇਗਾ। ਉਹ ਆਪਣੇ ਪਿਆਰੇ ਨੂੰ ਖ਼ੁਸ਼ ਕਰਨ ਲਈ ਕਿਸੇ ਹੱਦ ਤੱਕ ਵੀ ਜਾ ਸਕਦਾ ਹੈ ਪਰ ਦੁਨੀਆ ਨੂੰ ਚੰਗਾ, ਸਮਝਦਾਰ ਜਾਂ ਸਲੀਕੇ ਵਾਲਾ ਲੱਗਣ ਲਈ ਉਹ ਕੋਈ ਵੀ ਯਤਨ ਨਹੀਂ ਕਰਦਾ। ਉਹ ਤਾਂ ਚੱਤੋ-ਪਹਿਰ ਪਿਆਰੇ ਦੀ ਯਾਦ ਵਿੱਚ ਗੜੁੱਚ ਰਹਿੰਦਾ ਹੈ, ਉਸਨੂੰ ਦੁਨੀਆ ਦੀ ਸੁਧ-ਬੁਧ ਕਿੱਥੇ? ਪਿਆਰੇ ਦਾ ਸੰਗ, ਪਿਆਰੇ ਦੀ ਯਾਦ ਹੀ ਪਿਆਰ ਕਰਨ ਵਾਲੇ ਦਾ ਜੀਵਨ ਹੁੰਦਾ ਹੈ। ਪਿਆਰ ਕਰਨ ਵਾਲੇ ਦੇ ਮਨ ਵਿੱਚ ਪਿਆਰ ਕਰਨ ਦੇ ਬਦਲੇ ਕੁਝ ਹਾਸਲ ਕਰਨ ਦੀ ਇੱਛਾ ਦਾ ਤਾਂ ਨਾਂਅ ਵੀ ਨਹੀਂ ਹੁੰਦਾ। ਕਈ ਵਾਰ ਤਾਂ ਪਿਆਰ ਕਰਨ ਵਾਲਾ ਆਪਣੇ ਤੌਰ 'ਤੇ ਹੀ ਪਿਆਰੇ ਨੂੰ ਸਮਰਪਿਤ ਹੋਇਆ ਹੁੰਦਾ ਤੇ ਰਹਿੰਦਾ ਹੈ ਜਦਕਿ ਪਿਆਰੇ ਨੂੰ ਇਸ ਚੀਜ਼ ਦਾ ਇਲਮ ਵੀ ਨਹੀਂ ਹੁੰਦਾ ਪਰ ਸੱਚ ਕਦੋਂ ਤੱਕ ਛੁਪ ਸਕਦਾ ਹੈ? ਨਾਲੇ ਸੱਚ ਤਾਂ ਚੀਜ਼ ਹੀ ਐਸੀ ਹੈ, ਜਿਹੜੀ ਛੁਪਾਇਆਂ ਵੀ ਨਹੀਂ ਛੁਪਦੀ ਤਾਂ ਪਿਆਰ, ਜਿਹੜਾ ਸੋਹਣੇ ਸੱਚ ਦਾ ਸੁੰਦਰ ਰੂਪ ਹੈ, ਉਸੇ ਦੀ ਹੀ ਅਨੁਪਮ ਨੁਹਾਰ ਹੈ, ਕਿਵੇਂ ਲੁਕੀ ਰਹਿ ਸਕਦੀ ਹੈ? ਜਦੋਂ ਪਿਆਰੇ ਨੂੰ ਭਿਣਕ ਲੱਗ ਜਾਂਦੀ ਹੈ, ਹਾਂ ਲੱਗ ਹੀ ਜਾਂਦੀ ਹੈ ਭਿਣਕ, ਤੇ ਸੱਚੇ ਸਪਰਪਣ ਦੀ ਬੱਸ ਭਿਕਣ ਲੱਗਣ ਦੀ ਹੀ ਦੇਰ ਹੁੰਦੀ ਹੈ ਕਿ ਪਿਆਰਾ ਵੀ ਸਭ ਕੁਝ ਭੁਲਾ ਕੇ ਪਿਆਰ ਕਰਨ ਵਾਲੇ ਜੋਗਾ ਹੀ ਰਹਿ ਜਾਂਦਾ ਹੈ। ਸੱਚਾ ਪਿਆਰ ਆਖ਼ਰਕਾਰ ਕੌਣ ਪਾਉਣਾ ਨਹੀਂ ਚਾਹੁੰਦਾ? ਸਾਰਾ ਸੰਸਾਰ ਝੂਠੇ, ਦਿਖਾਵੇ ਦੇ ਪਿਆਰਾਂ ਨਾਲ ਹੀ ਤਾਂ ਭਰਿਆ ਪਿਆ ਹੈ। ਔਪਚਾਰਿਕਤਾ ਭਰੇ ਪਿਆਰ, ਮਜਬੂਰੀਆਂ ਵਿੱਚ ਕੀਤੇ ਜਾਂਦੇ ਪਿਆਰ। ਤੇ ਕੁਲ ਸੰਸਾਰ ਵਿੱਚੋਂ ਜਦੋਂ ਇੱਕ ਵੀ ਸੋਨੇ ਜਿਹੇ ਦਿਲ ਵਾਲਾ, ਸੱਚਾ ਪਿਆਰ ਕਰਨ ਵਾਲਾ, ਮਿਲ ਪਵੇ ਤਾਂ ਕੌਣ ਆਪਣੇ-ਆਪ ਨੂੰ ਰੋਕ ਸਕਦਾ ਹੈ, ਨਹੀਂ ਰੋਕਿਆ ਜਾ ਸਕਦਾ। ਤੇ ਪਿਆਰ ਕੋਈ ਖੇਲ੍ਹ ਨਹੀਂ ਹੁੰਦਾ। ਪਹਿਲਾਂ ਹੀ ਗੱਲ ਕੀਤੀ ਗਈ ਹੈ ਕਿ ਪਿਆਰ ਕਰਨ ਵਾਲਾ ਕਦੇ ਕੋਈ ਇੱਛਾ ਰੱਖ ਕੇ ਪਿਆਰ ਨਹੀਂ ਕਰਦਾ, ਇਹ ਤਾਂ ਸਦਾ-ਸਦਾ ਦਾ ਸੰਗ ਹੁੰਦਾ ਹੈ। ਇਹ ਇਕਮਿਕਤਾ ਦਾ ਅਹਿਸਾਸ ਹੁੰਦਾ ਹੈ, ਰੂਹ ਦੇ ਪੱਧਰ 'ਤੇ। ਤੇ ਜਦੋਂ ਪਿਆਰਾ ਵੀ ਸਭ ਕੁਝ ਤਜ ਕੇ ਪਿਆਰ ਕਰਨ ਵਾਲੇ ਨੂੰ ਪ੍ਰਮੁਖ ਤੱਕ ਲੈਂਦਾ ਹੈ ਤਾਂ ਇਹ ਪਿਆਰ ਦੀ ਸਿਖ਼ਰ ਹੋ ਜਾਂਦੀ ਹੈ। ਤਦੋਂ ਦੋਵੇਂ ਰੂਹਾਂ ਪਿਆਰ ਦਾ ਹੀ ਰੂਪ ਹੋ ਜਾਂਦੀਆਂ ਹਨ, ਬੱਸ ਪਿਆਰ ਹੀ ਬਾਕੀ ਰਹਿ ਜਾਂਦਾ ਹੈ ਓਥੇ। ਰੂਹਾਂ ਵੀ ਤਦ ਕਿਤੇ ਗੁੰਮ ਹੋ ਜਾਂਦੀਆਂ ਹਨ। ਹੁਣ ਦੇਖੋ! ਜੇਕਰ ਇਹ ਸਮਰਪਣ ਭਾਵ ਪਰਮਾਤਮਾ ਸਰੂਪ ਸੱਚੇ ਸਤਿਗੁਰੂ ਪ੍ਰਤੀ ਹੋ ਜਾਵੇ ਤਾਂ ਕੀ ਬਾਤਾਂ। ਜਦੋਂ ਪਿਆਰਾ ਸੱਚ ਦਾ ਹੀ ਰੂਪ ਹੋਵੇ ਤਾਂ! ਜਦੋਂ ਜੀਵ ਸਤਿਗੁਰੂ ਨੂੰ ਸਮਰਪਿਤ ਹੋ ਜਾਵੇ, ਪਾ ਲਵੇ ਉਸ ਨਾਲ ਪ੍ਰੇਮ, ਤਾਂ ਸਭ ਕਾਸੇ ਦਾ ਮਾਲਕ ਸੱਚਾ ਸਤਿਗੁਰੂ ਵੀ ਐਸੇ ਪਿਆਰੇ ਲਈ ਸਭ ਕੁਝ ਛੱਡ ਦਿੰਦਾ ਹੈ। ਜਦੋਂ ਜੀਵ ਅ+ਸਤਿ+ਤਵ (ਅਸਤਿਤਵ) ਨੂੰ ਛੱਡ ਕੇ ਸਤਿ+ਤਵ (ਸੱਚ) ਨੂੰ ਧਾਰਨ ਕਰ ਲੈਂਦਾ ਹੈ ਤਾਂ ਜੀਵ ਸਤਿਗੁਰੂ ਦਾ ਹੀ ਸਰੂਪ ਹੋ ਜਾਂਦਾ ਹੈ। ਸਤਿਗੁਰੂ ਦੇ ਪਿਆਰ ਵਿੱਚ ਆਪਣੀ ਹੋਂਦ ਨੂੰ ਪਰ੍ਹਾਂ ਸੁੱਟ ਦੇਣ ਵਾਲੇ ਜੀਵ ਦਾ ਫਿਰ ਸਤਿਗੁਰੂ ਘਾਟਾ ਨਹੀਂ ਹੋਣ ਦੇਂਦੇ। ਸੱਚ ਦੇ ਵਾਂਗ, ਪਰਮਾਤਮਾ ਦੇ ਵਾਂਗ, ਸਤਿਗੁਰੂ ਦੇ ਵਾਂਗ, ਉਸਦੇ ਨਾਮ ਦੀ ਜੈ ਕਾਰ ਵੀ ਚਹੁੰ ਕੁੰਟਾਂ ਵਿੱਚ ਗੂੰਜਦੀ ਹੈ। **(ਬਲਵੀਰ ਮੰਨਣ)**

# (ਕਹਾਣੀ) ਪ੍ਰੇਰਨਾ ਦੇ ਕਿਣਕੇ

ਰਾਜ ਪੱਧਰੀ ਸੰਗੀਤ ਮੁਕਾਬਲੇ ਵਿੱਚੋਂ ਗਾਇਨ ਵਿੱਚ ਪਹਿਲਾ ਸਥਾਨ ਪ੍ਰਾਪਤ ਕਰ ਕੇ ਘਰ ਆਈ ਸਰਬੀ ਨੂੰ ਅੱਜ ਆਪਣੇ ਗੁਜ਼ਰ ਚੁੱਕੇ ਪਿਤਾ ਜੀ ਰਹਿ ਰਹਿ ਕੇ ਯਾਦ ਆ ਰਹੇ ਸਨ। ਉਨ੍ਹਾਂ ਦੀ ਮਿੱਠੀ ਯਾਦ ਸਰਬੀ ਦੀਆਂ ਅੱਖਾਂ ਵਿੱਚੋਂ ਨਿੱਘੇ ਤੇ ਖਾਰੇ ਜਿਹੇ ਹੰਝੂ ਬਣ ਕੇ ਲਗਾਤਾਰ ਧਰਤੀ 'ਤੇ ਕਿਰਦੀ ਜਾ ਰਹੀ ਸੀ। ਤਦੇ ਇਕਦਮ ਉਸਨੂੰ ਖ਼ਿਆਲ ਆਇਆ ਕਿ ਇਹ ਹੰਝੂ ਕਿਤੇ ਉਸਦੇ ਪਿਆਰੇ 'ਪਾਪਾ' ਦੀ ਯਾਦ ਨੂੰ ਉਸ ਦੇ ਅੰਦਰੋਂ ਵਹਾਅ ਨਾ ਲੈ ਜਾਣ ਪਰ ਦੂਜੇ ਹੀ ਪਲ ਉਸ ਦੇ ਮਨ ਵਿੱਚ ਖ਼ਿਆਲ ਆਇਆ ਕਿ ਰੋਮ-ਰੋਮ ਵਿੱਚ ਘੁ਼ਲੀ ਹੋਈ ਤੇ ਗੂੰਜਦੀ ਉਸ ਮਿੱਠੀ ਜਿਹੀ ਕਹਾਣੀ ਨੂੰ ਨਾਲ ਲੈ ਕੇ ਤੁਰ ਜਾਣ ਦੀ ਸਮਰੱਥਾ ਇਨ੍ਹਾਂ ਹੰਝੂਆਂ ਵਿੱਚ ਕਿੱਥੇ। ਇਹ ਤਾਂ ਉਸ ਯਾਦ ਦਾ ਬਾਹਰੀ ਪ੍ਰਗਟਾਵਾ ਮਾਤਰ ਹੀ ਹਨ।

ਸਰਬੀ ਨੂੰ ਯਾਦ ਆ ਰਹੇ ਸਨ ਉਹ ਪਲ, ਜਦੋਂ ਉਸਦੇ ਪਾਪਾ ਨੇ, ਜੋ ਖ਼ੁਦ ਸੰਗੀਤ ਦੇ ਸਾਧਕ ਸਨ, ਉਸਨੂੰ ਸੰਗੀਤ ਦਾ ਪਹਿਲਾ ਸਬਕ ਦਿੱਤਾ ਸੀ। ਸਰਬੀ ਦੀ ਉਮਰ, ਜੋ ਉਦੋਂ ਅੱਠ ਸਾਲ ਸੀ, ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਵਾਜੇ ਦੇ ਮੰਦਰ ਸਪਤਕ ਦੇ 'ਮ' ਸੁਰ ਨੂੰ ਉਸ ਲਈ ਸ਼ੁੱਧ 'ਸ' ਮਿੱਥਿਆ ਸੀ ਤੇ ਉਸੇ ਅਨੁਸਾਰ ਸਰਬੀ ਨੂੰ ਰਿਆਜ਼ ਕਰਨ ਲਈ ਆਖਿਆ ਸੀ। ਸਰਬੀ ਨੂੰ ਉਹ ਸਾਰਾ ਦ੍ਰਿਸ਼ ਤੇ ਉਸ ਸਾਰੇ ਦ੍ਰਿਸ਼ ਦਾ ਪਲ-ਪਲ ਯਾਦ ਆ ਰਿਹਾ ਸੀ ਕਿ ਉਹ ਸੁਰਾਂ ਨੂੰ ਦੱਬਦੇ ਹੋਏ ਕਿਵੇਂ ਵਾਰ-ਵਾਰ ਭੁੱਲ ਰਹੀ ਸੀ ਤਾਂ ਉਸਦੇ ਪਾਪਾ ਨੇ ਬਿਲਾਵਲ ਥਾਟ ਦੇ ਅਭਿਆਸ ਹਿਤ ਮੰਦਰ ਸਪਤਕ ਦੀ 'ਨੀ' ਕੋਮਲ ਸੁਰ 'ਤੇ ਹਿੰਦੀ ਵਿੱਚ 'ਮ' ਅਤੇ ਮੱਧ ਸਪਤਕ ਦੇ 'ਗ' ਸ਼ੁੱਧ ਸੁਰ 'ਤੇ 'ਨੀ' ਲਿਖ ਦਿੱਤਾ ਸੀ ਤਾਂ ਜੋ ਸਰਬੀ ਨੂੰ ਸੁਖਾ਼ਲਾ ਯਾਦ ਰਹਿ ਸਕੇ। ਹਿੰਦੀ ਵਿੱਚ ਲਿਖਿਆ ਹੋਇਆ 'ਮ' ਸਰਬੀ ਨੂੰ ਪੰਜਾਬੀ ਭਾਸ਼ਾ ਦਾ 'ਸ' (ਸੱਸਾ) ਲੱਗ ਰਿਹਾ ਸੀ ਤਾਂ ਪਾਪਾ ਨੇ ਸਮਝਾਇਆ ਸੀ ਕਿ ਸੰਗੀਤ ਦੀਆਂ ਸੁਰਾਂ ਜ਼ਿਆਦਾਤਰ ਹਿੰਦੀ ਭਾਸ਼ਾ (ਦੇਵਨਾਗਰੀ ਲਿੱਪੀ) ਵਿੱਚ ਹੀ ਲਿਖੀਆਂ ਜਾਂਦੀਆਂ ਹਨ। ਬੜੇ ਵਧੀਆ ਢੰਗ ਨਾਲ ਸਮਝਾਉਂਦੇ ਸਨ ਉਹ। ਪੇਸ਼ੇ ਵਜੋਂ ਉਹ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਸਨ। ਉਹ ਕਈ ਵਾਰ ਸਰਬੀ ਨੂੰ ਰਿਆਜ਼ ਕਰਨ ਲਈ ਆਖਦੇ ਪਰ ਸਰਬੀ ਸੀ, ਕਿ ਸੰਗੀਤ ਦਾ ਅਭਿਆਸ ਨਾਂ-ਮਾਤਰ ਹੀ ਕਰਦੀ ਸੀ।

ਸਰਬੀ ਨੂੰ ਯਾਦ ਆ ਰਿਹਾ ਸੀ ਕਿ ਉਸਦੇ ਪਾਪਾ ਰੋਜ਼ ਸਵੇਰੇ ਸੰਗੀਤ ਦਾ ਅਭਿਆਸ ਕਰਦੇ ਸਨ। ਕੇਵਲ ਅਭਿਆਸ ਨਹੀਂ, ਉਹ ਤਾਂ ਪ੍ਰਾਣਾਂ ਨਾਲ ਗਾਉਂਦੇ ਸਨ। ਕਈ ਵਾਰ ਬਾਅਦ ਵਿੱਚ ਸਰਬੀ ਉਨ੍ਹਾਂ ਦੀ ਵਿੰਗੀ-ਟੇਢੀ ਨਕਲ ਕਰਕੇ ਉਨ੍ਹਾਂ ਨੂੰ ਚਿੜ੍ਹਾਉਣ ਦੀ ਕੋਸ਼ਿਸ਼ ਕਰਦੀ ਸੀ ਪਰ ਉਹ ਕੇਵਲ ਹਲਕਾ ਜਿਹਾ ਹੱਸ ਛੱਡਦੇ। ਹਾਂ, ਹਲਕਾ ਜਿਹਾ ਹੀ ਹੱਸਦੇ ਸਨ ਉਹ। ਉਹ ਮੁਸਕੜੀ ਜਿਹਾ ਹਾਸਾ ਹਰ ਵੇਲ਼ੇ ਉਨ੍ਹਾਂ ਦੇ ਮੁਖ 'ਤੇ ਰਹਿੰਦਾ ਸੀ।

ਜ਼ਿੰਦਗੀ ਆਪਣੀ ਤੋਰੇ ਤੁਰੀ ਜਾ ਰਹੀ ਸੀ, ਬੜੀ ਸਹਿਜ, ਬੜੀ ਮਿੱਠੀ-ਮਿੱਠੀ। ਤਦੇ ਸਰਬੀ ਦੇ ਪਿਤਾ ਜੀ ਅਚਾਨਕ ਬਿਮਾਰ ਪੈ ਗਏ। ਉਨ੍ਹਾਂ ਦੇ ਦੋਵੇਂ ਗੁਰਦੇ ਬੇਕਾਰ ਹੋ ਗਏ। ਸਰਬੀ ਦੀ ਮੰਮੀ ਅਤੇ ਬਾਕੀ ਰਿਸ਼ਤੇਦਾਰ ਉਨ੍ਹਾਂ ਦੇ ਇਲਾਜ ਲਈ ਉਨ੍ਹਾਂ ਨੂੰ ਕਦੇ ਕਿਤੇ ਤੇ ਕਦੇ ਕਿਤੇ ਲੈ ਕੇ ਘੁੰਮਦੇ ਰਹੇ ਪਰ ਕੋਈ ਫ਼ਰਕ ਨਾ ਪਿਆ। ਇਨ੍ਹਾਂ ਦਿਨਾਂ ਵਿੱਚ ਹੀ ਸਰਬੀ ਦਾ ਮਨ ਅਕਸਰ ਵਾਜੇ ਵੱਲ ਖਿੱਚਿਆ ਜਾਂਦਾ। ਪਿਤਾ ਜੀ ਦੁਆਰਾ ਗਾਏ ਜਾਂਦੇ ਭਜਨਾਂ ਅਤੇ ਸ਼ਬਦਾਂ ਦੀ ਗੂੰਜਾਰ ਤੋਂ ਬਿਨਾ ਘਰ ਦਾ ਵਾਤਾਵਰਨ ਖ਼ਾਲੀ-ਖ਼ਾਲੀ ਜਾਪਦਾ। ਉਹ ਪ੍ਰਸੰਨਤਾ, ਆਨੰਦ ਅਤੇ ਜ਼ਿੰਦਗੀ ਦੀਆਂ ਤਰੰਗਾਂ ਕਿਧਰੇ ਦਿਖਾਈ ਨਾ ਦਿੰਦੀਆਂ। ਸਰਬੀ ਦਾ ਮਨ ਕਰਦਾ ਕਿ ਉਹ ਉਨ੍ਹਾਂ ਤਰੰਗਾਂ ਨੂੰ ਵਾਪਸ ਮੋੜ ਲਿਆਵੇ। ਉਹ ਘਰ ਦਾ ਵਾਤਾਵਰਨ ਪਹਿਲਾਂ ਵਰਗਾ ਮਿੱਠਾ-ਮਿੱਠਾ ਚਾਹੁੰਦੀ ਸੀ ਤੇ ਆਪਣੇ ਮਾਤਾ-ਪਿਤਾ ਨੂੰ ਖ਼ੁਸ਼ ਦੇਖਣਾ ਚਾਹੁੰਦੀ ਸੀ ਪਰ ਉਸਨੂੰ ਮਹਿਸੂਸ ਹੁੰਦਾ ਕਿ ਜਿਵੇਂ ਉਹ ਤਰੰਗਾਂ ਘਰ ਵਿੱਚੋਂ ਖ਼ੁਸ਼ੀ ਨੂੰ ਸਮੇਟ ਕੇ ਅਤੇ ਨਾ ਮੁੜਨ ਦਾ ਕਰਾਰ ਕਰਕੇ ਅਨੰਤ ਖਲਾਅ ਵਿੱਚ ਲੀਨ ਹੋ ਗਈਆਂ ਹੋਣ। ਕਈ ਵਾਰ ਉਹ ਵਾਜੇ ਨੂੰ ਖੋਲ੍ਹਣ ਵੀ ਲੱਗਦੀ ਪਰ ਘਰ ਦਾ ਗ਼ਮਗੀਨ ਮਾਹੌਲ ਉਸਦੇ ਹੱਥ ਫੜ ਕੇ ਉਸਨੂੰ ਰੋਕ ਲੈਂਦਾ।

ਅਖ਼ੀਰ ਉਹ ਦਿਨ ਆ ਪੁੱਜਾ ਜਿਸ ਦਾ ਖ਼ਿਆਲ ਆਉਣ ਤੋਂ ਵੀ ਉਹ ਡਰਦੀ ਸੀ। ਸਰਬੀ ਦੇ ਪਿਆਰੇ ਪਾਪਾ ਸਦਾ ਲਈ ਅੱਖਾਂ ਮੀਟ ਗਏ। ਸਰਬੀ ਦੀ ਮਾਂ ਤੇ ਸਰਬੀ ਦੀ ਜ਼ਿੰਦਗੀ ਵਿੱਚ ਐਸਾ ਤੂਫ਼ਾਨ ਆਇਆ ਕਿ ਸਭ ਕੁਝ ਉੱਜੜ ਗਿਆ। ਘਰ ਵਿੱਚ ਚੀਕ-ਚਿਹਾੜਾ ਪਿਆ ਹੋਇਆ ਸੀ। ਰੋਣ ਦੀਆਂ ਆਵਾਜ਼ਾਂ ਦੂਰ-ਦੂਰ ਤੱਕ ਸੁਣ ਰਹੀਆਂ ਸਨ। ਵਾਜੇ ਦੀਆਂ ਸੁਰਾਂ, ਜਿਨ੍ਹਾਂ ਉੱਪਰ ਉਸਦੇ ਪਾਪਾ ਨੇ ਆਪਣੇ ਸਾਧਕ ਹੱਥਾਂ ਨਾਲ ਉਸ ਲਈ 'ਮ' ਅਤੇ 'ਨੀ' ਲਿਖਿਆ ਸੀ, ਸਮੇਤ ਸਾਰੀਆਂ ਸੁਰਾਂ, ਸਾਰਾ ਘਰ ਜ਼ਾਰੋ-ਜ਼ਾਰ ਰੋ ਰਿਹਾ ਸੀ। ਸਰਬੀ ਨੂੰ ਲੱਗ ਰਿਹਾ ਸੀ ਕਿ ਜਿਵੇਂ ਖਲਾਅ ਵਿੱਚ ਅਲੋਪ ਹੋ ਗਈਆਂ ਆਨੰਦ ਅਤੇ ਖ਼ੁਸ਼ੀਆਂ ਦੀਆਂ ਤਰੰਗਾਂ ਹੁਣ ਵੈਣਾਂ ਦਾ ਰੂਪ ਧਾਰ ਕੇ ਵਿਕਰਾਲ ਮੁਹਾਂਦਰੇ ਵਿੱਚ ਪਰਤ ਆਈਆਂ ਹੋਣ।

ਆਖ਼ਰ ਭੋਗ ਹੋ ਚੁੱਕਾ ਤਾਂ ਅਗਲੇ ਦਿਨ ਸਰਬੀ ਨੇ ਵਾਜੇ ਨੂੰ ਹੱਥ ਲਾਇਆ। ਤਦੇ ਉਸਨੂੰ ਪਾਪਾ ਜੀ ਦੀ ਬੜੀ ਯਾਦ ਆਈ ਤੇ ਉਸਦਾ ਸਾਰਾ ਆਪਾ ਹੰਝੂ ਬਣ ਗਿਆ। ਉਹ ਵਾਜੇ ਉੱਪਰ ਹੀ ਡਿਗ ਪਈ। ਉਹ ਉੱਚੀ-ਉੱਚੀ ਰੋ ਰਹੀ ਸੀ ਕਿ ਉਸਦੀ ਮਾਂ ਉਸਨੂੰ ਚੁੱਪ ਕਰਾਉਣ ਲਈ ਕਲਾਵੇ ਵਿੱਚ ਲੈਂਦਿਆਂ ਆਪ ਵੀ ਰੋ ਪਈ। ਦੋਵੇਂ ਮਾਵਾਂ-ਧੀਆਂ ਫਿਰ ਖ਼ੂਬ ਰੋਈਆਂ।

ਅਖ਼ੀਰ ਸਰਬੀ ਦੀ ਮਾਂ ਨੇ ਕੁਝ ਹੌਸਲਾ ਕਰ ਕੇ ਉਸਨੂੰ ਵਾਜਾ ਖੋਲ੍ਹ ਕੇ ਦਿੱਤਾ। ਵਾਜੇ ਨੂੰ ਆਪਣੇ ਪਿਆਰੇ ਪਾਪਾ ਜੀ ਦਾ ਰੂਪ ਜਾਣ ਕੇ ਉਸਨੇ ਮੱਥਾ ਟੇਕਿਆ ਤੇ ਸਿਰ ਚੁੱਕਣ ਵੇਲ਼ੇ ਉਸਦਾ ਧਿਆਨ ਉਸਦੇ ਪਾਪਾ ਦੁਆਰਾ ਲਿਖੀਆਂ ਸੁਰਾਂ ਤੇ ਪਿਆ। ਉਸਦਾ ਮਨ ਕੀਤਾ ਕਿ ਉਹ ਵਾਜੇ ਨੂੰ ਬੰਦ ਕਰਕੇ ਆਪਣੇ ਪਾਪਾ ਦੀ ਅਮੋਲਕ ਨਿਸ਼ਾਨੀ ਵਜੋਂ ਸਾਂਭ ਲਵੇ ਮਤਾ ਉਸਦੇ ਰਿਆਜ਼ ਕਰਨ ਦੌਰਾਨ ਉਸਦੀਆਂ ਉਂਗਲਾਂ ਦੀ ਰਗੜ ਕਾਰਨ, ਉਸਦੇ ਪਾਪਾ ਦੀਆਂ ਲਿਖੀਆਂ, ਉਹ ਸੁਰਾਂ ਮਿਟ ਨਾ ਜਾਣ। ਪਰ ਉਸੇ ਸਮੇਂ ਜਿਵੇਂ, ਵਾਜਾ ਵਜਾਉਂਦੇ ਅਤੇ ਘਰ ਵਿੱਚ ਆਨੰਦ ਬਰਸਾਉਂਦੇ ਉਸਦੇ ਪਾਪਾ ਜੀ ਦਾ ਅਕਸ ਉਸਦੇ ਮਨ ਦੇ ਧਰਾਤਲ 'ਤੇ ਉੱਘੜ ਆਇਆ ਤੇ ਨਾਲ ਹੀ ਵਾਜੇ ਦੀਆਂ ਸੁਰਾਂ 'ਤੇ ਲਿਖੇ ਉਹ ਪਿਆਰੇ ਅੱਖਰ ਉਸਦੀ ਰੂਹ 'ਤੇ ਡੂੰਘੇ ਉੱਕਰੇ ਗਏ। ਸਰਬੀ ਨੇ ਰਿਆਜ਼ ਕਰਨਾ ਸ਼ੁਰੂ ਕਰ ਦਿੱਤਾ।


ਹੁਣ ਉਹ ਸੰਗੀਤ ਦੀ ਬਾਕਾਇਦਾ ਸਿੱਖਿਆ ਲੈਣ ਲੱਗੀ। ਦਿਨ-ਬ-ਦਿਨ ਉਸਦਾ ਗਾਇਨ ਨਿੱਖਰਦਾ ਗਿਆ ਕਿਉਂਕਿ ਉਹ ਵੀ ਆਪਣੇ ਪਾਪਾ ਵਾਂਗ ਪ੍ਰਾਣਾਂ ਤੋਂ ਗਾਉਣ ਦਾ ਯਤਨ ਕਰਦੀ ਸੀ। ਘਰ ਵਿੱਚ ਪਹਿਲਾਂ ਜਿਹੀਆਂ ਤਰੰਗਾਂ ਪਸਰਨ ਲੱਗੀਆਂ ਪਰ ਉਸਦੇ ਪਾਪਾ ਦੇ ਜਾਣ ਕਾਰਨ ਘਰ ਵਿੱਚ ਪੈਦਾ ਹੋਇਆ ਖਲਾਅ ਕਦੇ ਵੀ ਪੂਰਿਆ ਨਹੀਂ ਜਾ ਸਕਿਆ। ਉਨ੍ਹਾਂ ਪੁਨਰ-ਜੀਵਤ ਤਰੰਗਾਂ ਨੂੰ ਮਹਿਸੂਸਦੀ ਹੋਈ, ਘਰ ਦੇ ਕੰਮਾਂ ਵਿੱਚ ਲੱਗੀ ਉਸਦੀ ਮਾਂ ਆਪਣੇ ਹੰਝੂ ਅਕਸਰ ਨਾ ਰੋਕ ਪਾਉਂਦੀ ਪਰ ਉਸਨੇ ਇਸ ਗੱਲ ਦਾ ਪ੍ਰਗਟਾਵਾ ਸਰਬੀ ਸਾਹਮਣੇ ਕਦੇ ਨਹੀਂ ਸੀ ਕੀਤਾ ਮਤਾ ਉਸਦਾ ਦਿਲ ਟੁੱਟ ਜਾਵੇ। ਉਹ ਸਰਬੀ ਨੂੰ ਹਮੇਸ਼ਾ ਹੌਸਲਾ ਤੇ ਪ੍ਰੇਰਨਾ ਹੀ ਦਿੰਦੀ ਸੀ।

ਚਾਰ ਸਾਲ ਦੀ ਮਿਹਨਤ , ਜਿਹੜੀ ਸਰਬੀ ਨੇ ਲਗਨ ਪੂਰਵਕ ਕੀਤੀ ਸੀ, ਰੰਗ ਲਿਆਈ ਤੇ ਅੱਜ ਉਹ ਰਾਜ ਪੱਧਰੀ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਰਹੀ ਸੀ। ਅੱਜ ਉਹ ਖ਼ੁਸ਼ ਤਾਂ ਸੀ ਪਰ ਇੱਕ ਖ਼ਿਆਲ ਉਸਦੇ ਮਨ ਵਿੱਚ ਵਾਰ-ਵਾਰ ਆ ਰਿਹਾ ਸੀ, "ਕਾਸ਼! ਅੱਜ ਮੇਰੇ ਪਾਪਾ ਜਿਉਂਦੇ ਹੁੰਦੇ।"

**(ਬਲਵੀਰ ਮੰਨਣ)**

## ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਪ੍ਰੋ: ਦੀਦਾਰ ਸਿੰਘ ਦੀਦਾਰ

# ਧੁਖਦੇ ਪਲਾਂ ਦਾ ਸ਼ਾਇਰ - ਪ੍ਰੋ: ਦੀਦਾਰ ਸਿੰਘ ਦੀਦਾਰ



ਮੋਢੇ ਉੱਤੇ ਲਟਕਦਾ ਝੋਲਾ , ਦਰਮਿਆਨਾ ਕਦ ,ਭਰਿਆ ਜੁੱਸਾ, ਕਣਕ ਵੰਨਾ ਰੰਗ, ਖਿੱਚ ਪਾਉਂਦਾ ਚਿਹਰਾ, ਅੱਖਾਂ ਵਿਚ ਲਿਸ਼ਕ ਤੇ ਠਰੰਮੇ ਭਰੀ ਤੋਰ ਤੁਰਦਾ ਉਹ ਸਰਕਾਰੀ ਕਾਲਜ, ਹੁਸ਼ਿਆਰਪੁਰ ਦੇ ਐਮ.ਏ ਬਲਾਕ ਦਾ ਗੇਟ ਲੰਘਿਆ। ਅਸੀਂ ਤਿੰਨ ਚਾਰ ਪ੍ਰੋਫੈਸਰ ਲਾਅਨ ਵਿਚ ਬੈਠੇ ਧੁੱਪ ਸੇਕ ਰਹੇ ਸੀ। ਉਹ ਸਿੱਧਾ ਸਾਡੇ ਵੱਲ ਆਇਆ ਤੇ ਥੋੜਾ ਸਿਰ ਝੁਕਾ ਕੇ ਸਤਿ ਸ੍ਰੀ ਅਕਾਲ ਆਖੀ। ਅਸੀਂ ਸਤਿ ਸ੍ਰੀ ਅਕਾਲ ਦਾ ਜਵਾਬ ਦਿੱਤਾ ਤੇ ਸੁਆਲੀਆ ਨਜ਼ਰਾਂ ਨਾਲ ਉਸ ਵੱਲ ਵੇਖਣ ਲੱਗੇ। ਉਸ ਕਿਹਾ "ਮੇਰਾ ਨਾਂ ਦੀਦਾਰ ਸਿੰਘ ਦੀਦਾਰ ਹੈ ਤੇ ਮੈਂ ਸਰਕਾਰੀ ਕਾਲਜ, ਫਰੀਦਕੋਟ ਤੋਂ ਬਦਲਕੇ ਇਸ ਕਾਲਜ ਵਿਚ ਜਾਇਨ ਕੀਤਾ ਹੈ।" "ਮੈਂ ਪੁੱਛਿਆ, "ਤੁਸੀਂ ਕਿਸ ਵਿਭਾਗ ਵਿਚ ਆਏ ਹੋ" ਉਸ ਕਿਹਾ, "ਪੰਜਾਬੀ"। ਮੇਰੀ ਰੁਚੀ ਉਸ ਬਾਰੇ ਜਾਨਣ ਦੀ ਵੱਧ ਗਈ ਕਿਉਂਕਿ ਮੈਂ ਵੀ ਪੰਜਾਬੀ ਵਿਭਾਗ ਵਿਚ ਹੀ ਸਾਂ। ਮੈਂ ਕਿਹਾ ਕਿ ਨਾਂ ਤੋਂ ਤਾਂ ਇੰਜ ਲੱਗਦਾ ਹੈ ਜਿਵੇਂ ਤੁਸੀਂ ਕੁਝ ਲਿਖਦੇ ਹੋ। ਉਹ ਕਿਹਾ ਕਿ ਉਹ ਕਵਿਤਾ ਲਿਖਦਾ ਹੈ। ਉਸ ਇਹ ਵੀ ਦੱਸਿਆ ਕਿ ਉਹ ਦਸੂਹੇ ਲਾਗੇ ਓਡਰਾ ਪਿੰਡ ਤੋਂ ਹੈ। ਪਹਿਲਾਂ ਉਹ ਗੜ੍ਹਦੀਵਾਲੇ ਸਕੂਲ ਵਿਚ ਪੜਾਉਂਦਾ ਸੀ ਤੇ ਫੇਰ 1976 ਸਰਕਾਰੀ ਕਾਲਜ ਫਰੀਦਕੋਟ ਵਿਚ ਲੈਕਚਰਾਰ ਲੱਗਾ ਤੇ ਹੁਣ ਇਕ ਤਰ੍ਹਾਂ ਆਪਣੇ ਘਰ ਹੀ ਆਇਆ ਹੈ। ਰਸਮੀ ਜੀ ਆਇਆਂ ਕਹਿਣ ਤੋਂ ਬਾਅਦ ਅਸੀਂ ਤਿੰਨ ਚਾਰ ਦੋਸਤ ਉਸ ਨਾਲ ਕੰਟੀਨ ਵੱਲ ਚਾਹ ਪੀਣ ਤੁਰ ਪਏ। ਜੇ ਮੈਂ ਸੱਚ ਕਹਾਂ ਤਾਂ ਉਸ ਸਮੇਂ ਤਕ ਉਸਦਾ ਨਾਂ ਬਤੌਰ ਸ਼ਾਇਰ ਮੈਂ ਨਹੀਂ ਸੁਣਿਆ ਹੋਇਆ ਸੀ। ਇਹ ਮੇਰੀ ਨਾਲਾਇਕੀ ਵੀ ਹੋ ਸਕਦੀ ਹੈ ਜਾਂ ਉਸਦੀ ਦੀ ਮੈਗਜ਼ੀਨਾਂ ਵਿਚ ਛਪਣ ਦੀ ਘਾਟ ਵੀ।

ਪ੍ਰੋ ਦੀਦਾਰ ਦਿਨਾਂ ਵਿਚ ਹੀ ਪੰਜਾਬੀ ਵਿਭਾਗ ਦੇ ਅਧਿਆਪਕਾਂ ਤੇ ਵਿਸ਼ੇਸ਼ ਕਰਕੇ ਵਿਦਿਆਰਥੀਆਂ ਵਿਚ ਹਰਮਨ ਪਿਆਰਾ ਹੋ ਗਿਆ। ਇਸਦਾ ਕਾਰਣ ਉਸਦਾ ਮਿੱਠ ਬੋਲੜਾ ਸੁਭਾਅ ਤੇ ਤਰੰਨਮ ਵਿਚ ਗ਼ਜ਼ਲ ਤੇ ਗੀਤ ਗਾਉਣਾ ਸੀ। ਮੈਂ ਜਦ ਵੀ ਉਸਨੂੰ ਕਾਲਜ ਵੇਖਦਾ ਉਹ ਹਮੇਸ਼ਾ ਕੁੜੀਆਂ ਮੁੰਡਿਆਂ ਵਿਚ ਹੀ ਘਿਰਿਆ ਹੁੰਦਾ। ਉਸਨੂੰ ਇੰਜ ਵਿਚਰਦਿਆਂ ਵੇਖ ਉਸ ਉਪਰ ਰਸ਼ਕ ਆਉਂਦਾ ਤੇ ਕਦੇ ਕਦੇ ਥੋੜੀ ਈਰਖਾ ਵੀ ਹੁੰਦੀ। ਮੈਂ ਉਸਨੂੰ ਕਈ ਵਾਰੀ ਕਿਹਾ ਕਿ ਯਾਰ ਸਾਨੂੰ ਵੀ ਉਹ ਗਿੱਦੜ ਸਿੰਗੀ ਦੇ ਦੇ ਜਿਸ ਨਾਲ ਸਾਡੀ ਵੀ ਥੋੜੀ ਪੁੱਛ ਹੋ ਜਾਵੇ ਤਾਂ ਉਹ ਅੱਗੋਂ ਸਿਰਫ ਮੁਸਕਰਾ ਦਿੰਦਾ। ਮੇਰੇ ਕੰਨਾਂ ਵਿਚ ਹਾਲੇ ਵੀ ਉਸ ਗ਼ਜ਼ਲ ਦੇ ਬੋਲ ਗੂੰਜਦੇ ਹਨ ਜੋ ਉਸ ਹੁਸ਼ਿਆਰਪੁਰ ਕਾਲਜ ਵਿਚ ਪਹਿਲੀ ਵਾਰ ਤਰੰਨਮ ਵਿਚ ਪੇਸ਼ ਕੀਤੀ :-

***ਬਾ:ਗ ਵਿਚ ਕਲੀਆਂ ਨੇ ਜਦ ਖੁਸ਼ਬੂ ਖਿੰਡਾਈ ਦਿਨ ਢਲੇ***
***ਫਿਰ ਕਿਸੇ ਵਿੱਛੜੇ ਸੱਜਣ ਦੀ ਯਾਦ ਆਈ ਦਿਨ ਢਲੇ***

ਜਿਵੇਂ ਕੋਈ ਫਿਲਮ ਕਲਾਕਾਰ ਆਪਣੀ ਪਹਿਲੀ ਫਿਲਮ ਨਾਲ ਹੀ ਹਿੱਟ ਹੋ ਜਾਂਦਾ ਹੈ, ਬਿਲਕੁਲ ਇਸੇ ਤਰ੍ਹਾਂ ਦੀਦਾਰ ਆਪਣੀ ਪਹਿਲੀ ਤਰੰਨਮ ਵਿਚ ਗਾਈ ਗ਼ਜ਼ਲ ਨਾਲ ਸਟਾਰ ਬਣ ਗਿਆ। ਆਏ ਦਿਨ ਉਸ ਕੋਲੋਂ ਕੁਝ ਸੁਨਣ ਲਈ ਕਿਸੇ ਨਾ ਕਿਸੇ ਸਮਾਗਮ ਜਾਂ ਮਹਿਫ਼ਲ ਦਾ ਜੁਗਾੜ ਬਣਾਇਆ ਜਾਂਦਾ ਤੇ ਦੀਦਾਰ ਦੇ ਗੀਤਾਂ ਤੇ ਗ਼ਜ਼ਲਾਂ ਦਾ ਉਸਦੀ ਸੋਜ਼ ਭਰੀ ਆਵਾਜ਼ ਵਿਚ ਸੁਆਦ ਮਾਣਿਆ ਜਾਂਦਾ। ਮੈਨੂੰ ਹਾਲੇ ਵੀ ਉਸਦੀਆਂ ਗਾਈਆਂ ਗ਼ਜ਼ਲਾਂ ਦੇ ਮਕਤੇ ਮੂੰਹ ਜ਼ਬਾਨੀ ਯਾਦ ਨੇ, ਜੋ ਅਸੀਂ ਬਾਰ ਬਾਰ ਉਸ ਕੋਲੋਂ ਸੁਣਦੇ ਸਾਂ।

**ਉਨ੍ਹਾਂ ਵਿਚੋਂ ਕੁਝ ਮੈਂ ਤੁਹਾਡੀ ਨਜ਼ਰ ਕਰ ਰਿਹਾ ਹਾਂ:-**

ਅਸੀਂ ਜਿਨ੍ਹਾਂ ਨੂੰ ਸੀ ਪਿਆਰ ਕੀਤਾ ਹਾਣੀਆਂ ਦੇ ਵਾਂਗ
ਸਾਡੇ ਕੋਲੋਂ ਦੀ ਉਹ ਲੰਘੇ ਅੱਜ ਪਾਣੀਆਂ ਦੇ ਵਾਂਗ

ਤਿੜਕੀ ਤਿੜਕੀ ਹੋਂਦ ਅਸਾਡੀ ਹੁੰਮਸ ਹੈ ਤਨਹਾਈ ਦਾ
ਬੇਕਦਰਾਂ ਸੰਗ ਪ੍ਰੀਤ ਲਗਾ ਕੇ ਆਖ਼ਿਰ ਹੈ ਪਛਤਾਈ ਦਾ

ਹੁਣ ਤਾਂ ਮੇਰਾ ਪਿਆਰ ਭੁਲਾ ਕੇ ਦੂਰ ਕਿਤੇ ਤੁਰ ਜਾਵੇਂਗਾ
ਪਰ ਖੂਹ ਦੀ ਆਵਾਜ਼ ਦੇ ਵਾਂਗੂੰ ਛੇਤੀ ਹੀ ਮੁੜ ਆਵੇਂਗਾ

ਬੇਬਸੀ ਤੇ ਬੇਕਸੀ ਦੇ ਗੀਤ ਜਦ ਵੀ ਗਾਏ ਗਏ
ਮੇਰੀਆਂ ਬਰਬਾਦੀਆਂ ਦੇ ਕਿੱਸੇ ਦੁਹਰਾਏ ਗਏ

ਅਸਾਂ ਜ਼ਿੰਦਗੀ ਤੋਂ ਹਾਰਿਆਂ ਦੀ ਗੱਲ ਨਾ ਕਰੋ
ਤਕਦੀਰ ਦਿਆਂ ਮਾਰਿਆਂ ਦੀ ਗੱਲ ਨਾ ਕਰੋ

ਕੌਣ ਕਿਸੇ ਲਈ ਜੀਂਦਾ ਏਥੇ ਕੌਣ ਕਿਸੇ ਲਈ ਮਰਦਾ
ਹਰ ਕੋਈ ਏਥੇ ਇਕ ਦੂਜੇ ਦਾ ਹਿਰਖ- ਮਿਟਾਵਾ ਕਰਦਾ

ਬਰਖਾ ਵਿਚ ਜਦ ਚੀਚ ਵਹੁਟੀਆਂ ਨਾਉਣ੍ਹਗੀਆਂ
ਕੁੜੀਆਂ ਸੋਨ- ਸਨੁੱਖੀਆਂ ਚੇਤੇ ਆਉਣਗੀਆਂ

ਝੁੱਗੀਆਂ ਦੀ ਥਾਂ ਜਦ ਤੋਂ ਏਥੇ ਬਣ ਗਏ ਨਵੇਂ ਮਕਾਨ
ਰੱਬ ਜਾਣੇ ਓਦੋਂ ਤੋਂ ਕਿੱਥੇ ਉੱਜੜ ਗਿਆ ਇਨਸਾਨ

ਹੋ ਹੀ ਗਏ ਨੇ ਸਾਜਨ ਕੁਝ ਦੂਰ ਹੌਲੀ ਹੌਲੀ
ਮੁੱਕ ਹੀ ਗਿਆ ਹੈ ਜੀਵਨ ਚੋਂ ਨੂਰ ਹੌਲੀ ਹੌਲੀ

ਕਦੇ ਪੱਤਿਆਂ ਦੀ ਗੱਲ ਕਦੇ ਟਾਹਣੀਆਂ ਦੀ ਗੱਲ
ਸਾਨੂੰ ਦੱਸ ਜਾ ਹਵਾਏ ਸਾਡੇ ਹਾਣੀਆਂ ਦੀ ਗੱਲ ।

ਮੈਨੂੰ ਹਾਲੇ ਵੀ ਲੱਗਦਾ ਹੈ ਕਿ ਜਦ ਵੀ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਚਾਰ ਬੰਦੇ ਜੁੜਦੇ ਹੋਣਗੇ ਤਾਂ ਜ਼ਰੂਰ ਕਾਲਜ ਦੀ ਫਿਜ਼ਾ ਵਿਚ ਘੁਲੇ ਦੀਦਾਰ ਦੇ ਬੋਲ ਮਿੱਠਾ ਮਿੱਠਾ ਆਨੰਦ ਦਿੰਦੇ ਹੋਣਗੇ। ਦੀਦਾਰ ਆਪ ਤਾਂ ਬਹੁਤਾ ਨਹੀਂ ਸੀ ਹੱਸਦਾ ਪਰ ਦੂਜਿਆਂ ਨੂੰ ਹਸਾ ਕੇ ਖੁਸ਼ ਹੁੰਦਾ ਸੀ। ਬਹੁਤ ਘੱਟ ਬੰਦਿਆ ਦਾ ਇਹ ਸੁਭਾਅ ਹੁੰਦਾ ਹੈ ਕਿ ਉਹ ਆਪਣੇ ਨਾਲ ਵਾਪਰੀ ਕਿਸੇ ਘਟਨਾ ਦਾ ਜ਼ਿਕਰ ਕਰਕੇ ਦੂਜੇ ਨੂੰ ਖੁਸ਼ ਕਰ ਸਕਦੇ ਹਨ, ਹਸਾ ਸਕਦੇ ਹਨ। ਬਹੁਤੇ ਤਾਂ ਕਿਸੇ ਦੇ ਊਣਤਾਈ ਉਪਰ ਉਂਗਲ ਰੱਖ ਜਾਂ ਕਿਸੇ ਦਾ ਮਖੌਲ ਉਡਾ ਹੀ ਹਸਾਉਂਦੇ ਹਨ ਜਿਵੇਂ ਅੱਜ ਕਲ ਕਪਿਲ ਸ਼ਰਮਾ ਕਰ ਰਿਹਾ ਹੈ । ਪਰ ਉਸ ਵਿਚ ਇਹ ਖ਼ੂਬੀ ਸੀ ਕਿ ਉਹ ਆਪਣੇ ਆਪ ਉਪਰ ਵਿਅੰਗ, ਕਟਾਕਸ਼ ਜਾਂ ਟਿੱਚਰ ਕਰਕੇ ਦੂਜਿਆਂ ਨੂੰ ਖੁਸ਼ ਕਰ ਸਕਦਾ ਸੀ। ਇਕ ਦਿਨ ਸਾਡੀ ਮਿੱਤਰ ਮੰਡਲੀ ਕਾਲਜ ਕੰਟੀਨ ਵਿਚ ਚਾਹ ਦੀਆਂ ਚੁਸਕੀਆਂ ਲੈਂਦਿਆਂ ਯੱਕੜ ਮਾਰ ਰਹੀ ਸੀ ਕਿ ਵਿਚੋਂ ਕਿਸੇ ਇਕ ਨੇ ਕਿਹਾ, 'ਦੀਦਾਰ, ਠੇਕੇ ਟੁੱਟਣ ਕਰਕੇ ਦਾਰੂ ਬਹੁਤ ਸਸਤੀ ਹੈ। ਅੱਜ ਤਾਂ ਜ਼ਰੂਰ ਬੋਤਲ ਲਏਂਗਾ"।

ਅੱਗੋਂ ਦੀਦਾਰ ਬੋਲਿਆ ਲੈ ਠੇਕੇ ਦੀ ਗੱਲ ਸੁਣ ।ਕਲ ਸ਼ਾਮ ਕਾਲਜ ਤੋਂ ਜਾਂਦਿਆਂ ਮੈਂ ਬੱਸ ਅੱਡੇ ਲਾਗਲੇ ਠੇਕੇ ਤੇ ਗਿਆ ਤੇ ਕਾਊਂਟਰ ਉੱਪਰ ਬੈਠੇ ਮੁੰਡੇ ਨੂੰ ਕਿਹਾ, "ਕਾਕਾ ਇਕ ਬੈਗਪਾਈਪਰ ਦਾ ਪਊਆ ਦੇਈਂ" ਉਹ ਅੱਗੋਂ ਕਹਿਣ ਲੱਗਾ ਕਿ ਸਰਦਾਰ ਜੀ ਅੱਜ ਬਹੁਤ ਸਸਤੀ ਹੈ, ਬੋਤਲ ਲੈ ਲਵੋ। ਮੈਂ ਉਸਨੂੰ ਕਿਹਾ ਕਿ ਯਾਰ ਹਾਲੇ ਤਨਖਾਹ ਨਹੀਂ ਮਿਲੀ ਤਾਂ ਅੱਗੋਂ ਕੰਜਰ ਦਾ ਕਹਿੰਦਾ, "ਸਰਦਾਰ ਜੀ ਕਿਓਂ ਝੂਠ ਬੋਲਦੇ ਹੋ, ਸਾਰੇ ਕੰਡਕਟਰਾਂ ਨੂੰ ਤਾਂ ਮਿਲ ਗਈ ਹੈ ,ਤੁਹਾਨੂੰ ਕਿਵੇਂ ਨਹੀਂ ਮਿਲੀ"। ਇਹ ਸੁਣ ਹਾਸੇ ਦਾ ਧਮੱਚੜ ਮੱਚ ਉਠਿਆ। ਜਦ ਹਾਸਾ ਥੋੜਾ ਮੱਠਾ ਹੋਇਆ ਤਾਂ ਮੈਂ ਕਿਹਾ ਕਿ ਦੀਦਾਰ ਇਹ ਸਭ ਤੇਰੇ ਝੋਲੇ ਦਾ ਕਮਾਲ ਹੈ ਜੋ ਤੈਨੂੰ ਉਹ ਕੰਡਕਟਰ ਸਮਝ ਬੈਠਾ। ਦੀਦਾਰ ਅਗਿਓਂ ਨਿੰਮਾ ਨਿੰਮਾ ਮੁਸਕਰਾਉਂਦਿਆਂ ਕਹਿਣ ਲੱਗਾ ਕਿ ਬਾਈ ਗੱਲ ਤਾਂ ਤੇਰੀ ਠੀਕ ਲੱਗਦੀ ਹੈ ਕਿਉਂਕਿ ਕੁਝ ਦਿਨ ਹੋਏ ਦਸੂਹੇ ਲਈ ਅੱਡੇ ਤੋਂ ਬਾਹਰ ਨਿਕਲ ਰਹੀ ਬੱਸ ਮਗਰ ਦੌੜਿਆ ਤਾਂ ਆਵਾਜ਼ ਮੇਰੇ ਕੰਨੀ ਪਈ ਕੋਈ ਡਰਾਈਵਰ ਨੂੰ ਉੱਚੀ ਉੱਚੀ ਕਹਿ ਰਿਹਾ ਸੀ, "ਰੋਕ ਭਾਈ ਰੋਕ, ਤੇਰਾ ਕੰਡਕਟਰ ਪਿੱਛੇ ਭੱਜਿਆ ਆਉਂਦਾ"। ਇਕ ਵਾਰੀ ਫੇਰ ਹਾਸਾ ਗੂੰਜਣ ਲੱਗਾ ।ਅੱਜ ਵੀ ਜਦੋਂ ਕਦੇ ਚਾਰ ਦੋਸਤ ਇਕੱਠੇ ਹੋਏ ਹੱਸ ਰਹੇ ਹੋਈਏ ਤਾਂ ਦੀਦਾਰ ਦਾ ਚਿਹਰਾ ਮੇਰੇ ਅੱਗੇ ਆ ਜਾਂਦਾ ਹੈ ਜਿਵੇਂ ਕਹਿ ਰਿਹਾ ਹੋਵੇ," ਹੱਸ ਲਵੋ ਦੋਸਤੋ ਹੱਸ ਲਵੋ ਕੀ ਪਤਾ ਕੱਲ ਨੂੰ ਕਿਸ ਨੇ ਤੁਰ ਜਾਣਾ ਹੈ"। ਇਕ ਵਾਰ ਗੱਲਬਾਤ ਦੌਰਾਨ ਦੀਦਾਰ ਨੂੰ ਪੁੱਛਿਆ ਕਿ ਤੇਰੇ ਚਿਹਰੇ ਤੇ ਉਦਾਸੀ ਛਾਈ ਰਹਿੰਦੀ ਹੈ, ਇਸਦਾ ਕੋਈ ਖਾਸ ਕਾਰਨ ਹੈ? ਦੀਦਾਰ ਕਹਿਣ ਲੱਗਾ ਕਿ ਇਕ ਦਲਿਤ ਪਰਿਵਾਰ ਦਾ ਬੱਚਾ ਜੋ ਪੰਜ ਸਾਲ ਦੀ ਉਮਰ ਵਿਚ ਯਤੀਮ ਹੋ ਗਿਆ ਹੋਵੇ, ਜਿਸਨੂੰ ਮਾਂ ਬਾਪ ਦਾ ਪਿਆਰ ਨਸੀਬ ਨਾ ਹੋਇਆ ਹੋਵੇ, ਜੋ ਕਦੇ ਨਾਨਕੇ ਤੇ ਕਦੇ ਦਾਦਕੇ ਪਲਿਆ ਹੋਵੇ ,ਜਿਸਨੇ ਬਚਪਨ ਵਿਚ ਆਪਣੀਆਂ ਰੀਝਾਂ ਨੂੰ ਮਾਰਦੇ ਤੱਕਿਆ ਹੋਵੇ, ਇਕ ਤਰ੍ਹਾਂ ਨਾਲ ਮਾਂ ਮਹਿੱਟਰ ਰੁਲ ਖੁਲ ਕੇ ਪਲ੍ਹੇ ਬੰਦੇ ਦੇ ਚਿਹਰੇ ਤੇ ਉਦਾਸੀ ਨਹੀਂ ਤਾਂ ਹੋਰ ਕੀ ਹੋ ਸਕਦਾ ਹੈ। ਇਹ ਸੁਣ ਮੈਂ ਕੁਝ ਪਲਾਂ ਲਈ ਸੁੰਨ ਹੋ ਗਿਆ। ਕੁਝ ਚਿਰ ਚੁੱਪ ਰਹਿਣ ਬਾਅਦ ਮੈਂ ਪੁੱਛਿਆ ਕਿ ਕਦੇ ਵੀ ਜ਼ਿੰਦਗੀ ਵਿਚ ਖੁਸ਼ੀ ਦੇ ਪਲ ਨਹੀਂ ਆਏ? ਉਹ ਕਹਿਣ ਲੱਗਾ," ਆਏ ਸਨ, ਚੜ੍ਹਦੀ ਉਮਰੇ "। ਫਿਰ ਕੁਝ ਪਲ ਉਹ ਰੁਕਿਆ ਜਿਵੇਂ ਕੁਝ ਕਹਿਣ ਲਈ ਹਿੰਮਤ ਜੁਟਾਅ ਰਿਹਾ ਹੋਵੇ। ਉਹ ਬੋਲਿਆ," ਕਿਸੇ ਨਾਲ ਅੱਖਾਂ ਮਿਲੀਆਂ, ਵਾਅਦੇ ਹੋਏ, ਕਸਮਾਂ ਖਾਧੀਆਂ ਤਾਂ ਮੈਨੂੰ ਇੰਜ ਲੱਗਾ ਜਿਵੇਂ ਰੱਬ ਨੇ ਮੇਰੇ ਸਾਰੇ ਦੁੱਖ ਦੂਰ ਕਰ ਦਿੱਤੇ ਹੋਣ, ਸਾਰੇ ਉਲਾਂਭੇ ਲਾਹ ਦਿੱਤੇ ਹੋਣ। ਪਰ ਕਿੱਥੇ? ਜਿਸ ਦੇ ਲੇਖਾਂ ਵਿਚ ਧੁਰੋਂ ਹੀ ਦੁੱਖ ਲਿਖੇ ਹੋਣ ਉਸ ਨੂੰ ਸੁਖ ਕਿਵੇਂ ਮਿਲੇ? ਛੇਤੀ ਹੀ ਸਮਾਜਕ ਆਰਥਕ ਦਬਾਅ ਅਧੀਨ ਮੇਰੇ ਕੋਲੋਂ ਮੇਰੀਆਂ ਖੁਸ਼ੀਆਂ ਖੋਹ ਲਈਆਂ ਗਈਆਂ। ਇਕ ਤਰ੍ਹਾਂ ਰੂਹ ਲੈ ਗਿਆ ਦਿਲਾਂ ਦਾ ਜਾਨੀ ਤੇ ਉਸਤੋਂ ਬਾਅਦ ਤਾਂ ਮੈਂ ਆਪਣੀ ਲਾਸ਼ ਨੂੰ ਹੀ ਢੋਇਆ ਹੈ। ਫੇਰ ਮੇਰੇ "ਆਪਣਿਆਂ" ਨੇ ਰੂਹ ਵਿਹੂਣੇ ਇਸ ਸਰੀਰ ਨੂੰ ਕਿਸੇ ਨਾਲ ਨਰੜ ਦਿੱਤਾ। ਕੀ ਦੱਸਾਂ? ਕਿਸ ਨੂੰ ਦੋਸ਼ ਦਿਆਂ? ਆਪਣਿਆਂ ਨੂੰ, ਆਪਣੇ ਆਪ ਨੂੰ, ਉਸਨੂੰ ਜੋ ਵਫਾ ਦੇ ਬੋਲ ਪੁਗਾਅ ਨਾ ਸਕੀ, ਉਸਨੂੰ ਜੋ ਚਾਰ ਲਾਵਾਂ ਲੈ ਮੇਰੇ ਲੜ ਲੱਗੀ ਜਾਂ ਸਮਾਜ ਨੂੰ ਅਤੇ ਜਾਂ ਰੱਬ ਨੂੰ ਜਿਸਨੇ ਧੁਰੋਂ ਹੀ ਮੇਰੇ ਨਾਲ ਇਨਸਾਫ ਨਾ ਕੀਤਾ, ਮੇਰੇ ਕਾਲੇ ਲੇਖ ਲਿਖ ਦਿੱਤੇ। ਪਰਬਿੰਦਰ ਮਰ ਤਾਂ ਮੈਂ ਕਦੋਂ ਦਾ ਗਿਆ ਹਾਂ ,ਹੁਣ ਤਾਂ ਸਿਰਫ ਐਲਾਨ ਹੋਣਾ ਹੀ ਬਾਕੀ ਹੈ । ਸੋ ਮੇਰੇ ਵੀਰ ਤੂੰ ਹੀ ਦੱਸ ਅਜਿਹੀਆਂ ਸਥਿਤੀਆਂ ਵਿਚ ਮੈਂ ਕਿਵੇਂ ਆਪਣੇ ਚਿਹਰੇ 'ਤੇ ਹਾਸੇ ਬਖੇਰ ਸਕਦਾ ਹਾਂ? ਇਹ ਨਹੀਂ ਕਿ ਮੈਂ ਖੁਸ਼ ਹੋਣ ਦੀ ਕੋਸ਼ਿਸ਼ ਨਹੀਂ ਕਰਦਾ । ਮੈਂ ਕਈ ਵਾਰੀ ਚਿਹਰੇ 'ਤੇ ਖੁਸ਼ੀ ਭਰਿਆ ਮਖੌਟਾ ਲਾਉਣ ਦਾ ਯਤਨ ਕੀਤਾ ਹੈ ਪਰ ਕਾਮਯਾਬ ਨਹੀਂ ਹੋ ਸਕਿਆ ।ਬਸ ਇਸ ਸਾਰੇ ਕੁਝ ਤੋਂ ਮੈਨੂੰ ਉਦੋਂ ਹੀ ਭੋਰਾ ਸਕੂਨ ਮਿਲਦਾ ਹੈ ਜਦੋਂ ਮੈਂ ਆਪਣੇ ਧੁਖਦੇ ਪਲਾਂ ਦੀ ਦਾਸਤਾਨ ਨੂੰ ਕਾਗਜ਼ ਦੀ ਹਿੱਕ ਤੇ ਉਕੇਰ ਰਿਹਾ ਹੁੰਦਾ ਹਾਂ ਜਾਂ ਜਦੋਂ ਆਪਣੇ ਅੰਦਰਲੇ ਦੁਖਾਂ ਦੇ ਸਹਿਰਾਅ ਦੀ ਪਿਆਸ ਨੂੰ ਬੁਝਾਉਣ ਲਈ ਮੈਂ ਦੋ ਘੁੱਟ ਦਾਰੂ ਦੇ ਪੀ ਰਿਹਾ ਹੁੰਦਾ ਹਾਂ "।

ਇਹ ਕੁਝ ਸੁਨਣ ਤੋਂ ਬਾਅਦ ਮੇਰੇ ਮਨ ਵਿਚ ਇਕ ਡਰ ਘਰ ਕਰ ਗਿਆ ਕਿ ਇਹ ਬੰਦਾ ਬਹੁਤਾ ਚਿਰ ਜਿਓਂਦਾ ਨਹੀਂ ਰਹੇਗਾ । ਪਰ ਪਤਾ ਨਹੀਂ ਕਿਉਂ ਮਨ ਦੇ ਕਿਸੇ ਕੋਨੇ ਵਿਚ ਇਹ ਖਿਆਲ ਵੀ ਉੱਭਰਦਾ ਸੀ ਕਿ ਇੰਜ ਨਹੀਂ ਹੋਵੇਗਾ। ਮੈਂ ਸੋਚ ਰਿਹਾ ਸੀ ਕਿ ਜਿਹੜਾ ਬੰਦਾ ਬਚਪਨ ਵਿਚ ਹੀ ਯਤੀਮ ਹੋ ਗਿਆ ਹੋਵੇ, ਜਿਹੜਾ ਰੁਲ ਖੁਲ ਕੇ ਜਾਤਪਾਤੀ ਸਮਾਜ ਤੇ ਆਰਥਿਕ ਥੁੜਾਂ ਵਿਚ ਪਲਿਆ ਹੋਵੇ, ਜਿਸਨੇ ਪੜ੍ਹਾਈ ਕਰਕੇ ਪਹਿਲਾਂ ਸਕੂਲ ਟੀਚਰ ਤੇ ਫਿਰ ਕਾਲਜ ਪ੍ਰੋਫੈਸਰ ਬਣਨ ਤੱਕ ਦਾ ਸਫਰ ਤੈਅ ਕੀਤਾ ਹੋਵੇ, ਉਹ ਜ਼ਿੰਦਗੀ ਤੋਂ ਹਰ ਮੰਨਣ ਵਾਲਾ ਵਿਅਕਤੀ ਨਹੀਂ ਹੋ ਸਕਦਾ ।ਪਰ ਮੈਂ ਭੁਲਾਂਦਰੇ ਵਿਚ ਜੀਅ ਰਿਹਾ ਸਾਂ। ਛੇਤੀ ਹੀ ਉਹ ਵਕ਼ਤ ਆਣ ਜਿਸਦਾ ਮੈਨੂੰ ਡਰ ਸੀ । 30 ਦਸੰਬਰ 1993 ਨੂੰ ਉਹ ਜਲੰਧਰ ਰਵੀ ਤੇ ਪਾਸ਼ ਦੇ ਚੇਤਨਾ ਕਾਫਲੇ ਵਿਚ ਸ਼ਾਮਲ ਹੋਣ ਤੋਂ ਬਾਅਦ ਮਿੱਤਰਾਂ ਦੋਸਤਾਂ ਨਾਲ ਗਲਵਕੜੀਆਂ ਪਾਉਂਦਾ ਦਸੂਹੇ ਦੀ ਬੱਸ ਚੜ੍ਹਿਆ।ਉਸਨੂੰ ਕੀ ਪਤਾ ਸੀ ਕਿ ਇਹ ਉਸਦਾ ਅੰਤਮ ਬੱਸ ਸਫਰ ਹੋ ਨਿਬੜੇਗਾ। ਰਸਤੇ ਵਿਚ ਉਸਦੀ ਛਾਤੀ ਵਿਚ ਦਰਦ ਹੋਇਆ, ਦਸੂਹੇ ਜਾਣ ਦੀ ਬਜਾਏ ਉਹ ਰਸਤੇ ਵਿਚ ਬਸੋਂ ਉਤਰਿਆ ਤੇ ਕਿਸੇ ਡਾਕਟਰ ਕੋਲ ਜਾਣ ਦੀ ਥਾਂ ਆਪਣੇ ਦੋਸਤ ਦੇ ਪਿੰਡ ਨੂੰ ਪੈਦਲ ਹੀ ਚਲ ਪਿਆ। ਆਪਣੇ ਮਿੱਤਰ ਦੇ ਘਰ ਹੀ ਉਸਨੇ ਆਖਰੀ ਸਾਹ ਲਿਆ। ਉਸ ਵੇਲੇ ਉਸਦੀ ਉਮਰ 50 ਸਾਲ ਸੀ। ਪਤਾ ਨਹੀਂ ਕਿਓਂ ਮੈਨੂੰ ਦੀਦਾਰ ਦੀ ਜ਼ਿੰਦਗੀ ਦੇ ਕੁਝ ਹਿੱਸੇ ਸ਼ਿਵ ਕੁਮਾਰ ਨਾਲ ਤੇ ਕੁਝ ਦੇਵਦਾਸ ਦੀ ਜ਼ਿੰਦਗੀ ਦਾ ਪਰਛਾਵਾਂ ਲੱਗਦੇ ਹਾਂ ਇਹ ਵੀ ਕਹਿ ਸਕਦੇ ਹਾਂ ਕਿ ਹਰ ਬੰਦੇ ਵਿਚ ਕੀਤੇ ਨਾ ਕੀਤੇ ਸ਼ਿਵ ਤੇ ਦੇਵਦਾਸ ਬੈਠੇ ਹੁੰਦੇ ਹਨ ਕੋਈ ਉਨ੍ਹਾਂ ਨੂੰ ਦਬਾਅ ਕੇ ਰੱਖ ਛੱਡਦਾ ਹੈ ਤੇ ਕਿਸੇ ਨੂੰ ਉਹ ਦਬਾਅ ਲੈਂਦੇ ਹਨ। ਦੀਦਾਰ ਨੇ ਆਪਣੇ ਜੀਵਨ ਦੇ ਅੰਤ ਤੋਂ ਪਹਿਲਾਂ ਕੁਝ ਪਿਆਰ ਦਾ ਰੰਗ ਵੀ ਮਾਣਿਆ, ਮੁਝ ਕਸਮਾਂ ਖਾਧੀਆਂ, ਕੁਝ ਵਾਅਦੇ ਕੀਤੇ ਤੇ ਫੇਰ ਉਨ੍ਹਾਂ ਨੂੰ ਟੁੱਟਦੇ ਵੇਖਿਆ। ਬੇਵਫ਼ਾਈ ਦੇ ਜ਼ਖ਼ਮ ਸਾਹੇ ਤੇ ਬਿਰਹਾ ਨੂੰ ਹੰਢਾਇਆ। ਉਸਨੂੰ ਲੱਗਾ ਜਿਵੇਂ ਉਸਦਾ ਸਮੁਚਾ ਵਜੂਦ ਹੀ ਬਿਖਰ ਗਿਆ ਹੋਵੇ। ਸੋ ਸ਼ੁਰੂ ਵਿਚ ਉਸਨੇ ਆਪਣੇ ਨਿੱਜ ਦੇ ਦੁੱਖ ਦਰਦ ਨੂੰ ਹੀ ਪ੍ਰਗਟਾਇਆ ।ਹੌਲੀ ਹੌਲੀ ਉਹ ਰੋਮਾਂਸ ਵਿਚੋਂ ਨਿਕਲ ਯਥਾਰਥ ਦੇ ਰੂਬਰੂ ਹੋਇਆ। ਉਸਨੂੰ ਪਤਾ ਲੱਗਣ ਲੱਗਾ ਕਿ ਸਮੱਸਿਆਵਾਂ ਦਾ ਅਸਲ ਕਾਰਨ ਸਮਾਜਿਕ ਵਿਵਸਥਾ ਹੈ ਜਿਸਦੀ ਤਹਿ ਹੇਠ ਸਮਾਜਕ ਆਰਥਕ ਨਾਬਰਾਬਰੀ ਤੇ ਜਾਤਪਾਤ ਦਾ ਕੋਹੜ ਕਾਰਜਸ਼ੀਲ ਹਨ ।ਉਸ ਇਹ ਵੀ ਵੇਖਿਆ ਕਿ ਜਦ ਵੀ ਜ਼ਬਰ ਹੁੰਦਾ ਹੈ ਕੱਚੇ ਢਾਰਿਆਂ ਵਾਲੇ ਗਰੀਬ ਹੀ ਸ਼ਿਕਾਰ ਬਣਦੇ ਹਨ। ਉਸਨੇ ਇਹ ਵੀ ਮਹਿਸੂਸ ਕੀਤਾ ਕਿ ਸੱਭਿਅਤਾ ਦੇ ਵਿਕਾਸ ਵਿਚ ਇਨਸਾਨੀਅਤ ਖੁਰਦੀ ਜਾ ਰਹੀ ਹੈ, ਬੰਦਾ ਦੰਭੀ ਬਣਦਾ ਜਾ ਰਿਹਾ ਹੈ, ਸੱਚ ਸੂਲੀ ਚੜ੍ਹ ਰਿਹਾ ਹੈ, ਧਾਰਮਕ ਜਨੂੰਨ ਨੇ ਲੋਕਾਂ ਦਾ ਜੀਣਾ ਮੁਸ਼ਕਲ ਕੀਤਾ ਹੋਇਆ ਹੈ, ਭਾਈਚਾਰਕ ਸਾਂਝਾਂ ਟੁੱਟ ਰਹੀਆਂ ਹਨ, ਮਿਹਨਤ ਦੀ ਥਾਂ ਚਮਚਾਗਿਰੀ ਦਾ ਮੁੱਲ ਪੈ ਰਿਹਾ ਹੈ । ਇਹ ਸਭ ਦੇਖ ਉਹ ਦੁਖੀ ਹੁੰਦਾ। ਉਹ ਚਹੁੰਦਾ ਸਾਰੇ ਸੁਖੀ ਹੋਣ। ਉਸਦਾ ਇਹ ਲੋਕ ਪੱਖੀ ਨਜ਼ਰੀਆ ਤਾਂ ਅਜਿਹੇ ਰੱਬ ਨੂੰ ਵੀ ਸਵੀਕਾਰ ਨਹੀਂ ਕਰਦਾ ਜਿਸਦੇ ਦਿਲ ਵਿਚ ਗਰੀਬਾਂ ਲਈ ਦਯਾ ਨਾ ਹੋਵੇ। ਇਹ ਸਾਰੀਆਂ ਸਥਿਤੀਆਂ ਤੇ ਸਰੋਕਾਰ ਹੀ ਉਸਦੀ ਕਵਿਤਾ ਦਾ ਅਧਾਰ ਬਣੇ।

ਦੀਦਾਰ ਨੇ "ਧੁੱਖਦੇ ਪਲ" ਤੇ "ਮਾਰੂਥਲ ਦੀਆਂ ਕਲੀਆਂ" ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਉਸਦੀ ਮੌਤ ਤੋਂ ਬਾਅਦ ਉਸਦੇ ਬੇਟੇ ਨੇ ਕੁਝ ਅਣਲਿਖੀਆਂ ਕਵਿਤਾਵਾਂ ਤੇ ਬਾਕੀ ਪਹਿਲਾਂ ਚੁੱਪ ਚੁੱਕੀਆਂ ਨੂੰ ਇਕੱਠਾ ਕਰਕੇ "ਮੌਤ ਇਕ ਨਗ਼ਮੇ ਦੀ "ਪੁਸਤਕ ਛਾਪੀ ਹੈ ।

ਪ੍ਰਸਿੱਧ ਗ਼ਜ਼ਲਗੋ ਦੀਪਕ ਜੈਤੋਈ ਦੀਦਾਰ ਨੂੰ ਗ਼ਜ਼ਲ, ਗੀਤ, ਕਵਿਤਾ ਆਦਿ ਕਾਵਰੂਪਾਂ ਨੂੰ ਬੜੀ ਸੁਚੱਜਤਾ ਨਾਲ ਨਿਖਾਰ ਕੇ ਪੇਸ਼ ਕਰਨ ਵਾਲਾ ਸਵੀਕਾਰ ਕਰਦਾ ਹੈ। ਡਾਕਟਰ ਜਗਤਾਰ ਅਨੁਸਾਰ ਪ੍ਰੋ. ਦੀਦਾਰ ਨੇ ਪੰਜਾਬੀ ਗ਼ਜ਼ਲ ਵਿੱਚ ਫੋਕਲੋਰਿਕ-ਤੱਤ ਲਿਆਕੇ ਇਸਨੂੰ ਜਨਸਮੂਹ ਦੇ ਪਿੜ ਵਿੱਚ ਲਿਆਂਦਾ। ਡਾਕਟਰ ਜਗਤਾਰ ਦਾ ਇਹ ਵੀ ਕਹਿਣਾ ਹੈ ਕਿ ਦੀਦਾਰ ਨੇ ਪੰਜਾਬੀ ਸਮਾਜ ਵਿਚਲੀਆਂ ਸੁਪਰਸਟਿਸ਼ਨਸ ਨੂੰ ਪੰਜਾਬੀ ਗ਼ਜ਼ਲ ਵਿੱਚ ਪਹਿਲੀ ਵਾਰੀ ਲਿਆਕੇ ਲੋਕ ਵਿਰਸੇ ਤੇ ਕਲਾਸਕੀ ਪਰੰਪਰਾ ਨੂੰ ਸਜੀਵ ਰੱਖਿਆ ਹੈ। ਜਗਤਾਰ ਅਨੁਸਾਰ ਰੁਮਾਨੀਅਤ ਉਸਦੇ ਕਾਵਿ ਦਾ ਮੂਲ ਅਧਾਰ ਹੈ। ਪ੍ਰਿੰਸੀਪਲ ਤਖ਼ਤ ਸਿੰਘ ਅਨੁਸਾਰ ਦੀਦਾਰ ਆਪਣੇ ਜਜ਼ਬੇ ਤੇ ਆਪ ਮੁਹਾਰੇ ਵੇਗ ਨੂੰ ਕਲਾਤਮਕ ਨਿਪੁੰਨਤਾ ਨਾਲ ਇਉਂ ਨਿਅੰਤਰਣ ਵਿੱਚ ਰੱਖਦਾ ਹੈ ਕਿ ਉਸਦੇ ਸ਼ਿਅਰ ਭਾਂਬੜ ਵਾਂਗ ਮੱਚਦੇ ਨਹੀਂ ਸਗੋਂ ਇਕ ਮੋਮਬੱਤੀ ਵਾਂਙ ਧੁਖਦੇ ਰਹਿਣ ਵਿੱਚ ਹੀ ਆਪਣੇ ਚਿੰਤਨ ਦੀ ਸਾਰਥਕਤਾ ਨੂੰ ਨਿਸ਼ਚਿਤ ਕਰਦੇ ਹਨ । ਮਸ਼ਹੂਰ ਸ਼ਾਇਰ ਸੁਰਜੀਤ ਪਾਤਰ ਅਨੁਸਾਰ ਦੀਦਾਰ ਦੀ ਗ਼ਜ਼ਲ ਸਾਦੇ ਲਫ਼ਜ਼ਾਂ ਵਾਲੀ ਹੁੰਦੀ ਹੈ, ਜਿਸ ਵਿੱਚ ਉਸਦੇ ਜਜ਼ਬੇ ਤੇ ਖਿਆਲ ਦੋਸਤੀ, ਪਿਆਰ, ਮਾਨਵਤਾ ਅਤੇ ਸੰਵੇਦਨਾ ਦੀ ਲੋਅ ਨਾਲ ਜਗ ਰਹੇ ਹੁੰਦੇ ਹਨ। ਉਨ੍ਹਾਂ ਵਿੱਚ ਇਕ ਵਿਛੜੇ ਪਿਆਰੇ ਦੇ ਚੇਤੇ ਦੀ ਤਾਰ ਧੀਮੀ ਧੀਮੀ ਵੱਜਦੀ ਰਹਿੰਦੀ ਹੈ .ਉਸਦੀ ਹਰ ਤੁਕ ਉਸਦੇ ਦਿਲ ਦੀ ਧੜਕਣ ਨਾਲ ਇਕਸੁਰ ਹੁੰਦੀ ਹੈ। ਗੁਰਭਜਨ ਗਿੱਲ ਉਸਦੀ ਗ਼ਜ਼ਲ ਨੂੰ ਲੋਕ ਜ਼ਬਾਨ ਦੇ ਲਾਗੇ ਮੰਨਦਾ ਹੈ ਜਿਸ ਵਿਚੋਂ ਮਿੱਠੇ ਗੀਤਾਂ ਵਰਗਾ ਸੁਆਦ ਆਉਂਦਾ ਹੈ। ਡਾਕਟਰ ਪ੍ਰਿਤਪਾਲ ਸਿੰਘ ਮਹਿਰੋਕ ਅਨੁਸਾਰ ਦੀਦਾਰ ਦੇ ਕਾਵਿ ਖੇਤਰ ਦਾ ਵਿਸ਼ਾ ਬੜਾ ਵਿਸ਼ਾਲ ਹੈ। ਦੀਦਾਰ ਨੇ ਇਕ ਤਰ੍ਹਾਂ ਨਾਲ ਢਾਹੂ ਕੀਮਤਾਂ, ਰੋਗੀ ਵਰਤਾਰਿਆਂ, ਨਾਕਸ ਸਮਾਜਕ -ਆਰਥਕ -ਰਾਜਨੀਤਕ ਪ੍ਰਬੰਧ ਉਪਰ ਉਂਗਲੀ ਧਰਦਿਆਂ ਸੁਖਾਵੇਂ ਅਰਥਚਾਰੇ ਵਾਲੀ ਵਿਵਸਥਾ ਦੀ ਆਸ ਕੀਤੀ ਹੈ। ਮੈਂ ਸਮਝਦਾਂ ਹਾਂ ਕਿ ਦੀਦਾਰ ਦੀ ਸ਼ਾਇਰੀ ਆਪਣੇ ਨਿੱਜੀ ਦਰਦ ਨੂੰ ਵੀ ਬਿਆਨ ਕਰਦੀ ਹੈ ਤੇ ਸਮਾਜ ਵਿਚਲੀਆਂ ਊਣਤਾਈਆਂ ਤੇ ਵੀ ਉਂਗਲ ਧਰਦੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਸਦੀ ਪੇਸ਼ਕਾਰੀ ਵਿੱਚ ਸਾਦਗੀ ਤੇ ਲੋਕਗੀਤਾਂ ਵਰਗੀ ਮਿਠਾਸ ਹੈ। ਪੰਜਾਬ ਦੇ ਸੱਭਿਆਚਾਰਕ ਪ੍ਰਸੰਗ ਵਿਚੋਂ ਕੀਤੀ ਸ਼ਬਦਾਂ ਦੀ ਚੋਣ ਲੋਕਾਂ ਨੂੰ ਉਸਦੀ ਕਵਿਤਾ ਨਾਲ ਜੋੜਦੀ ਹੈ ।ਲੋਕਾਂ ਨੂੰ ਲੱਗਦਾ ਹੈ ਜਿਵੇਂ ਉਨ੍ਹਾਂ ਦੇ ਜਜ਼ਬਾਤਾਂ ਦੀ ਹੀ ਪੇਸ਼ਕਾਰੀ ਹੋ ਰਹੀ ਹੋਵੇ। ਮੈਂ ਦੀਦਾਰ ਦੀ ਕਵਿਤਾ ਦੇ ਕੁਝ ਨਮੂਨੇ ਪੇਸ਼ ਕਰ ਰਿਹਾ ਹਾਂ ਤਾਂ ਜੋ ਪਾਠਕ ਉਸਦਾ ਆਨੰਦ ਵੀ ਮਾਨਣ ਤੇ ਦੀਦਾਰ ਦੀ ਸ਼ਾਇਰੀ ਬਾਰੇ ਆਪਣਾ ਨਜ਼ਰੀਆ ਵੀ ਬਣਾ ਸਕਣ। *(ਬਾਕੀ ਅਗਲੇ ਸਫੇ ਤੇ)*

*(ਬਾਕੀ ਅਗਲੇ ਸਫੇ ਤੇ)*



**- ਪ੍ਰੋਫੈਸਰ ਪਰਬਿੰਦਰ ਸਿੰਘ**
*(510)-328-3316*

## ਕਵਿਤਾ

ਸਾਨੂੰ ਤੇਰੀਆਂ ਤਾਂਘਾਂ ਮੁੱਕ ਗਈਆਂ
ਹੁਣ ਰੋਂਦੀਆਂ ਅੱਖੀਆਂ ਸੁੱਕ ਗਈਆਂ
ਹਰ ਕੰਧ ਉਗਲਦੀ ਹੈ ਬਿੱਛੂ
ਹਰ ਛੱਤ ਕੇਰਦੀ ਹੈ ਨੂੰਏਂ
ਉਦਾਸੀ, ਇਕਲਾਪਾ, ਸਿਆਪਾ
ਕਿਹੋ ਜਿਹੀ ਚਾਰ ਦੀਵਾਰੀ ਵਿਚ
ਧੁਖ ਰਹੀ ਹੈ ਮੇਰੀ ਹੋਂਦ ੀ
ਹਰ ਦਿਹੁੰ ਲੰਘਦਾ ਹੈ ਇਕ ਵਿਰਲਾਪ ਦੇ ਕੇ
ਹਰ ਰਾਤ ਆਉਂਦੀ ਹੈ ਇਕ ਸਰਾਪ ਲੈ ਕੇ
ਤਾਰਿਆਂ ਦੇ ਰੋੜ ਰੜਕਦੇ ਨੇ ਉਨੀਂਦਰੇ ਵਿਚ
ਜਾਣ ਚੰਦ ਦੀ ਦਾਤੀ ਕਰਦੀ ਹੈ ਕੁਤਰਾ ਜ਼ਜਬਿਆਂ ਦਾ
..............
ਮੌਤ ਤੁਰਦੀ ਹੈ ਹਰ ਕਿਸੇ ਨਾਲ ਅੰਗ ਸੰਗ ਹੋ ਕੇ
ਬੱਸਾਂ ਵਿੱਚ, ਉਜਾੜਾਂ ਵਿਚ, ਮੁਕਾਬਲਿਆਂ ਵਿਚ
ਧਰਮਾਂ, ਮਜ਼੍ਹਬਾਂ, ਜ਼ਾਤਾਂ, ਰੰਗਾਂ, ਨਸਲਾਂ ਵਿਚ
ਜ਼ਹਿਰੀਲੀਆਂ ਫ਼ਸਲਾਂ ਵਿਚ
ਹਰਲ ਹਰਲ ਕਰਦੀ ਹੈ ਕਿਰਪਾਨ
ਫਰਲ ਫਰਲ ਚਲ ਦੀ ਹੈ ਰਾਈਫਲ
ਚੱਲ੍ਹ ਚਲ੍ਹ ਚਲਦਾ ਹੈ ਤ੍ਰਸ਼ੂਲ
.................
ਪਰ ਰੱਬ ਦੇ ਵਾਸਤੇ
ਮੈਨੂੰ ਮੇਰੇ ਘਰ ਨਾ ਲਿਜਾਓ
ਜਿੱਥੇ ਦਮਾਘੁੱਟਵੀਂ ਅਧਮੋਈ ਜ਼ਿੰਦਗੀ ਉੱਤੇ
ਨਿਰੰਤਰ ਮੌਤ ਦਾ ਪਹਿਰਾ ਹੈ
ਹਰ ਜ਼ਖ਼ਮ ਖੂਹ ਤੋਂ ਗਹਿਰਾ ਹੈ
ਹਰ ਸ਼ਖਸ ਰੂਹ ਤੋਂ ਬਹਿਰਾ ਹੈਅ

## ਗੀਤਾਂ ਦੇ ਮੁਖੜੇ

ਅਸਾਡੇ ਟੁੱਟਿਆਂ ਦਿਲਾਂ ਦੀ ਗੱਲ ਸੁਣ ਜਾ
ਭਾਵੇਂ ਅੱਜ ਸੁਣ ਜਾ ਭਾਵੇਂ ਕਲ ਸੁਣ ਜਾ
-- -- -- -- -- -
ਨੈਣੀ ਕੱਜਲਾ ਤੇ ਬੁੱਲਾਂ ਤੇ ਦੰਦਾਸਾ ਕੁੜੀਏ
ਸਾਨੂੰ ਲੁੱਟ ਲੈ ਗਿਆ ਏ ਤੇਰਾ ਹਾਸਾ ਕੁੜੀਏ
-- -- -- -- -- -
ਤੇਰੀ ਗੁੱਤ ਦਾ ਖੜੱਪਾ ਮਾਰੇ ਡੰਗ ਕੁੜੀਏ
ਰਤਾ ਸੰਭਲ ਸੰਭਲ ਕਿ ਲੰਘ ਕੁੜੀਏ
-- -- -- -- -
ਕਿਹੜੀ ਰੁੱਤ ਦੀ ਕਹਾਣੀ ਦੱਸ ਮਾਏ ਅਸਾਂ ਪਾਉਣੀ
ਰੁੱਤ ਵਸਲਾਂ ਦੀ ਕਦੇ ਹੁਣ ਮੁੜ ਕੇ ਨਾ ਆਉਣੀ
-- -- -- -- --
ਸਾਡੀ ਸੁਣ ਜਾ ਆ ਕੇ ਗੱਲ ਵੇ ਦੂਰ ਵਸੇਂਦਿਆ
ਕੋਈ ਸੁੱਖ ਸੁਨਹੇੜਾ ਘੱਲ ਵੇ ਦੂਰ ਵਸੇਂਦਿਆ

# ਧੁਖਦੇ ਪਲਾਂ ਦਾ ਸ਼ਾਇਰ - ਪ੍ਰੋ: ਦੀਦਾਰ ਸਿੰਘ ਦੀਦਾਰ

ਇਹ ਕਿੱਦਾਂ ਦੀ ਸੱਭਿਅਤਾ ਯਾਰੋ, ਇਹ ਕਿੱਦਾਂ ਦੀ ਉੱਨਤੀ
ਸਭ ਕੁਝ ਖਾਂਦਾ ਪੀਂਦਾ ਬੰਦ ਜਾਂਦਾ ਹੈ ਨਿਘਰਦਾ

ਜਦੋਂ ਤੂੰ ਕੋਲ ਸੀ ਤਾਂ ਸਾਹ ਸਿਗੇ ਸੋਮੇ ਸੁਗੰਧੀਆਂ ਦੇ
ਤੇਰੇ ਬਾਝੋਂ ਇਹੀ ਸਾਹ ਜਾਪਦੇ ਨੇ ਹਉਕਿਆਂ ਵਾਂਗੂ

ਜਿਨ੍ਹਾਂ ਨੇ ਫੁੱਲਤੇ ਬੂਟੇ ਕਦੇ ਮੌਲਣ ਨਹੀਂ ਦਿੱਤੇ
ਉਹੀ ਮੁੜ ਸਜ ਗਏ ਨੇ ਪਾਰਕਾਂ ਵਿਚ ਗਮਲਿਆਂ ਵਾਂਗੂ

ਇਹ ਕਿੱਦਾਂ ਦੀ ਬਸਤੀ ਯਾਰੋ ਕੈਸੇ ਨੇ ਇਨਸਾਨ
ਹਰ ਕੋਈ ਅਪਣੇ ਸਿਰ 'ਤੇ ਚੁੱਕੀ ਫਿਰਦਾ ਕਬਰਿਸਤਾਨ

ਇਹ ਜੋ ਗੁੰਮ ਸੁੰਮ ਚਿਹਰੇ ਫਿਰਦੇ ਧਰਤੀ ਤੇ' ਦੀਦਾਰ'
ਵਕ਼ਤ ਆਉਣ ਤੇ ਇਹਨਾ ਸਿਰ ਤੇ ਚੁਕ ਲੈਣਾ ਅਸਮਾਨ

ਤੂੰ ਵੀ ਸੋਚ ਕੇ ਦੀਦਾਰ ਕਰੀਂ ਕਿਸੇ ਨਾਲ ਪਿਆਰ
ਗੱਲਾਂ ਕਰਦੇ ਨੇ ਲੋਕ ਹਟਬਾਣੀਆਂ ਦੇ ਵਾਂਗ

ਦੇਹਧਾਰੀ ਸੱਪਾਂ ਨੇ ਅੱਜ ਕਲ ਚਿਹਰੇ ਲਾ ਲਏ ਬੰਦਿਆ ਦੇ
ਦਿਲ ਦੀ ਬਰਮੀ ਅੰਦਰ ਹੱਥ ਹੈ ਸੋਚ ਸਮਝ ਕੇ ਪਾਈਦਾ

ਜੇ ਸੱਪ ਆਪੇ ਹੀ ਆਪਾਂ ਪਾਲ ਲਏ ਤਾਂ
ਕਿਵੇਂ ਦੀਵੇ ਜਗਣਗੇ ਫਿਰ ਘਰਾਂ ਵਿਚ

ਦੀਦਾਰ ਮਰਨ ਪਿੱਛੋਂ ਉੱਗਾਂਗਾ ਰੁੱਖ ਬਣ ਕੇ
ਧੁਪਾਂ ਦੇ ਮਾਰੇ ਇਸ ਥਾਂ ਦੋ ਪਲ ਠਹਿਰ ਕੇ ਜਾਣ
ਉਹ ਬੰਦਾ ਜੋ ਲੋਕਾਂ ਸਾਹਵੇਂ ਤਰਦਾ ਸੀ ਦਰਿਆ
ਸੁਣਿਆ ਰਾਤੀਂ ਅਪਣੇ ਆਪੇ ਵਿਚ ਹੀ ਗ਼ਰਕ ਗਿਆ

ਬਰਫ਼ਾਂ ਵਰਗੇ ਚਿਹਰਿਆਂ ਉੱਤੇ ਡੁੱਲੀ ਨਾ 'ਦੀਦਾਰ '
ਬਰਫ਼ਾਂ ਵਰਗੇ ਚਿਹਰੇ ਵੀ ਨੇ ਅੱਗਾਂ ਦੇ ਦਰਿਆ

ਮੁਲਕ ਚੁਰਾਸੀ ਦੇ ਵਿਚ ਪਾ ਕੇ ਤੁਰ ਚਲਿਆਂ ਏ ਕਮਬਖ਼ਤਾ
ਜਦ ਕਿਧਰੇ ਖਲਨਾਇਕ ਮਿਲਸੀ ਤੂੰ ਵੀ ਚੇਤੇ ਆਵੇਂਗਾ

ਸੱਚੇ ਸੁੱਚੇ ਬੋਲ ਨਾ ਬੋਲੀਂ ਸਿਧੀਆਂ ਸੋਚਾਂ ਸੋਚੀਂ ਨਾ
ਚਮਗਿੱਦੜਾਂ ਦੀ ਬਸਤੀ ਦੇ ਵਿਚ ਪੁੱਠਾ ਟੰਗਿਆ ਜਾਵੇਂਗਾ

ਸ਼ਹਿਰ ਤੇਰੇ ਦੇ ਸਭ ਵਿਦਿਆਲੇ ਪੁਲਸ-ਘਰਾਂ ਵਿਚ ਬਦਲ ਗਏ
ਲਾਠੀ -ਗੋਲੀ ਸਬਕ ਮਿਲੇਗਾ ਪੜ੍ਹਨ ਜਦੋਂ ਤੂੰ ਜਾਵੇਂਗਾ
ਮੇਰੇ ਘਰ ਦੇ ਬਾਰਾਂ ਬਾਲੇ ਤਿੰਨ ਕੰਧਾਂ ਦਰ ਦੱਖਣ ਨੂੰ
ਸਿਵਿਆਂ ਦੀ ਹੱਦ ਅੰਦਰ ਆ ਕੇ ਤੂੰ ਕਿੱਦਾਂ ਬਚ ਜਾਵੇਂਗਾ
-- -- --
ਪੈਰ ਪਾਟੇ, ਪੇਟ ਭੁੱਖੇ, ਸੋਚ ਸੁੰਨ, ਅਖੀਆਂ ਉਦਾਸ
ਮੁੜ ਪਏ ਕਾਮੇ ਘਰੀਂ ਕਰਕੇ ਕਮਾਈ ਦਿਨ ਢਲੇ
-- -- --
ਫੋਲ ਸੁਟਿਆ ਸਾਗਰਾਂ ਨੂੰ ਢੂੰਡ ਲਏ ਨੇ ਸਭ ਖਲਾਅ
ਦਿਲ 'ਚ ਬੈਠੇ ਸ਼ਖ਼ਸ ਦੇ ਪਰ ਭੇਤ ਨਾ ਪਾਏ ਗਏ
-- -- --
ਉੱਚੀਆਂ ਕੰਧਾਂ ਦੇ ਵੱਲ ਤੱਕਣ ਨਾ ਬੁਲਡੋਜ਼ਰ ਕਦੇ
ਜਦ ਵੇ ਢਾਏ ਢੱਠਿਆਂ ਦੇ ਢਾਰੇ ਹੀ ਢਾਏ ਗਏ
-- -- --
ਰਾਤ ਦਿਨ ਲਾ ਕੇ ਜਿਨ੍ਹਾਂ ਨੇ ਜਗਮਗਾਇਆ ਏਸ਼ੀਆਡ
ਹੈ ਗ਼ਜ਼ਬ ਕਿ ਘਰ ਉਨ੍ਹਾਂ ਦੇ ਕਿਉਂ ਨਾ ਰੁਸ਼ਨਾਏ ਗਏ
-- -- -
ਨਾਮ ਹੀ ਸੁਣਿਆ ਸੀ ਇਹਨਾ ਦਾ ਕਿਤੇ
ਉਂਜ ਨਹੀਂ ਯਾਰਾਂ ਬਹਾਰਾਂ ਦੇਖੀਆਂ
-- -- --
ਬੰਦਿਆਂ ਦੀ ਹੋਂਦ ਹੁੰਦੀ ਸੀ ਕਦੇ
ਹੁਣ ਤਾਂ ਸਾਰੇ ਬਣ ਗਏ ਨੇ ਕੁਰਸੀਆਂ
-- -- -- --
ਮਿੱਧਿਆ ਗਿਆ ਜੇ ਇਸ ਤਰ੍ਹਾਂ ਨਕਸ਼ਾ ਪੰਜਾਬ ਦਾ
ਫਿਰ ਵਰਕਾ ਵਰਕਾ ਹੋਏਗਾ ਸਾਰੀ ਕਿਤਾਬ ਦਾ
-- -- -- --
ਰਿਹਾਈ ਗੁਨਾਹਗਾਰਾਂ ਨੂੰ ਤੇ ਫਾਂਸੀ ਬੇਗੁਨਾਹਾਂ ਨੂੰ
ਬੜੇ ਮਨਹੂਸ ਇਹਨਾ ਮੁਨਸਫਾਂ ਦੇ ਫੈਸਲੇ ਦੇਖੇ
-- -- -- --
ਯਾਦ ਨਹੀਂ ਤੂੰ ਕੇਸ ਜਨਮ ਵਿਚ ਮਿਲਿਆ ਸੀ
ਹੋਇਆ ਸੀ ਦੀਦਾਰ, ਅਜੇ ਤਕ ਭੁੱਲਦਾ ਨਹੀਂ
-- -- -- -
ਜਿਸ ਤਰਫ਼ ਵੀ ਉਠਦੀ ਹੈ ਬਦਬਖ਼ਤ ਨਜ਼ਰ ਅਪਣੀ
ਉਸ ਤਰਫ਼ ਨਜ਼ਰ ਆਉਂਦੀ ਕਮਬਖ਼ਤ ਕਬਰ ਅਪਣੀ
-- -- -
'ਦੀਦਾਰ ' ਨਵੀਂ ਰੁੱਤ ਦਾ ਕੀ ਫ਼ਰਕ ਪਿਆ ਸਾਨੂੰ
ਜਿੱਦਾਂ ਦੀ ਸੀ ਸ਼ਾਮ ਅਪਣੀ ਓਦਾਂ ਦੀ ਸਹਿਰ ਅਪਣੀ

-- -- -- -
ਮੇਰੇ ਪਿੰਡ ਦੇ ਲੋਕਾਂ ਸੰਗ ਵੀ, ਖੰਬੇ ਕਰਨ ਮਜ਼ਾਕ
ਘਰ ਘਰ ਦੇ ਵਿਚ ਘੁਪ ਹਨੇਰਾ ਬਾਹਰ ਰੋਸ਼ਨੀਆਂ
-- -- -- -- -- --
ਯਾਰਾਂ ਦੀ ਮਹਿਫ਼ਲ ਵਿਚ ਜਾਣੈ ਠਹਿਰੀਂ ਰਤਾ ਕੁ ਯਾਰ
ਮੈਂ ਵੀ ਅਪਣੇ ਚਿਹਰੇ ਉੱਤੇ ਹਾਸਾ ਟੰਗ ਲਵਾਂ
-- -- -- -- --
ਰੱਬਾ ਹੁਣ ਤੂੰ ਰਹਿਮ ਕਰੀਂ ਨਾ ਸਾਡੇ ਤੇ
ਹੁਣ ਤੂੰ ਕਰ ਲੈ ਆਪਣਾ ਕੰਮ ਤਸੱਲੀ ਨਾਲ
-- -- -- -- -- -
ਪੀਹ ਪੀਹ ਕੇ ਵੀ ਖਾਵਾਂ ਪੀੜ ਤਾਂ ਮੁੱਕਣੀ ਨਈਂ
ਮੇਰੇ ਰੱਬ ਨੇ ਰਾਸ ਬਥੇਰੀ ਘੱਲੀ ਨਾਲ
-- -- -- -- --
ਅਸੀਂ ਪੁੱਛਿਆ ਦੀਦਾਰ ਦਾ ਮਸਾਣ ਸਾਨੂੰ ਬੋਲੇ
ਉਹ ਤੇ ਉਡ ਗਿਆ ਕਦੋਂ ਦਾ ਸੁਆਹ ਬਣ ਕੇ
-- -- -- -- -- --
ਚਮਚਾ-ਯੁਗ ਵਿਚ ਉਸਤਤ ਪਾਠ ਦੇ ਨੁਸਖੇ ਬਾਝ ਨਾ ਸਰਦਾ
ਪਰ ਮੈਂ ਕਿਹੜੀ ਐਨਕ ਲੈ ਕੇ ਇਸ ਦੇ ਅੱਖਰ ' ਠਾਲਾਂ' '
-- -- -- -- -- -
ਖ਼ਬਰੇ ਕੀਤੇ ਇਨਸਾਨੀਅਤ ਸਾਨੂੰ ਵੀ ਲੱਭ ਸਕੇ
ਪਾ ਕੇ ਸੁਮੇਰ ਪਰਬਤ ਸਾਗਰ ਹੰਘਾਲੀਏ
-- -- -- -- -
'ਦੀਦਾਰ ' ਹੋ ਜਾ ਤਿਆਰ ਤੂੰ ਹੁਣ ਚੁਕ ਲਟਾ ਪਟਾ
ਕਾਫੀ ਹੈ ਜੋ ਜੀਵਨ ਦਾ ਤੂੰ ਹਿੱਸਾ ਹੰਢਾ ਲਿਆ
-- -- -- -- --
ਏਦਾਂ ਚਰੂੰਡਿਆ ਹੈ ਗਿਰਝਾਂ ਗ਼ਮਾਂ ਦੀਆਂ ਨੇ
ਆਇਆ ਨਾ ਇਕ ਵੀ ਰੀਝ ਦੇ ਪਿੰਡੇ ਤੇ ਮਾਸ ਫੇਰ
-- -- -- -- --
ਭਾਵੇਂ ਤੇਰਾ ਖਿਆਲ ਤਾਂ ਭੁੱਲਿਆ ਹੈ ਦੇਰ ਤੋਂ
ਹਾਲੇ ਵੀ ਪਰ ਨਿਕਲਦਾ ਹੈ ਹਾਉਕਾ ਕਦੇ ਕਦੇ
-- -- -- -- -- -- -
ਕਫ਼ਨ ਚੁੱਕਿਆ, ਦੇਖਿਆ, ਇਹ ਕੌਣ ਹੈ
ਰੋ ਪਿਆ ਮੈਂ ਆਪਣਾ ਆਪ ਪਹਿਚਾਣ ਕੇ
-- -- -- -- -
ਉਸ ਦਿਨ ਤੋਂ ਹੀ ਇਹ ਦਿਨ ਕਾਲੇ ਲਗਦੇ ਨੇ
ਜਿਸ ਦਿਨ ਨੇ ਉਹ ਮੇਰਾ ਸੂਰਜ ਖੋਇਆ ਹੈ
-- -- -- --
ਤੂੰ ਜਾਵੇਂ ਤਾਂ ਮਰ ਜਾਂਦੇ ਨੇ ਗੀਤਾਂ ਵਰਗੇ ਹਾਸੇ

ਤੂੰ ਆਵੇਂ ਤਾਂ ਜੀ ਪੈਂਦੀ ਹੈ ਜਿੰਦੜੀ ਮੋਈ ਹੋਈ
-- -- -- -- --
ਇਹ ਸੱਚ ਹੈ ਕਿ ਸੱਚ ਬਦਲੇ ਸਿਰ ਧੜ ਤੋਂ ਜੁਦਾ ਹੋਣਾ
ਫਿਰ ਕਿਉਂ ਨਾ ਅਸੀਂ ਜਲਦੀ ਇਹ ਫਰਜ਼ ਅਦਾ ਕਰੀਏ
-- -- -- -- --
ਕਰਦਾ ਰਹੀਂ ਤੂੰ ਬੰਦਿਆ, ਬੁੱਤ ਚੋਂ ਖ਼ੁਦਾ ਦੀ ਭਾਲ
ਪਹਿਲਾਂ ਤੂੰ ਆਪਣੇ ਆਪ ਦੀ ਕਰ ਕੇ ਤਾਂ ਭਾਲ ਦੱਸ
-- -- -- -- --
ਸਿਆਲਕੋਟ ਹੋਵੇ ਜਾਂ ਚੰਬਾ ਇਕੋ ਗੱਲ ਹੈ ਯਾਰ
ਲੂਣਾ ਬਦਲੇ ਰਲ ਜਾਂਦੇ ਨੇ ਬਰਮਨ ਤੇ ਸਲਵਾਨ
-- -- -- -- -- --
ਹੰਢਾ ਕੇ ਜ਼ਿੰਦਗੀ ' ਦੀਦਾਰ ' ਮੈਂ ਸੋਚਾਂ ਖ਼ੁਦਾ ਮੇਰੇ
ਇਹ ਮੈਨੂੰ ਜ਼ਿੰਦਗੀ ਦਿੱਤੀ ਸੀ ਜਾਂ ਸਜ਼ਾ ਦਿੱਤੀ
-- -- -- -- -- -
ਦੋਸਤਾਂ ਦੇ ਹੁੰਦਿਆਂ ਕੀ ਦੁਸ਼ਮਣਾਂ ਦੀ ਲੋੜ ਹੈ
ਇਸ ਪੜਾ ਤੇ ਪੁਹੰਚ ਗਈ ਹੈ ਦੋਸਤਾਂ ਦੀ ਦੋਸਤੀ
-- -- -- -- -- --
ਹੁਣ ਤੇਰੇ 'ਦੀਦਾਰ ' ਦੇ ਗਿਣਵੇਂ ਹੀ ਦਿਨ ਨੇ ਦੋ ਚਾਰ
ਮਰਨ ਤੋਂ ਪਹਿਲਾਂ ਤਾਂ ਇਕ ਜਲਵਾ ਦਿਖਾ ਐ ਜ਼ਿੰਦਗੀ
-- -- -- -- -- -
ਜਾਣ ਦੇ ਐ ' ਦੀਦਾਰ ' ਮੌਤ ਦੀ ਝੋਲੀ ਵਿੱਚ
ਮਰ ਮਰ ਕੇ ਜੀਵਨ ਦਾ ਪੰਧ ਮੁਕਾਇਆ ਹੈ
-- -- -- -- --
ਯਾਰ ਦੇ ਦਰ ਤੇ ਝੁਕਾ ਕੇ ਸਰ ਅਸੀਂ
ਰੱਬ ਬਨਾਉਣਾ ਸੀ ਬਣਾ ਕੇ ਆ ਗਏ
-- -- -- -- -- -- -
ਨੈਣੀ ਨਾ ਨੂਰ ਜਿਸਦੇ ਦਿਲ ਵਿੱਚ ਦਇਆ ਨਾ ਹੋਵੇ
ਮਾਲਿਕ ਤੇਰੀ ਦੁਹਾਈ ਐਸਾ ਖ਼ੁਦਾ ਨਾ ਹੋਵੇ
-- -- -- -- -- -- -
ਉਹ ਦੁੱਖ ਦਰਦ ਕਿਹੜਾ ਜਾਣ ਜਬਰ ਜ਼ੁਲਮ ਕੋਈ
ਕਿਸਮਤ ਨੇ ਜਿਹੜਾ ਮੇਰੇ ਤੇ ਪਰਖਿਆ ਨਾ ਹੋਵੇ
-- -- -- -- -- -- -
ਜਬਰ ਤੋਂ ਸਬਰ ਤਕ ਦੇ ਹਾਮੀ ਰਹੇ ਸਾਰੇ
ਅਸੀਂ ਜਿਸ ਵੀ ਕਿਸੇ ਯੁੱਗ ਦੇ ਹੁਕਮਰਾਨਾਂ ਦੀ ਗੱਲ ਕਰੀਏ
-- -- -- -- -- -- -
ਤੁਰ ਗਏ ਦਿਲਾਂ ਦੇ ਜਾਨੀ ਹੁਣ ਕਿਸ ਖ਼ਾਤਿਰ ਜੀਣਾ
ਨਦੀ ਕਿਨਾਰੇ ਰੁੱਖੜਾ ਯਾਰੋ ਇਹ ਰੁੜਿਆ ਕਿ ਰੁੜਿਆ।

**- ਪ੍ਰੋ: ਦੀਦਾਰ ਸਿੰਘ ਦੀਦਾਰ**

# ਜਿਸ ਹਾਲ 'ਚ ਰੱਖੇ ਰੱਬ ਸੱਜਣਾ

ਜਿਸ ਹਾਲ 'ਚ ਰੱਖੇ ਰੱਬ ਸੱਜਣਾ
ਉਸ ਹਾਲ 'ਚ ਰਹਿਣਾ ਪੈਂਦਾ ਏ
ਉਹਦੇ ਹੁਕਮ ਬਿਨਾਂ, ਪੱਤਾ ਵੀ ਨਹੀਂ ਹਿੱਲਦਾ
ਤੇ ਉਹਦੇ ਹੁਕਮ 'ਚ ਰਹਿਣਾ ਪੈਂਦਾ ਏ
ਜਿਹੜਾ ਸਾਡੇ ਹਿੱਸੇ ਦਾ ਦੁੱਖ ਹੋਵੇ
ਉਹੋ ਸਾਨੂੰ ਹੀ ਸਹਿਣਾ ਪੈਂਦਾ ਏ
ਦੁੱਖਾਂ ਸੁੱਖਾਂ ਦਾ ਜੁੰਮਾ ਰੱਬ ਤੇ ਸੁੱਟਦੇ
ਤੇ ਉਹਨੂੰ ਫਿਕਰ ਸਭਨਾਂ ਦਾ ਰਹਿੰਦਾ ਏ
ਜਿਸ ਹਾਲ 'ਚ ਰੱਖੇ ਰੱਬ ਸੱਜਣਾ
ਉਸ ਹਾਲ 'ਚ ਰਹਿਣਾ ਪੈਂਦਾ ਹੈ।

ਇਹ ਪੈਸਾ ਕਿਸੇ ਦਾ ਸਕਾ ਨਹੀਂ
ਕੱਲ੍ਹ ਕਿਸੇ ਦਾ ਸੀ, ਅੱਜ ਤੇਰਾ ਏ
ਇਹ ਤਾਂ ਕਲਯੁੱਗ ਦੀ ਇਕ ਚਮਕ ਜਿਹੀ
ਅਸਲੀ ਤਾਂ ਇਹੋ ਹਨੇਰਾ ਏ
ਜਿਸ ਉਤੇ ਮਾਲਕ ਦੀ ਮਿਹਰ ਹੋ ਜਾਏ
ਉਹੋ ਸਰਬ ਸੰਤੋਖ ਵਿਚ ਰਹਿੰਦਾ ਏ
ਜਿਸ ਹਾਲ 'ਚ ਰੱਖੇ ਰੱਬ ਸੱਜਣਾ
ਉਸ ਹਾਲ 'ਚ ਰਹਿਣਾ ਪੈਂਦਾ ਏ।

ਜਿਹਨਾਂ ਦੌਲਤਾਂ ਤੇ ਕਰੇ ਗੁਮਾਨ ਬੰਦਿਆ
ਇਹ ਤਾਂ ਦੌਲਤਾਂ ਬੜੀਆਂ ਹੀ ਕੱਚੀਆਂ ਨੇ
ਦਾਨ ਪੁੰਨ ਤੇ ਨੇਕ ਕੰਮ ਕਰ ਲੈ
ਤੇ ਇਹੋ ਦੌਲਤਾਂ ਅਸਲੀ ਸੱਚੀਆਂ ਨੇ
ਤੇਰੇ ਹਿਸਾਬਾਂ ਕਿਤਾਬਾਂ ਨਾਲ ਕੁਝ ਨਹੀਂ ਬਣਨਾ
ਉਹਦੇ ਕੋਲ ਹਿਸਾਬ ਸਾਰਾ ਰਹਿੰਦਾ ਏ
ਜਿਸ ਹਾਲ 'ਚ ਰੱਖੇ ਰੱਬ ਸੱਜਣਾ
ਉਸ ਹਾਲ 'ਚ ਰਹਿਣਾ ਪੈਂਦਾ ਏ।

ਪੰਛੀਆਂ ਆਲ੍ਹਣੇ ਪਾਏ ਖੁੱਲ੍ਹੇ ਅਸਮਾਨ ਹੇਠਾਂ
ਤੇ ਹਨੇਰੀਆਂ, ਝੱਖੜਾਂ ਤੋਂ ਵੀ ਰਹਿੰਦੇ ਡਰਦੇ ਨੇ



ਚਾਰ ਦਾਣੇ ਜਦ ਖਾਣ ਨੂੰ ਮਿਲ ਜਾਂਦੇ
ਉਹ ਵੀ ਸ਼ੁੱਕਰ ਮਾਲਕ ਦਾ ਕਰਦੇ ਨੇ
ਸਭ ਤੋਂ ਉਤਮ ਜੀਵਨ ਬੰਦੇ ਨੂੰ ਦਿੱਤਾ
ਫੇ ਵੀ ਇਹ ਨਾ ਸ਼ੁੱਕਰਾ ਜਿਹਾ ਰਹਿੰਦਾ ਏ
ਜਿਸ ਹਾਲ 'ਚ ਰੱਖੇ ਰੱਬ ਸੱਜਣਾ
ਉਸ ਹਾਲ 'ਚ ਰਹਿਣਾ ਪੈਂਦਾ ਏ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰ ਲੈ
ਤੇ ਇਹ ਮਿਹਰਾਂ ਸਭ ਤੇ ਕਰਦੇ ਨੇ
ਘਰ ਗੁਰੂ ਦੇ ਘਾਟਾ ਨਹੀਂ ਕੋਈ
ਤੇ ਇਹ ਝੋਲੀਆਂ ਸਭ ਦੀਆਂ ਭਰਦੇ ਨੇ
ਆਕੜ, ਹੰਕਾਰ ਨਾਲ ਕੰਮ ਨਹੀਂ ਬਣਦਾ
ਗੁਰੂ ਅੱਗੇ ਤਾਂ ਝੁਕਣਾ ਪੈਂਦਾ ਏ
ਜਿਸ ਹਾਲ 'ਚ ਰੱਖੇ ਰੱਬ ਸੱਜਣਾ
ਉਸ ਹਾਲ 'ਚ ਰਹਿਣਾ ਪੈਂਦਾ ਏ।

ਇਹਨਾਂ ਸਾਹਾਂ ਦਾ ਕੀ ਭਰੋਸਾ 'ਧਾਮੀ'
ਇਕ ਆਇਆ, ਦੂਜਾ ਸ਼ਾਇਦ ਆਵੇ ਨਾ
ਬਾਣੀ ਪੜ੍ਹ ਲੈ, ਸੁਣ ਲੈ ਤੇ ਅਮਲ ਕਰ ਲੈ
ਤੇ ਦੇਖੀ ਵਕਤ ਕਿਤੇ ਬੀਤ ਜਾਵੇ ਨਾ
ਜਿਸ ਹਿਰਦੇ 'ਚ ਬਾਣੀ ਵੱਸ ਜਾਵੇ
ਉਹੋ ਹਿਰਦਾ ਨਿਰਮਲ ਰਹਿੰਦਾ ਏ
ਜਿਸ ਹਾਲ 'ਚ ਰੱਖੇ ਰੱਬ ਸੱਜਣਾ
ਉਸ ਹਾਲ 'ਚ ਰਹਿਣਾ ਪੈਂਦਾ ਏ।

**- ਜੁਗਿੰਦਰ ਸਿੰਘ 'ਧਾਮੀ'**
**(ਪਿੱਪਲਾਂਵਾਲੀਆ) 530-844-0987**

# ਕੰਸ ਤੇ ਕਨ੍ਹੱਈਆ ਕੁਮਾਰ



ਹਾਕਮ ਕਾਹਦੇ ਉਹ ਜਿੰਨ ਤੇ ਭੂਤ ਯਾਰੋ
ਸਾਂਝ ਤੋੜਦੇ ਆਪਸੀ ਕਾਲ਼ ਬਣਕੇ

ਥਾਹ ਪਾਉਣ ਲਈ ਇਨ੍ਹਾਂ ਦੇ ਕਾਰਿਆਂ ਦੀ
ਫਸਣਾ ਪਵੇਗਾ ਚੂਲ਼ ਵਿਚ ਫਾਲ਼ ਬਣਕੇ


ਦਾਣਾ ਸਾਬਤਾ ਰਹੇ ਤਾਂ ਉੱਗਦਾ ਏ
ਤਾਕਤ ਰਹੇ ਨਾ ਪਾਟਿਆਂ ਦਾਲ਼ ਬਣਕੇ

ਤੰਦਾਂ ਗਿਆਨ ਦੇ ਨਾਲ ਮਜ਼ਬੂਤ ਕਰੀਏ
ਥਾਂਹ ਥਾਂਹ 'ਲੱਗੀਏ' ਫਾਹਣ ਲਏ ਜਾਲ ਬਣਕੇ

ਢਾਹ ਕੇ ਢੇਰੀਆਂ ਸੋਚਾਂ ਵਿਚ ਪੈਣ ਨਾਲੋਂ
ਚਾਹੀਏ ਵੱਜਣਾ ਹਿੰਮਤ ਦੀ ਛਾਲ਼ ਬਣਕੇ

ਜੇਕਰ ਰੋਕਣੇ 'ਕੰਸ' ਦੇ ਕਾਰਨਾਮੇ
ਤੁਰੀਏ ਨਾਲ 'ਕਨ੍ਹੱਈਏ' ਦੇ ਢਾਲ ਬਣਕੇ!

**- ਤਰਲੋਚਨ ਸਿੰਘ 'ਦੁਪਾਲਪੁਰ'**
**001-408-915-1268**




ਜੇਕਰ ਤੁਸੀਂ ਮੈਨੂੰ ਬੁਰਕਾ ਪਵਾਕੇ
ਕੱਜਣਾ ਚਾਹੋ ਤਾਂ
ਕੀ ਮੇਰੀਆਂ ਛਾਤੀਆਂ ਦਾ ਗਰੂਰ
ਤੁਹਾਡਿਆਂ ਦੀਦਿਆਂ ਤੋਂ ਲੁਕ ਸਕੇਗਾ
ਜੇ ਤੁਸੀਂ ਮੈਨੂੰ ਦੋ ਬੁਰਕੇ ਪਵਾ ਦਿਓ
ਤਾਂ ਇਹ ਗਰੂਰ ਫੇਰ ਵੀ
ਤੁਹਾਡੀਆਂ ਨਜ਼ਰਾਂ ਤੋਂ ਲੁਕ ਨਹੀਂ ਸਕੇਗਾ
ਚਲੋ ਪਵਾਂਦੇ ਜਾਵੋ ਮੈਨੂੰ
ਥੱਲੇ ਉਤੇ ਕਈ ਵਸਤਰ
ਤੇ ਛੱਡ ਦਿਓ
ਮੇਰੀਆਂ ਅੱਖਾਂ ਸਿਰਫ ਇਹ ਵੇਖਣ ਲਈ
ਕਿ ਤੁਹਾਡੀਆ ਅੱਖਾਂ ਹੁਣ ਕੀ ਵੇਖ ਰਹੀਆਂ ਨੇ?


**-ਅਜਰਾ ਅਬਾਸ**

# ਇੰਡੋ-ਅਮੈਰਿਕਨ ਕਲਚਲ ਆਰਗੇਨਾਈਜੇਸ਼ਨ ਕੈਲੇਫੋਰਨੀਆ ਯੂ.ਐਸ.ਏ. ਵੱਲੋਂ ਕੋਟਿਨ-ਕੋਟਿ ਧੰਨਵਾਦ- ਪ੍ਰਧਾਨ ਸੁਰਿੰਦਰ ਬਿੰਦਰਾ

ਇੰਡੋ-ਅਮੈਰਿਕਨ ਕਲਚਰਲ ਆਰਗੇਨਾਈਜੇਸ਼ਨ ਕੈਲੇਫੋਰਨੀਆ ਯੂ. ਐਸ. ਏ. ਵੱਲੋਂ 8 ਅਕਤੂਬਰ ਨੂੰ ਕਰਵਾਇਆ 'ਮੇਲਾ ਗਦਰੀ ਬਾਬਿਆਂ ਦਾ' ਨੂੰ ਮਿਲੇ ਭਰਵੇਂ ਹੁੰਗਾਰੀ ਲਈ ਅਸੀਂ ਸਾਰੇ ਕਮੇਟੀ ਮੈਂਬਰ, ਉਹਨਾਂ ਸਾਰੇ ਵੀਰਾਂ-ਭੈਣਾਂ ਦਾ ਦਿਲੀ ਅਤੀ ਧੰਨਵਾਦੀ ਹਾਂ ਜਿਹਨਾਂ ਨੇ ਸਾਨੂੰ ਆਰਥਿਕ ਤੌਰ 'ਤੇ ਮੇਲੇ ਨੂੰ ਸਪਾਂਸਰ ਕੀਤਾ, ਲੰਗਰ ਲਗਾਏ ਗਏ, ਆਏ ਕਲਾਕਾਰਾਂ ਤੇ ਸਮੂਹ ਪਹੁੰਚੀਆਂ ਆਰਗੇਨਾਈਜੇਸ਼ਨਜ਼ ਤੇ ਦਰਸ਼ਕਾਂ ਨੇ ਸਮੁੱਚੇ ਢੰਗ ਨਾਲ ਹਾਜ਼ਰੀਆਂ ਲਗਾ ਕੇ ਗਦਰੀ ਬਾਬਿਆਂ ਨੂੰ ਨਮਸਕਾਰ ਕੀਤੀ ਤੇ ਸਾਡਾ, ਆਏ ਕਲਾਕਾਰਾਂ ਦਾ ਮਾਣ ਵਧਾਇਆ। ਇਹ ਸਭ ਆਪ ਸਭ ਭੈਣ-ਭਰਾਵਾਂ ਦੇ ਸਹਿਯੋਗ ਨਾਲ ਹੀ ਸੰਭਵ ਹੋ ਸਕਿਆ ਹੈ। ਉਮੀਦ ਹੈ ਤੁਸੀਂ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਕਰਦੇ ਰਹੋਗੇ ਤੇ ਸਾਡੀ ਵੀ ਕੋਸ਼ਿਸ਼ ਪੂਰੀ ਰਹੇਗੀ ਕਿ ਅਸੀਂ ਵੀ ਤੁਹਾਡੀਆਂ ਉਮੀਦਾਂ ਤੇ ਪੂਰੇ ਉਤਰ ਸਕੀਏ।











































ੴ ਪ੍ਰੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ

## ਜੁਗੋ ਜੁੱਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ

# ਸਿੱਖ ਟੈਂਪਲ ਗੁਰਦੁਆਰਾ, ਯੂਬਾ ਸਿਟੀ

## 2468 Tierra Buena Rd., Yuba City, CA 95993

## 38ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 5 ਨਵੰਬਰ 2017 ਦਿਨ ਐਤਵਾਰ



ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ, ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ

## ਪ੍ਰੋਗਰਾਮ ਦਾ ਵੇਰਵਾ:-

ਅਖੰਡ ਪਾਠ ਸਾਹਿਬ ਦੀ ਲੜੀ:-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 2 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 3 ਨਵੰਬਰ ਸ਼ੁਕਰਵਾਰ ਤੋਂ ਆਰੰਭ ਹੋ ਕੇ 5 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਨਵੇਂ ਟਾਇਮ ਮੁਤਾਬਿਕ ਭੋਗ ਪੈਣਗੇ ਜੀ।

**ਬੰਦੀ ਛੋੜ ਦਿਵਸ (ਦੀਵਾਲੀ) :-** ਅਕਤੂਬਰ 19 ਦਿਨ ਵੀਰਵਾਰ ਨੂੰ ਸ਼ਾਮ 6:00 ਵਜੇ ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ ਜੀ।

ਵਿਸ਼ੇਸ਼ ਕਵੀ ਦਰਬਾਰ :-21 ਅਕਤੂਬਰ ਦਿਨ ਸ਼ਨੀਵਾਰ ਨੂੰ ਰਾਤ 6 ਵਜੇ ਤੋਂ 10 ਵਜੇ ਵਿਸ਼ੇਸ਼ ਕਵੀ ਦਰਬਾਰ ਸਜਣਗੇ ਜੀ। 27,28,29 ਅਕਤੂਬਰ ਸ਼ੁਕਰਵਾਰ ਤੋਂ ਐਤਵਾਰ ਤੱਕ ਗਿਆਨੀ ਕੁਲਵੰਤ ਸਿੰਘ ਜੀ ਲੁਧਿਆਣੇ ਵਾਲੇ ਕਥਾ ਨਾਲ ਨਿਹਾਲ ਕਰਨਗੇ ਜੀ।

**ਬੱਚਿਆਂ ਦਾ ਵਿਸ਼ੇਸ ਕੀਰਤਨ ਦਰਬਾਰ:-** ਅਕਤੂਬਰ 28 ਦਿਨ ਸ਼ਨੀਵਾਰ ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ ਜੀ. ਇਸ ਵਿੱਚ ਬੱਚੇ ਰਾਗਾਂ ਵਿੱਚ ਕੀਰਤਨ ਕਰਨਗੇ।

**ਵਿਸ਼ੇਸ਼ ਢਾਢੀ ਦਰਬਾਰ :-** 31 ਅਕਤੂਬਰ ਦਿਨ ਮੰਗਲਵਾਰ ਨੂੰ ਰਾਤ 6 ਵਜੇ ਤੋਂ 10 ਵਜੇ ਤੱਕ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਕੇਹਰ ਸਿੰਘ ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਵਿਸ਼ੇਸ਼ ਢਾਡੀ ਦੀਵਾਨ ਸਜਣਗੇ ਜੀ।

**ਆਤਿਸ਼ਬਾਜੀ:-** ਨਗਰ ਕੀਰਤਨ ਦੀਆਂ ਖੁਸ਼ੀਆਂ ਵਿੱਚ 3 ਨਵੰਬਰ ਦਿਨ ਸ਼ੁਕਰਵਾਰ ਨੂੰ ਰਾਤ 8 ਵਜੇ ਆਤਿਸ਼ਬਾਜੀ ਹੋਵੇਗੀ ਜੀ.

ਅਮ੍ਰਿੰਤ ਸੰਚਾਰ:- 4 ਨਵੰਬਰ ਦਿਨ ਸ਼ਨੀਵਾਰ ਸਵੇਰੇ 5 ਵਜੇ ਅਮ੍ਰਿੰਤ ਸੰਚਾਰ ਅਰੰਭ ਹੋਵੇਗਾ ਅਮ੍ਰਿੰਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕੱਕਾਰ ਪ੍ਰਾਪਤ ਸਕਦੀਆ ਹਨ ਜੀ।

**ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ:-** ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 4 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਸਮੂਹ ਸੰਗਤ ਵੱਲੋਂ ਹੋਵੇਗੀ ਜੀ।

**ਵਿਸ਼ੇਸ਼ ਸਮਮਾਨ ਸਮਾਰੋਹ:-** ਸਵੇਰੇ 11 ਵਜੇ ਸਮੂਹ ਸਾਧ ਸੰਗਤ ਵੱਲੋਂ ਪੰਥ ਦੀ ਸਿਰਮੋਰ ਹਸਤੀ ਸ.ਦੀਦਾਰ ਸਿੰਘ ਬੈਂਸ ਦਾ ਗੋਲਡ ਮੈਡਲ (GOLD MEDAL) ਨਾਲ ਸਨਮਾਨ ਕੀਤਾ ਜਾਵੇਗਾ, ਉਪਰੰਤ ਹੋਰਨਾਂ ਪਤਵੰਤੇ ਸੱਜਣਾ ਦਾ ਵੀ ਸਨਮਾਨ ਕੀਤਾ ਜਾਵੇਗਾ।

**ਲੈਕਚਰ ਸ਼ੈਸ਼ਨ :-** ਨਵੰਬਰ 4 ਦਿਨ ਸ਼ਨੀਵਾਰ ਨੂੰ ਮੇਨ ਹਾਲ ਵਿੱਚ ਬਾਅਦ ਦੁਪਿਹਰ 1 ਵਜੇ ਤੋਂ 4 ਵਜੇ ਤੱਕ ਲੈਕਚਰ ਸ਼ੈਸ਼ਨ ਹੋਵੇਗਾ,ਜਿਸ ਵਿੱਚ ਹੋਰਨਾਂ ਬੁਲਾਰਿਆਂ ਤੋਂ ਇਲਾਵਾ ਵਿਸ਼ੇਸ਼ ਸੱਦੇ ਤੇ ਇੰਡੀਆ ਤੋਂ ਡਾ.ਹਰਸ਼ਿੰਦਰ ਕੋਰ ਅਤੇ ਇੰਗਲੈਂਡ ਤੋਂ ਪਹੁੰਚ ਰਹੇ ਡਾ.ਇਕਤਿਦਾਰ ਕਰਾਮਤ ਚੀਮਾ ਵੀ ਹਿੱਸਾ ਲੈਣਗੇ।

**ਰੈਣ ਸਬਾਈ ਕੀਰਤਨ:-** 4 ਨਵੰਬਰ ਸ਼ਨੀਵਾਰ ਨੂੰ ਰੈਣ ਸਬਾਈ ਕੀਰਤਨ ਸ਼ਾਮ 6.00 ਵਜੇ ਤੋਂ ਰਾਤ 1.00 ਵੱਜੇ ਤੱਕ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜੱਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ ਜੀ।

### ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ

(1) ਭਾਈ ਮਨਜੀਤ ਸਿੰਘ ਜੀ ਪਠਾਨਕੋਟ ਵਾਲੇ, ਭਾਈ ਹਰਚਰਨ ਸਿੰਘ ਜੀ ਖਾਲਸਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅਮ੍ਰਿੰਤਸਰ ਸਾਹਿਬ,ਭਾਈ ਮਨੋਹਰ ਸਿੰਘ ਜੀ ਦਿੱਲੀ ਵਾਲੇ ਹਜ਼ੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਢੀ ਜੱਥਾ, ਭਾਈ ਮਹਿਲ ਸਿੰਘ ਜੀ ਦਾ ਕਵੀਸ਼ਰੀ ਜੱਥਾ ਆਪ ਸਮੂਹ ਸਾਧ ਸੰਗਤ ਨੂੰ ਨਿਹਾਲ ਕਰਨ ਲਈ ਪਹੁੰਚ ਰਹੇ ਹਨ ਜੀ।

ਨੋਟ:- ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ,ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ ਤੇ ਹੀ ਕੀਤੀ ਜਾਵੇ ਜੀ.ਹੈਂਡੀਕੈਪਡ ਵਾਸਤੇ ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਜੀ। ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ।

### ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ ਜੀ

ਹੈਡ ਗ੍ਰੰਥੀ ਭਾਈ ਸਾਹਿਬ ਸਿੰਘ ਜੀ:- 530-673-9918, ਚੇਅਰਮੈਨ ਨਗਰ ਕੀਰਤਨ ਸ. ਗੁਰਨਾਮ ਸਿੰਘ ਪੰਮਾ 530-682-6444, ਸ: ਬਲਬੀਰ ਸਿੰਘ ਸੋਹਲ ਪ੍ਰਧਾਨ 530-682-9300, ਸ. ਬਲਰਾਜ ਸਿੰਘ ਢਿਲੋਂ ਸੀਨੀਅਰ ਵਾਈਸ ਪ੍ਰਧਾਨ 530-682-3979, ਸ. ਦਲਵੀਰ ਸਿੰਘ ਗਿੱਲ ਵਾਈਸ ਪ੍ਰਧਾਨ 530-713-4256, ਸ: ਹਰਮਨਦੀਪ ਸਿੰਘ ਸੰਧੂ ਸੈਕਟਰੀ 530-632-2899, ਸ. ਗੁਰਮੇਜ ਸਿੰਘ ਗਿੱਲ ਸੀਨੀਅਰ ਵਾਈਸ ਸੈਕਟਰੀ 530-681-3112 ਸ. ਪਲਵਿੰਦਰ ਸਿੰਘ ਮਾਹੀ ਵਾਈਸ ਸੈਕਟਰੀ 530-237-7084, ਸ: ਸੁਖਵਿੰਦਰ ਸਿੰਘ, ਖਜਾਨਚੀ 530-713-2805, ਸ. ਹਰਭਜਨ ਸਿੰਘ ਢੇਰੀ ਸੀਨੀਅਰ ਵਾਈਸ ਖਜਾਨਚੀ 530-755-6011 ਸ. ਹਰਨਰਿੰਦਰਪਾਲ ਸਿੰਘ ਵਾਈਸ ਖਜਾਨਚੀ 530-682-2911